ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੫੨ ਜੁਲਾਈ 2020

ਜਿਲਦ ੬੪ (Vol. 64) ਅੰਕ ੪ (Issue 4)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਵਚਨ : | | |
| ਪਾਰ-ਸੰਪਰਦਾਇਕ ਅੰਤਰਦ੍ਰਿਸ਼ਟੀ | -ਡਾ. ਚਮਕੌਰ ਸਿੰਘ | ੧੦ |
| ਮਹਿਮਾ ਛੇਵੇਂ ਸਤਿਗੁਰ ਦੀ | -ਡਾ. ਦੇਵਿੰਦਰ ਸਿੰਘ ਵਿਦਿਆਰਥੀ | ੧੭ |
| ਰੋੜਾ ਰਸਤੇ ਦੇ ਵਿੱਚੋਂ ਉਠਾਲ ਸੁੱਟੀਂ. . . (ਕਵਿਤਾ) | -ਕਵੀਸ਼ਰ ਮਲਕੀਤ ਸਿੰਘ ਵਰਪਾਲ | ੨੫ |
| ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ | -ਡਾ. ਪਰਮਵੀਰ ਸਿੰਘ | ੨੬ |
| ਸਭ ਦੂ ਵਡੇ ਭਾਗ ਗੁਰਸਿਖਾ ਕੇ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੦ |
| ਪੰਜਾਬ-ਪੰਜਾਬੀਆਂ ਦੀ ਦੁਰਦਸ਼ਾ ਦੀ ਦਾਸਤਾਨ | -ਡਾ. ਰੂਪ ਸਿੰਘ | ੪੧ |
| ਅਦੁੱਤੀ ਸ਼ਹਾਦਤ ਭਾਈ ਮਨੀ ਸਿੰਘ ਜੀ | -ਸ੍ਰੀ ਸੋਹਨ ਲਾਲ | ੪੭ |
| ਸ਼ਹੀਦ ਭਾਈ ਤਾਰੂ ਸਿੰਘ ਜੀ | -ਸਿਮਰਜੀਤ ਸਿੰਘ | ੫੩ |
| ਭਾਈ ਤਾਰੂ ਸਿੰਘ (ਕਵਿਤਾ) | -ਸ੍ਰੀ ਰਵਿੰਦਰ ਨਾਥ ਟੈਗੋਰ | ੬੫ |
| ਵਾਰ ਮਾਝ ਵਿਚ ਨੈਤਿਕ ਤੇ ਰਾਜਨੀਤਿਕ ਚੇਤਨਾ | -ਡਾ. ਰਾਜਿੰਦਰ ਸਿੰਘ ਕੁਰਾਲੀ | ੬੬ |
| ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ | | |
| ਜੈਤਸਰੀ ਕੀ ਵਾਰ ਦਾ ਰਸ ਵਿਧਾਨ | -ਡਾ. ਜਸਕਿਰਨ ਕੌਰ | ੭੧ |
| ਭਾਈ ਗੁਰਦਾਸ ਅਧਿਐਨ ਵਿਚ | | |
| ਭਾਈ ਵੀਰ ਸਿੰਘ ਜੀ ਦਾ ਯੋਗਦਾਨ | -ਸ. ਜਤਿੰਦਰ ਪਾਲ ਸਿੰਘ | ੭੬ |
| ਪੁਸਤਕ ਰੀਵਿਊ | | ੯੦ |
| ਕੌਣ ਆਖੇ ਸਰਦਾਰ ? (ਕਵਿਤਾ) | -ਸ. ਜਸਵੰਤ ਸਿੰਘ 'ਖਡੂਰ ਸਾਹਿਬ' | ੯੩ |
| ਖ਼ਬਰਨਾਮਾ | | ੯੫ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੮ |

# ਗੁਰਬਾਣੀ ਵਿਚਾਰ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਸਾਉਣ ਮਹੀਨੇ ਦੀ ਵਰਖਾ ਦੀ ਰੁੱਤ ਤੇ ਇਸ ਨਾਲ ਸੰਬੰਧਿਤ ਬਿੰਬਾਵਲੀ ਰਾਹੀਂ ਜੀਵ ਦੇ ਪਰਮਾਤਮਾ ਰੂਪੀ ਪਤੀ ਨਾਲ ਸਦੀਵੀ ਮਿਲਾਪ ਕਰਨ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਉਣ ਮਹੀਨੇ ਦੀ ਰੁੱਤ ਇੰਨੀ ਰਸ ਵਾਲੀ ਤੇ ਹਰੀ-ਭਰੀ ਹੈ ਕਿ ਇਸ ਵਿਚ ਮਨੁੱਖ-ਮਾਤਰ ਰੂਪੀ ਜੀਵ-ਇਸਤਰੀ ਦਾ ਪਤੀ-ਪਰਮਾਤਮਾ ਨਾਲ ਸਹਿਜੇ ਹੀ ਪਿਆਰ ਬਣ ਜਾਂਦਾ ਹੈ। ਇਸ ਵਿਚ ਉਸ ਦਾ ਮਨ ਅਤੇ ਸਰੀਰ ਭਾਵ ਉਸ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਰੰਗ ਵਿਚ ਰੰਗੀਜ ਕੇ ਉਸ ਦੇ ਸਦੀਵੀ ਜੀਵਨ ਪ੍ਰਦਾਨ ਕਰਨ ਵਾਲੇ ਨਾਮ ਨੂੰ ਆਪਣਾ ਇੱਕੋ-ਇੱਕ ਆਸਰਾ ਬਣਾ ਲੈਂਦਾ ਹੈ। ਜੀਵ-ਇਸਤਰੀ ਨੂੰ ਨਿਰੋਲ ਸੰਸਾਰਿਕਤਾ ਝੂਠੀ ਮਹਿਸੂਸ ਹੋਣ ਲੱਗਦੀ ਹੈ ਤੇ ਇਸ ਸੰਸਾਰ ਦੇ ਮਨ ਨੂੰ ਮੋਹ ਲੈਣ ਵਾਲੇ ਪਦਾਰਥ ਤੇ ਧਨ-ਦੌਲਤ ਆਦਿ ਕਿਸੇ ਕੰਮ ਨਾ ਆ ਸਕਣ ਵਾਲੇ ਦਿੱਸਣ ਲੱਗਦੇ ਹਨ। ਉਸ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਤੁਪਕਾ ਹੀ ਸੱਚੇ ਗੁਰੂ ਨੂੰ ਮਿਲ ਕੇ ਪੀਣ ਦੇ ਯੋਗ ਹੈ। ਉਸ ਨੂੰ ਇਹ ਅਨੁਭੂਤੀ ਵੀ ਹੋ ਜਾਂਦੀ ਹੈ ਕਿ ਸਾਰੀ ਬਨਸਪਤੀ ਮਾਲਕ ਪਰਮਾਤਮਾ ਨਾਲ ਜੁੜ ਕੇ ਹੀ ਵਿਗਸਦੀ-ਮਹਿਕਦੀ ਹੈ, ਇਹ ਅਸੀਮ ਸਮਰੱਥਾ ਉਸ ਅਕਾਲ ਪੁਰਖ ਦੀ ਹੀ ਹੈ ਸਾਉਣ ਦੀ ਸੁਹਾਵਣੀ ਰੁੱਤ ਵਿਚ ਜੀਵ-ਇਸਤਰੀ ਦਾ ਮਨ ਤਾਂ ਮਾਲਕ ਨੂੰ ਮਿਲਣ ਵਾਸਤੇ ਤਾਂਘ ਰੱਖਦਾ ਹੈ ਐਪਰ ਆਪਣੀ ਮਿਹਰ ਕਰ ਕੇ ਆਪਣੇ ਨਾਲ ਮਿਲਾਉਣ ਵਾਲਾ ਉਹ ਮਾਲਕ ਆਪ ਹੀ ਹੈ। ਮੈਂ ਜੀਵ-ਇਸਤਰੀ ਆਪਣੀਆਂ ਉਨ੍ਹਾਂ ਸਹੇਲੀਆਂ ਤੋਂ ਵਾਰੇ-ਬਲਿਹਾਰੇ ਜਾਂਦੀ ਹਾਂ ਜਿਨ੍ਹਾਂ ਸਾਉਣ ਦੀ ਸੁਹਾਵਣੀ ਬਹਾਰ ਦਾ ਲਾਹਾ ਲੈਂਦਿਆਂ ਮਾਲਕ ਨੂੰ ਹਾਸਲ ਕਰ ਲਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਿਲਾਪ ਦੀ ਤਾਂਘ ਰੱਖਣ ਵਾਲੀ ਜੀਵ-ਇਸਤਰੀ ਬੇਨਤੀ ਜੋਦੜੀ ਕਰਦੀ ਹੈ ਕਿ ਹੇ ਮਾਲਕ ਜੀਓ, ਕਿਰਪਾ ਬਖ਼ਸ਼ਿਸ਼ ਕਰੋ, ਮੈਨੂੰ ਗੁਰ-ਸ਼ਬਦ ਦੁਆਰਾ ਸੁਆਰ ਲਵੋ ਕਿਉਂਕਿ ਇਕ ਗੁਰੂ-ਸ਼ਬਦ ਹੀ ਹੈ ਜੋ ਜਗਿਆਸੂ ਨੂੰ ਸੁਆਰਨ ਵਾਲਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੇ ਆਪਣੇ ਹਿਰਦੇ ਰੂਪੀ ਗਲ਼ ਵਿਚ ਮਾਲਕ ਪਰਮਾਤਮਾ ਦੀ ਯਾਦ ਰੂਪੀ ਸੱਚੇ ਨਾਮ ਦਾ ਹਾਰ ਪਹਿਨ ਲਿਆ ਹੈ, ਸਾਉਣ ਦਾ ਮਹੀਨਾ ਸਹੀ ਅਰਥਾਂ ਵਿਚ ਉਨ੍ਹਾਂ ਦੀ ਮਾਲਕ ਨਾਲ ਇਕਮਿਕਤਾ ਬਣਾਉਣ 'ਚ ਸਹਾਈ ਹੁੰਦਾ ਹੈ। ■

ਸੰਪਾਦਕੀ...

# ਭਾਰਤ ਵਿਚ ਨਹੀਂ ਰੁਕ ਰਹੀ ਸਿੱਖਾਂ ਨਾਲ ਧੱਕੇਸ਼ਾਹੀ

*ਦੇਸ਼ ਦੀ ਅਜ਼ਾਦੀ ਤੋਂ ਲੈ ਕੇ ਹੁਣ ਤਕ ਭਾਰਤ ਸਰਕਾਰ ਸਿੱਖਾਂ ਨਾਲ ਧੱਕਾ ਕਰਦੀ ਆਈ ਹੈ। ਕਦੇ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਧੱਕਾ, ਕਦੇ ਪੰਜਾਬ ਦੇ ਪਾਣੀਆਂ ਦੀ ਵੰਡ ਨੂੰ ਲੈ ਕੇ ਧੱਕਾ, ਕਦੇ ਪੰਜਾਬੀ ਬੋਲਦੇ ਇਲਾਕਿਆਂ ਦੀ ਵੰਡ ਦਾ ਧੱਕਾ ਆਦਿ। ਪਰ ਪਿਛਲੇ ਕੁਝ ਪੰਜ-ਛੇ ਸਾਲਾਂ ਤੋਂ ਦੇਸ਼ ਅੰਦਰ ਬਹੁਤ ਹੀ ਸੋਚੀ ਸਮਝੀ ਸਾਜ਼ਿਸ਼ ਤਹਿਤ ਦੇਸ਼ ਦੇ ਵੱਖ-ਵੱਖ ਸੂਬਿਆਂ ਅੰਦਰ ਸਿੱਖਾਂ ਨੂੰ ਉਜਾੜਨ ਦੀ ਮਨਸ਼ਾ ਨਾਲ ਸਿੱਖਾਂ ਦੀਆਂ ਕਲੋਨੀਆਂ ਅਤੇ ਜ਼ਮੀਨਾਂ ਉੱਪਰ ਕਬਜ਼ਾ ਕਰਨ ਦੀਆਂ ਕਾਰਵਾਈਆਂ ਜ਼ੋਰ ਫੜਦੀਆਂ ਜਾ ਰਹੀਆਂ ਹਨ।*

*ਪਿਛਲੇ ਮਹੀਨਿਆਂ ਵਿਚ ਸਰਕਾਰਾਂ ਵੱਲੋਂ ਪਹਿਲਾਂ ਗੁਜਰਾਤ ਫਿਰ ਮੱਧ ਪ੍ਰਦੇਸ਼ ਵਿਚ ਸਿੱਖਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾ ਕੇ ਫ਼ਸਲਾਂ ਵਾਹ ਕੇ ਉਜਾੜਨ ਦੀ ਕੋਸ਼ਿਸ਼ ਕੀਤੀ ਗਈ। ਕੁਝ ਮਹੀਨੇ ਪਹਿਲਾਂ ਉਤਰਾਖੰਡ ਦੇ ਪਿੰਡ ਗੁਲਾਣੀ ਤਹਿਸੀਲ ਖਟੀਮਾ, ਜ਼ਿਲ੍ਹਾ ਊਧਮ ਸਿੰਘ ਨਗਰ ਵਿਚ ੪੦-੪੫ ਪਰਵਾਰਾਂ ਦੀ ਸਵਾ ਸੌ ਏਕੜ ਜ਼ਮੀਨ ਵਿਚ ਪੱਕੀ ਹੋਈ ਕਣਕ ਧੱਕੇ ਨਾਲ ਵੱਢ ਲਈ।*

*ਹੁਣ ਪਿਛਲੇ ਦਿਨੀਂ ਸੋਸ਼ਲ ਮੀਡੀਆ ਉੱਪਰ ਇੱਕੋ ਦਿਨ ਦੋ ਖ਼ਬਰਾਂ ਘੁੰਮ ਰਹੀਆਂ ਸਨ। ਇੱਕ ਖ਼ਬਰ ਸੀ ਵਿਦੇਸ਼ ਦੀ, ਜਿਸ ਵਿਚ ਨਿਊਜ਼ੀਲੈਂਡ ਦੀ ਸਰਕਾਰ ਨੇ ਕੋਰੋਨਾ ਮਹਾਂਮਾਰੀ ਦੌਰਾਨ ਤਾਲਾਬੰਦੀ ਸਮੇਂ ਸਿੱਖਾਂ ਦੁਆਰਾ ਕੀਤੀ ਗਈ ਮਨੁੱਖਤਾ ਦੀ ਸੇਵਾ ਬਦਲੇ ਨਿਊਜ਼ੀਲੈਂਡ ਪਾਰਲੀਮੈਂਟ ਵਿਚ ਸਿੱਖ ਭਾਈਚਾਰੇ ਦਾ ਧੰਨਵਾਦ ਕੀਤਾ ਜਦਕਿ ਦੂਸਰੀ ਵੀਡੀਓ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਸਿੱਖਾਂ ਦੇ ਉਜਾੜੇ ਦੀ ਸੀ। ਇਸ ਦੂਸਰੀ ਵੀਡਿਓ ਵਿਚ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਸਿੱਖ ਸੰਗਠਨ ਦੇ ਪ੍ਰਧਾਨ ਸ. ਜਸਵੀਰ ਸਿੰਘ ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਦੁਆਰਾ ਸਿੱਖਾਂ ਦੇ ਉਜਾੜੇ ਦੀ ਵਿੱਥਿਆ ਬਿਆਨ ਕਰ ਰਹੇ ਸਨ। ਆਪਣੇ ਦੇਸ਼ ਭਾਰਤ ਦੇ ਸੂਬੇ ਉੱਤਰ ਪ੍ਰਦੇਸ਼ ਦੇ ੨ ਪਿੰਡਾਂ ਚੰਪਤਪੁਰ, ਤਹਿਸੀਲ ਨਗੀਨਾ, ਜ਼ਿਲ੍ਹਾ ਬਿਜਨੌਰ ਅਤੇ ਪਿੰਡ ਰਨ ਨਗਰ, ਤਹਿਸੀਲ ਨਿਗਾਸਨ, ਜ਼ਿਲ੍ਹਾ ਲਖੀਮਪੁਰ ਖੀਰੀ ਵਿਚ ਕਈ ਸਾਲਾਂ ਤੋਂ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਤਕਰੀਬਨ ੫੦੦-੬੦੦ ਪਰਵਾਰਾਂ ਨੂੰ ਉਜਾੜਨ ਦੀ ਮਨਸ਼ਾ ਨਾਲ ਉੱਤਰ ਪ੍ਰਦੇਸ਼ ਵਿਚ ਮੁੱਖ ਮੰਤਰੀ ਆਦਿਤਿਯ ਨਾਥ ਯੋਗੀ ਦੀ ਭਾਜਪਾ ਸਰਕਾਰ ਨੇ ੫੦ ਦੇ ਕਰੀਬ ਟਰੈਕਟਰ ਅਤੇ ਬਹੁਤ ਸਾਰੀਆਂ ਜੇ. ਸੀ. ਬੀ. ਮਸ਼ੀਨਾਂ ਲੈ ਕੇ ਸਿੱਖਾਂ ਦੀ ਹਜ਼ਾਰਾਂ ਏਕੜ ਵਿਚ ਖੜੀ ਫ਼ਸਲ ਵਾਹ ਕੇ ਬਰਬਾਦ ਕਰ ਦਿੱਤੀ ਅਤੇ ਜ਼ਮੀਨ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਅੱਗੇ ਸਿੱਖਾਂ ਦੁਆਰਾ ਵਿਰੋਧ ਕਾਰਨ 'ਤੇ*

ਉਨ੍ਹਾਂ ਘਰਾਂ ਅੰਦਰ ਵੜ ਕੇ ਇਸਤਰੀਆਂ ਨਾਲ ਬਦਸਲੂਕੀ ਕੀਤੀ। ਦੇਸ਼ ਦੇ ਬਟਵਾਰੇ ਤੋਂ ਬਾਅਦ ਜਦੋਂ ੧੯੫੦-੫੫ ਈ. ਵਿਚ ਸਿੱਖਾਂ ਨੇ ਇੱਥੇ ਆ ਕੇ ਜ਼ਮੀਨਾਂ ਖਰੀਦੀਆਂ ਤਾਂ ਉਸ ਸਮੇਂ ਦੀ ਸਰਕਾਰ ਨੇ ਨਾਲ ਲੱਗਦੀਆਂ ਕੁਝ ਬੰਜਰ ਜ਼ਮੀਨਾਂ ਵਾਹੁਣ ਦੀ ਜ਼ੁਬਾਨੀ ਆਗਿਆ ਦੇ ਦਿੱਤੀ। ਉਦੋਂ ਤੋਂ ਉਕਤ ਪਿੰਡਾਂ ਦੇ ਸਿੱਖ ਇਹ ਜ਼ਮੀਨਾਂ ਵਾਹੁੰਦੇ ਆ ਰਹੇ ਸਨ। ਸਰਕਾਰ ਨੇ ਇਹ ਜ਼ਮੀਨ ਜੰਗਲਾਤ ਮਹਿਕਮੇ ਦੀ ਦੱਸ ਕੇ ਸਿੱਖਾਂ ਦੀ ਖੜੀ ਫ਼ਸਲ ਧੱਕੇ ਨਾਲ ਵਾਹ ਦਿੱਤੀ। ਇਸ ਤੋਂ ਪਹਿਲਾਂ ਸਿੱਖਾਂ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਕਿਹਾ ਕਿ ਸਾਨੂੰ ਦੋ-ਤਿੰਨ ਮਹੀਨੇ ਦਾ ਸਮਾਂ ਦੇ ਦਿਓ ਅਸੀਂ ਅਦਾਲਤੀ ਕਾਰਵਾਈ ਰਾਹੀਂ ਕਾਗਜ਼-ਪੱਤਰ ਤਿਆਰ ਕਰਵਾ ਕੇ ਆਪਣਾ ਪੱਖ ਸਪੱਸ਼ਟ ਕਰ ਸਕੀਏ, ਪਰ ਹਕੂਮਤ ਨੇ ਇੱਕ ਨਾ ਮੰਨੀ। ਇਹ ਸਾਰਾ ਮੰਜ਼ਰ ਉਸ ਸਮੇਂ ਵਾਪਰਿਆ ਜਦੋਂ ਸਾਰਾ ਮੁਲਕ ਕੋਰੋਨਾ ਮਹਾਂਮਾਰੀ ਨਾਲ ਜੂਝ ਰਿਹਾ ਸੀ। ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਨਾਗਰਿਕਾਂ ਲਈ ਹਰ ਪ੍ਰਕਾਰ ਦੀ ਆਰਥਿਕ ਮਦਦ ਕਰ ਰਹੀਆਂ ਸਨ। ਪੂਰੀ ਦੁਨੀਆ ਵਿਚ ਸਿੱਖਾਂ ਦੁਆਰਾ ਲੰਗਰ ਲਗਾ ਕੇ ਮਨੁੱਖਤਾ ਦੀ ਸੇਵਾ ਕੀਤੀ ਜਾ ਰਹੀ ਸੀ। ਉਸੇ ਸਮੇਂ ਇਸ ਭਾਰਤ ਦੇਸ਼ ਅੰਦਰ ਫਿਰਕੂ ਸੋਚ ਦੀ ਧਾਰਨੀ ਸਰਕਾਰ ਦੁਆਰਾ ਸਿੱਖਾਂ ਨੂੰ ਉਜਾੜ ਕੇ ਖਾਨਾਬਦੋਸ਼ ਬਣਾਉਣ ਦਾ ਸ਼ਰਮਨਾਕ ਵਰਤਾਰਾ ਚੱਲ ਰਿਹਾ ਸੀ।

੧੯੪੭ ਈ. ਦੇ ਬਟਵਾਰੇ ਤੋਂ ਬਾਅਦ ਸਿੱਖਾਂ ਨੂੰ ਜਦੋਂ ਉੱਤਰ ਪ੍ਰਦੇਸ਼ ਦੇ ਬੇ-ਆਬਾਦ ਇਲਾਕਿਆਂ ਵਿਚ ਬੰਜਰ ਪਈਆਂ ਜ਼ਮੀਨਾਂ ਅਲਾਟ ਹੋਈਆਂ ਜਾਂ ਸਿੱਖਾਂ ਨੇ ਖਰੀਦੀਆਂ, ਉਸ ਸਮੇਂ ਬਲਦਾਂ ਦੀ ਖੇਤੀ ਹੁੰਦੀ ਸੀ। ਸਿੱਖਾਂ ਨੇ ਕੁੱਕੜ ਦੀ ਬਾਂਗ ਨਾਲ ਉੱਠ ਕੇ ਹਲ਼-ਪੰਜਾਲੀਆਂ ਜੋ ਲੈਣੀਆਂ। ਘੁਸਮੁਸੇ ਵਿਚ ਸੱਪਾਂ ਦੀਆਂ ਸਿਰੀਆਂ ਮਿਧਦਿਆਂ ਜ਼ਮੀਨਾਂ ਵਾਹੁਣੀਆਂ ਸ਼ੁਰੂ ਕਰ ਦੇਣੀਆਂ। ਜਦੋਂ ਢੱਗਿਆਂ ਨੇ ਥੱਕ ਜਾਣਾ ਤਾਂ ਜੋਗ ਬਦਲ ਲੈਣੀ, ਪਰ ਸਿੱਖਾਂ ਨੇ ਨਾ ਥੱਕਣਾ ਕਿਉਂਕਿ ਪਾਕਿਸਤਾਨ ਤੋਂ ਉੱਜੜ ਕੇ ਸਿਰਫ ਤਨ ਦੇ ਕੱਪੜਿਆਂ ਨਾਲ ਖਾਲੀ ਹੱਥੀਂ ਆਇਆਂ ਸਾਹਮਣੇ ਪੈਰ ਜਮਾਉਣ ਲਈ ਭਾਰੀ ਔਕੜਾਂ ਸਨ। ਉੱਚੀਆਂ-ਨੀਵੀਆਂ ਪੈਲੀਆਂ ਢੱਗਿਆਂ ਦੇ ਕਰਾਹੇ ਜਿਸ ਵਿਚ ਲਿਫਟ ਦਾ ਕੰਮ ਹੱਥਾਂ ਨਾਲ ਕਰਨਾ ਪੈਂਦਾ ਸੀ, ਰਾਹੀਂ ਗੜਵਿਆਂ ਦੇ ਹਿਸਾਬ ਨਾਲ ਮੁੜਕਾ ਵਹਾ ਕੇ ਇਹ ਜ਼ਮੀਨਾਂ ਪੱਧਰੀਆਂ (ਸਮਤਲ) ਕੀਤੀਆਂ। ਜੰਗਲੀ ਇਲਾਕਾ ਹੋਣ ਕਾਰਨ ਹਰ ਘੜੀ ਜੰਗਲੀ ਪਸ਼ੂਆਂ/ਜਾਨਵਰਾਂ ਆਦਿ ਦਾ ਡਰ ਬਣਿਆ ਰਹਿੰਦਾ। ਇਸ ਲਈ ਹਰੇਕ ਹਲ਼ ਦੇ ਨਾਲ ਇੱਕ ਲੰਮਾ ਬਰਛਾ ਅਤੇ ਇੱਕ ਕਿਰਪਾਨ ਹੁੰਦੀ। ਜੇਕਰ ਕੋਈ ਜੰਗਲੀ ਜਾਨਵਰ ਸ਼ੇਰ, ਬਘਿਆੜ ਆਦਿ ਅੱਗੋਂ ਢੱਗਿਆਂ ਵੱਲੋਂ ਹਮਲਾ ਕਰੇ ਤਾਂ ਉਸ ਨੂੰ ਬਰਛੇ ਨਾਲ ਮਾਰਿਆ ਜਾ ਸਕੇ ਤੇ ਜੇਕਰ ਅਚਾਨਕ ਪਿੱਛੋਂ ਹਮਲਾ ਕਰੇ ਤਾਂ ਉਸ ਦਾ ਕਿਰਪਾਨ ਨਾਲ ਸਾਹਮਣਾ ਕੀਤਾ ਜਾ ਸਕੇ। ਸੰਨ ੪੭ ਦੇ ਉਜਾੜੇ ਤੋਂ ਬਾਅਦ ਜਾਂਦੇ ਸਾਰ ਪਹਿਲਾਂ ਸਿੱਖਾਂ ਨੇ ਕਾਨਿਆਂ ਦੇ ਘਰ (ਛੱਪਰ) ਬਣਾਏ। ਗੰਨੇ ਦੀ ਖੋਰੀ (ਛੋਈ) ਸਾੜਨ ਸਮੇਂ ਕਈ ਵਾਰ ਉੱਠੀ ਅੱਗ ਦੀ

ਚੰਗਿਆੜੀ ਜਾਂ ਦੀਵੇ ਆਦਿ ਨਾਲ ਕਈ ਵਾਰੀ ਛੱਪਰ ਸੜੇ ਅਤੇ ਨਵੇਂ ਛੱਪਰ ਪਾਏ। ਕਈ ਵਾਰ ਹਨ੍ਹੇਰੀਆਂ ਨਾਲ ਛੱਪਰ ਉੱਡੇ ਅਤੇ ਫਿਰ ਨਵੇਂ ਬਣਾਏ। ਦਿਹਾੜੀ ਦੇ ਦਰਜਨ-ਦਰਜਨ ਸੱਪ ਰੋਜ਼ ਘਰਾਂ ਵਿੱਚੋਂ ਮਾਰੇ। ੧੯੮੫-੮੬ ਤਕ ਵੀ ਜ਼ਹਿਰੀਲੇ ਅਜਗਰ ਸੱਪ ਘਰਾਂ ਵਿਚ ਆਣ ਵੜਦੇ ਸਨ, ੧੯੫੦-੫੫ ਵਿਚ ਕੀ ਹਾਲਾਤ ਹੋਣਗੇ, ਅੰਦਾਜ਼ਾ ਲਗਾਉਣਾ ਕੋਈ ਔਖਾ ਨਹੀਂ। ਮੇਰਾ ਜੱਦੀ ਪਿੰਡ ਉੱਤਰ ਪ੍ਰਦੇਸ਼ ਵਿਚ ਉਤਰਾਖੰਡ ਦੀ ਸਰਹੱਦ ਦੇ ਨਾਲ ਲੱਗਦਾ ਹੈ। ਮੇਰੀ ਉਮਰ ਉਦੋਂ ੪-੫ ਸਾਲ ਦੀ ਹੋਵੇਗੀ ਜਦੋਂ ਸਾਡੇ ਨਦੀ ਦੇ ਕੰਢੇ-ਕੰਢੇ ਬਣੇ ਛੱਪਰ ਵਿਚ ਅਜਗਰ ਸੱਪ ਆਣ ਵੜਿਆ। ਮੈਂ ਉਸ ਸਮੇਂ ਛੱਪਰ ਦੇ ਅੰਦਰ ਸਾਂ। ਮੇਰੇ ਮਾਤਾ ਜੀ ਨੇ ਮੈਨੂੰ ਬਾਹਰ ਕੱਢ ਕੇ ਛੱਪਰ ਦਾ ਦਰਵਾਜ਼ਾ ਬੰਦ ਕਰ ਦਿੱਤਾ, ਫਿਰ ੧੦-੧੫ ਜਣਿਆਂ ਮਿਲ ਕੇ ਅਜਗਰ ਨੂੰ ਬਾਹਰ ਕੱਢਿਆ। ਕਹਿਣ ਤੋਂ ਮੁਰਾਦ ਬੜੇ ਬਿਖਮ ਹਾਲਾਤਾਂ ਦਾ ਸਾਹਮਣਾ ਕਰਦਿਆਂ ਸਿੱਖਾਂ ਨੇ ਉੱਤਰ ਪ੍ਰਦੇਸ਼ ਦੀਆਂ ਬੰਜਰ ਜ਼ਮੀਨਾਂ ਨੂੰ ਪਾਣੀ ਅਤੇ ਪਸੀਨੇ ਨਾਲ ਸਿੰਜ ਕੇ ਜ਼ਰਖੇਜ਼ ਕੀਤਾ। ਜਿੱਥੇ ਕਦੇ ਘਾਹ ਦਾ ਤੀਲਾ ਨਹੀਂ ਸੀ ਉੱਗਦਾ, ਉੱਥੇ ਅੱਜ ਲੱਛ-ਲੱਛ ਕਰਦੇ ਹਰੇ-ਭਰੇ ਖੇਤ ਹਨ। ਕਿਸਾਨਾਂ ਵਿਚ ਇਕ ਕਹਾਵਤ ਹੈ ਕਿ ਜਿਸ ਜ਼ਮੀਨ ਵਿਚ ਘਾਹ ਨਹੀਂ ਉੱਗਦਾ ਉੱਥੇ ਫ਼ਸਲ ਵੀ ਪੈਦਾ ਨਹੀਂ ਹੋ ਸਕਦੀ, ਪਰ ਸਿੱਖ ਕਿਸਾਨਾਂ ਨੇ ਸਿਰਤੋੜ ਮਿਹਨਤ ਕਰ ਕੇ ਇਸ ਕਹਾਵਤ ਨੂੰ ਗ਼ਲਤ ਸਾਬਤ ਕਰ ਵਿਖਾਇਆ। ਬੰਜਰ ਕਹੀ ਜਾਣ ਵਾਲੀ ਜ਼ਮੀਨ ਵਿਚ ਅੱਜ ਹਾੜੀ-ਸਾਉਣੀ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਫ਼ਸਲਾਂ ਪੈਦਾ ਹੁੰਦੀਆਂ ਹਨ। ਕੱਚੇ ਘਰਾਂ ਤੇ ਪਾਟੇ ਲੀੜਿਆਂ (ਕੱਪੜਿਆਂ) ਵਿਚ ਗੁਜ਼ਾਰਾ ਕਰਨ ਵਾਲੇ ਸਿੱਖ ਗੁਰੂ-ਦਰਸਾਏ ਮਾਰਗ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਅੱਜ ਕਾਰਾਂ-ਕੋਠੀਆਂ ਦੇ ਮਾਲਕ ਬਣ ਖੁਸ਼ਹਾਲ ਜੀਵਨ ਜੀਅ ਰਹੇ ਹਨ। ਪਰ ਪਤਾ ਨਹੀਂ ਅੱਜ ਭਾਰਤ ਦੀ ਸੱਤਾਧਾਰੀ ਸਰਕਾਰ ਨੂੰ ਸਿੱਖਾਂ ਦੁਆਰਾ ਸਿਰਤੋੜ ਮਿਹਨਤ ਕਰ ਕੇ ਹਾਸਲ ਕੀਤੀ ਇਹ ਕਾਮਯਾਬੀ ਕਿਉਂ ਹਜ਼ਮ ਨਹੀਂ ਹੋ ਰਹੀ।

ਬਹੁਤ ਸਾਰੀਆਂ ਸਰਕਾਰਾਂ ਆਈਆਂ ਤੇ ਗਈਆਂ ਪਰ ਉੱਤਰ ਪ੍ਰਦੇਸ਼ ਵਿਚ ਖੁਸ਼ਹਾਲ ਜੀਵਨ ਜੀਅ ਰਹੇ ਸਿੱਖਾਂ ਨੂੰ ਕਿਸੇ ਨਹੀਂ ਛੇੜਿਆ ਪਰ ਜਦੋਂ ਦੀ ਫਿਰਕੂ ਸਰਕਾਰ ਆਈ ਹੈ ਉਦੋਂ ਤੋਂ ਸਿੱਖਾਂ ਨਾਲ ਧੱਕਾ ਸ਼ੁਰੂ ਹੋ ਗਿਆ ਹੈ। ਇਨ੍ਹਾਂ ਫਿਰਕੂ ਸਰਕਾਰਾਂ ਨੇ ਸਿੱਖਾਂ ਨੂੰ ਹਮੇਸ਼ਾਂ ਪ੍ਰੇਸ਼ਾਨ ਤੇ ਦੁਖੀ ਕੀਤਾ। ਜ਼ਹਿਰੀਲੇ ਸੱਪਾਂ ਦਾ ਸਾਹਮਣਾ ਕਰ ਕੇ ਦੇਸ਼ ਦੀਆਂ ਜ਼ਮੀਨਾਂ ਜ਼ਰਖੇਜ਼ ਕਰਨ ਵਾਲੇ ਸਿੱਖ ਕੀ ਜਾਣਨ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ ਸੱਪਾਂ ਨਾਲੋਂ ਜ਼ਹਿਰੀਲੀਆਂ ਸਰਕਾਰਾਂ ਆਪਣੇ ਬੱਚਿਆਂ ਨੂੰ ਖਾ ਜਾਣ ਵਾਲੀ ਸੱਪਣੀ ਦੀ ਨਿਆਈਂ ਸਾਨੂੰ ਨਿਗਲਣ ਦਾ ਯਤਨ ਕਰਨਗੀਆਂ। ਸਰਕਾਰਾਂ ਦਾ ਕੰਮ ਆਪਣੇ ਨਾਗਰਿਕਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਹੁੰਦਾ ਹੈ। ਗਿਆਨੀ ਸੋਹਣ ਸਿੰਘ ਸੀਤਲ ਜੀ ਦੀਆਂ ਸਤਰਾਂ ਇਸ ਬਾਬਤ ਠੀਕ ਢੁਕਦੀਆਂ ਹਨ :-

ਹਾਕਮ ਥਾਪੇ ਗਏ ਸੀ ਪਰਜਾ ਪਾਲਣ ਵਾਸਤੇ
ਪਰਜਾ ਖਾਣ ਦੀ ਨੀਤੀ ਬਣ ਗਈ ਹੈ ਸਰਕਾਰ ਦੀ।

*ਅੱਜ ਆਪਣੇ ਹੀ ਦੇਸ਼ ਅੰਦਰ ਬਟਵਾਰੇ ਦੇ ਉਜਾੜੇ ਤੋਂ ੭੩ ਸਾਲ ਬਾਅਦ ਸਿੱਖਾਂ ਨੂੰ ਮੁੜ ਉਜਾੜੇ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਹ ਜ਼ਮੀਨਾਂ ਹੜੱਪਣ ਵਾਲਾ ਕਾਰਾ ਕੋਈ ਅਚਨਚੇਤ ਵਾਪਰਿਆ ਕਾਰਾ ਨਹੀਂ, ਇਹ ਸਰਕਾਰ ਦੀ ਸਿੱਖ-ਮਾਰੂ ਨੀਤੀ ਦਾ ਹਿੱਸਾ ਹੈ।*

*ਅੱਜ ਤਾਂ ਸਰਕਾਰ ਸਿੱਖਾਂ ਦੀਆਂ ਜ਼ਮੀਨਾਂ ਨੂੰ ਹੱਥ ਪਾ ਰਹੀ ਹੈ ਪਰ ਜੇਕਰ ਅੱਜ ਅਸੀਂ ਚੁੱਪ ਬੈਠੇ ਰਹੇ ਤਾਂ ਇਹ ਸਰਕਾਰਾਂ ਕੱਲ ਨੂੰ ਪੰਜਾਬ ਤੋਂ ਬਾਹਰ ਸਿੱਖਾਂ ਦੇ ਵਪਾਰ, ਵਪਾਰਕ ਅਦਾਰਿਆਂ, ਟਰਾਂਸਪੋਰਟਾਂ, ਫ਼ੈਕਟਰੀਆਂ, ਕਾਰਖਾਨਿਆਂ ਆਦਿ ਨੂੰ ਵੀ ਹੱਥ ਪਾਉਣਗੀਆਂ। ਅੱਜ ਲੋੜ ਹੈ ਸਮੁੱਚੀਆਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀ ਤੇ ਸਿੱਖ ਮੀਡੀਆ ਵੀ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਦੀ ਜਾਨ-ਮਾਲ ਦੀ ਰਾਖੀ ਲਈ ਅੱਗੇ ਆਵੇ। ਸਿੱਖ ਵਕੀਲ ਕਨੂੰਨੀ ਕਾਰਵਾਈ ਲਈ ਅੱਗੇ ਆਉਣ। ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸੰਵੇਦਨਸ਼ੀਲ ਮੁੱਦੇ 'ਤੇ ਫੌਰੀ ਕਾਰਵਾਈ ਕਰਦਿਆਂ ਹੋਇਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖਸ਼ ਸਿੰਘ ਖਾਲਸਾ, ਅੰਤ੍ਰਿੰਗ ਕਮੇਟੀ ਮੈਂਬਰ ਭਾਈ ਭੁਪਿੰਦਰ ਸਿੰਘ ਅਸੰਧ, ਮੈਂਬਰ ਗੁਰਚਰਨ ਸਿੰਘ ਗਰੇਵਾਲ ਤੇ ਕੋ-ਆਰਡੀਨੇਟਰ ਸ. ਸੁਖਦੇਵ ਸਿੰਘ ਭੂਰਾ ਕੋਹਨਾ, ਵਧੀਕ ਸਕੱਤਰ ਆਧਾਰਿਤ ਸਬ-ਕਮੇਟੀ ਗਠਿਤ ਕੀਤੀ ਹੈ ਜੋ ਸਾਰੇ ਮਸਲੇ ਦੀ ਜਾਂਚ ਕਰੇਗੀ। ਉੱਧਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਰੇ ਮਸਲੇ ਦੀ ਜਾਂਚ ਕਰਨ ਲਈ ਇੱਕ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ ਜੋ ਸਿੱਖਾਂ ਨਾਲ ਹੋ ਰਹੇ ਧੱਕੇ ਦੀ ਜਾਂਚ ਕਰ ਕੇ ਇਨਸਾਫ਼ ਦਿਵਾਏਗੀ।*

*ਪੱਖਪਾਤੀ ਸਰਕਾਰਾਂ ਦਾ ਸਿੱਖਾਂ ਪ੍ਰਤੀ ਬੇਇਨਸਾਫ਼ੀ ਅਤੇ ਧੱਕੇਸ਼ਾਹੀ ਵਾਲਾ ਰਵੱਈਆ ਵੇਖ ਕੇ ਸਰ ਮੁਹੰਮਦ ਇਕਬਾਲ ਦਾ ਸ਼ੇਅਰ ਯਾਦ ਆ ਜਾਂਦਾ ਹੈ : "ਮੁੱਦਤੇਂ ਬੀਤ ਗਈਂ ਹੈਂ ਇਸ ਰੰਜ਼-ਓ-ਗ਼ਮ ਕੋ ਸਹਤੇ ਹੁਏ, ਸ਼ਰਮ ਸੀ ਆਤੀ ਹੈ ਇਸ ਵਤਨ ਕੋ ਵਤਨ ਕਹਤੇ ਹੁਏ।"*

*ਇਸੇ ਬੇਗਾਨਗੀ ਦੇ ਆਲਮ ਵਿੱਚੋਂ ਸਿੱਖਾਂ ਲਈ ਅਜ਼ਾਦ ਖਿੱਤੇ ਦੀ ਮੰਗ ਉੱਠਦੀ ਰਹੀ ਹੈ। ਜਿਵੇਂ-ਜਿਵੇਂ ਸਰਕਾਰਾਂ ਦਾ ਸਿੱਖਾਂ ਨਾਲ ਧੱਕਾ ਵੱਧਦਾ ਜਾਵੇਗਾ ਤਿਉਂ-ਤਿਉਂ ਇਹ ਮੰਗ ਹੋਰ ਪ੍ਰਚੰਡ ਹੁੰਦੀ ਰਹੇਗੀ।*

*-ਸਤਵਿੰਦਰ ਸਿੰਘ ਫੂਲਪੁਰ*
*ਮੋ. +੯੧੯੯੧੪੪-੧੯੪੮੪*

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਪ੍ਰਵਚਨ : ਪਾਰ-ਸੰਪਰਦਾਇਕ ਅੰਤਰਦ੍ਰਿਸ਼ਟੀ

*-ਡਾ. ਚਮਕੌਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਵਿੱਤਰ-ਪਾਠ ਮਾਨਵੀ ਜੀਵਨ ਦੇ ਗੌਰਵਸ਼ਾਲੀ ਅਤੇ ਸਰਬਕਾਲੀ ਸਰੋਕਾਰਾਂ ਨੂੰ ਪਰਮਾਰਥੀ ਸੰਦਰਭਾਂ ਵਿਚ ਪੇਸ਼ ਕਰਨ ਵਾਲਾ ਪ੍ਰਵਚਨ ਹੈ। ਸਰਬੱਤ ਨੂੰ ਸੰਬੋਧਤ ਇਸ ਪ੍ਰਵਚਨ ਦੀ ਸਮੇਂ-ਸਥਾਨ ਦੇ ਇਲਾਕਾਈ ਦਾਇਰਿਆਂ ਤੋਂ ਪਾਰ ਦੇਖਣ ਵਾਲੀ ਵਿਸ਼ਵਦ੍ਰਿਸ਼ਟੀ, ਮਾਨਵੀ ਜੀਵਨ ਤੇ ਸੱਭਿਆਚਾਰ ਦੇ ਹੋਂਦਮੂਲਕ ਸਰੋਕਾਰਾਂ/ਮਸਲਿਆਂ ਨੂੰ ਨਜਿੱਠਣ ਲਈ ਪਰਮਾਰਥੀ ਜੁਗਤ-ਵਿਧਾਨ ਪੇਸ਼ ਕਰਦੀ ਹੈ। ਸਮੂਹਿਕ ਕਲਿਆਣ ਦੀ ਪ੍ਰਕਿਰਤੀ ਨਾਲ ਸੰਜੋਈ ਇਸ ਦੀ ਬਹੁਭਾਂਤੀ ਤੇ ਬਹੁਪਾਸਾਰੀ ਪਾਰ-ਸੰਪਰਦਾਇਕ ਦ੍ਰਿਸ਼ਟੀ, ਮਾਨਵ-ਚੇਤਨਾ ਨੂੰ ਧਰਮਾਰਥੀ, ਸੱਭਿਆਚਾਰਕ, ਭੂਗੋਲਿਕ ਅਤੇ ਰਾਜਨੀਤਕ ਸੰਕੀਰਨਤਾਵਾਂ ਤੋਂ ਮੁਕਤ ਰੱਖਦੀ ਹੋਈ ਸਰਬ-ਵਿਭਿੰਨਤਾਵਾਂ ਅਤੇ ਵਿਲੱਖਣਤਾਵਾਂ ਨੂੰ ਵਿਸਮਾਦੀ ਸੱਚ ਦੀ ਜੀਵਨ-ਸ਼ੈਲੀ ਦੁਆਰਾ ਇਕਸੁਰਤਾ ਦੇ ਸੂਤਰ ਵਿਚ ਪਰੋਈ ਰੱਖਦੀ ਹੈ। ਇਸ ਦੀ ਰੂਹਾਨੀ-ਸੰਵੇਦਨਾ ਮਨੁੱਖ ਦੇ ਸਮੁੱਚੇ ਮਨੋਸਰੀਰਕ ਸੰਗਠਨ ਨੂੰ ਸੱਚ-ਆਧਾਰਿਤ ਰੂਹਾਨੀ ਰੂਪਾਂਤਰਣ ਲਈ ਗਤੀਸ਼ੀਲਤਾ ਪ੍ਰਦਾਨ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪ੍ਰਵਚਨ ਦੀ ਪਰਮਾਰਥੀ ਮਹਾਂਦ੍ਰਿਸ਼ਟੀ ਜਿੱਥੇ ਕੁਦਰਤ ਦੇ ਸਹਜ-ਵਰਤਾਰੇ ਦੀ ਵੰਨ-ਸੁਵੰਨਤਾ ਪ੍ਰਤੀ ਮਾਨਵੀ ਸੰਵੇਦਨਾ ਨੂੰ ਨਿਖਾਰਦੀ ਹੈ, ਉੱਥੇ ਸੱਭਿਆਚਾਰਕ ਪੱਧਰ 'ਤੇ ਹਰ ਤਰ੍ਹਾਂ ਦੇ ਵਖਰੇਵਿਆਂ ਤੇ ਅਸਮਾਨਤਾਵਾਂ ਨੂੰ ਬਰਦਾਸ਼ਤ ਕਰਨ ਲਈ ਮਾਨਵੀ ਸਮਰੱਥਾ ਨੂੰ ਬਲਵੰਤ ਵੀ ਬਣਾਉਂਦੀ ਹੈ। ਬਾਣੀ-ਪ੍ਰਵਚਨ ਵਿਚ ਪਰ/ਦੂਜੇ ਦੀ ਹਸਤੀ ਨੂੰ ਮਾਣ ਤੇ ਮਹੱਤਵ ਪ੍ਰਦਾਨ ਕਰਨ ਵਾਲੀ ਅੰਤਰਦ੍ਰਿਸ਼ਟੀ ਦਾ ਵਜੂਦ ਦੂਜਿਆਂ ਨੂੰ 'ਆਪਣਾ' ਸਮਝਣ ਵਾਲੀ ਪਰਮਾਰਥੀ ਮਹਾਂਦ੍ਰਿਸ਼ਟੀ ਅਤੇ ਰੂਹਾਨੀ ਸੰਵੇਦਨਾ ਨਾਲ ਸਰਸ਼ਾਰ ਹੋਇਆ ਰਹਿੰਦਾ ਹੈ। ਇਸ ਦੌਰਾਨ ਦੂਜੇ ਦੀ ਨਿਵੇਕਲੀ ਪਛਾਣ ਕਾਇਮ ਵੀ ਰਹਿੰਦੀ ਹੈ ਅਤੇ ਬੇਗਾਨਗੀ ਦੇ ਅਹਿਸਾਸ ਤੋਂ ਬਿਲਕੁਲ ਅਛੋਹ ਵੀ।

ਹਰ ਪਵਿੱਤਰ-ਪਾਠ ਦੀਆਂ ਵਿਭਿੰਨ ਅੰਤਰਦ੍ਰਿਸ਼ਟੀਆਂ ਦੀ ਸਮਝ, ਉਸ ਦੇ ਮੂਲ-ਪ੍ਰਯੋਜਨ ਨਾਲੋਂ ਵਿਯੋਗੀ ਨਹੀਂ ਹੁੰਦੀ। ਮੂਲ-ਪ੍ਰਯੋਜਨ ਦੇ ਨਿਰਧਾਰਨ ਵਿਚ ਸਮਕਾਲੀ ਸਮਾਜ ਦੇ ਧਾਰਮਿਕ-ਸੱਭਿਆਚਾਰਕ ਵਰਤਾਰਿਆਂ ਦੇ ਨਾਲ ਆਰਥਿਕ-

**ਡਾਇਰੈਕਟਰ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ — ੧੪੭੦੦੨; (ਪਟਿਆਲਾ) ਮੋ. ੯੪੧੭੯-੩੫੪੭੪, ੮੭੨੭੦-੭੭੭੨੫*

ਰਾਜਨੀਤਕ ਵਿਵਸਥਾ ਦੇ ਬਹੁਪਾਸਾਰੀ ਸੰਦਰਭਾਂ ਤੇ ਸਰੋਕਾਰਾਂ ਦਾ ਸਿੱਧਾ ਅਤੇ ਅਸਿੱਧਾ ਦਖ਼ਲ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਸਮਕਾਲੀ ਸੰਦਰਭ ਇਕ ਪਾਸੇ ਸਾਮੀ-ਇਸਲਾਮੀ ਸੱਭਿਆਚਾਰ ਤੇ ਬਸਤੀਕਾਰ ਹਕੂਮਤ ਨਾਲ ਅੰਤਰ-ਪ੍ਰਕਿਰਿਆ ਰਚਦੇ ਹਨ ਅਤੇ ਦੂਜੇ ਪਾਸੇ ਸਥਾਨਕ ਭਾਰਤੀ ਜਨ-ਸਮੂਹ ਦੀ ਦਮਨਿਤ ਜ਼ਹਿਨੀਅਤ ਅਤੇ ਉਚੇਰੇ ਅਮਲਾਂ ਤੋਂ ਵਿਜੋਗੀ ਧਾਰਮਿਕਤਾ ਦਾ ਨਕਸ਼ਾ ਉਲੀਕਦੇ ਹਨ। ਇਨ੍ਹਾਂ ਪ੍ਰਸਥਿਤੀਆਂ ਵਿਚ ਜਿਸ ਕਿਸਮ ਦੇ ਨਿਰਤੇਜ ਮਨੁੱਖੀ ਆਤਮ ਦਾ ਨਿਰਮਾਣ ਹੋ ਰਿਹਾ ਸੀ, ਉਹ ਸਮਕਾਲੀ ਮਨੁੱਖੀ ਸਵੈ-ਵਿਕਾਸ ਦੇ ਲਈ ਵਿਨਾਸ਼ਕਾਰੀ ਸੀ।

ਇਸੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇਜਧਾਰਕ ਤੇ ਪਰਗਾਸਵਾਨ ਆਤਮ ਦੇ ਨਵ-ਨਿਰਮਾਣ ਲਈ ਉਚੇਰੇ ਤੇ ਚੰਗੇਰੇ ਪ੍ਰਸੰਗ ਸਿਰਜ ਕੇ ਉਸ ਦੀ ਪੁਨਰ-ਰਚਨਾ ਕਰਨਾ ਲੋਚਦੀ ਹੈ। ਇਸੇ ਲਈ ਧਰਤੀ 'ਤੇ ਹਕੀਕੀ ਧਰਮ ਅਥਵਾ ਸੱਚ ਨੂੰ ਪ੍ਰਨਾਏ ਨਵੇਂ ਮਨੁੱਖ ਦੀ ਰਚਨਾ ਕਰਨ ਦੀ ਮਨਸ਼ਾ, ਇਸ ਬਾਣੀ ਪ੍ਰਵਚਨ ਦੀਆਂ ਨਵ-ਸਿਰਜਤ ਅਤੇ ਪੁਨਰ-ਪਰਿਭਾਸ਼ਤ ਰਚਨਾ-ਵਿਉਂਤਾਂ ਤੋਂ ਪ੍ਰਤੱਖ ਜ਼ਾਹਰ ਹੈ।

ਇਹ ਨਵਾਂ ਮਨੁੱਖ ਹੀ ਦਮਨਕਾਰੀ ਨਿਜ਼ਾਮ ਦੀ ਥਾਂ ਨਵੇਂ ਕਲਿਆਣਕਾਰੀ ਨਿਜ਼ਾਮ ਨੂੰ ਤਾਮੀਰ ਕਰਨ ਦੇ ਅਮਲ ਦੇ ਰਾਹੇ ਪੈਂਦਾ ਹੈ, ਜੋ ਉਸ ਦੀਆਂ ਆਂਤਰਿਕ ਮਨੋਬਣਤਰਾਂ ਦੇ ਪੁਨਰਗਠਨ ਦੁਆਰਾ ਹੀ ਸੰਭਵ ਹੁੰਦਾ ਹੈ। ਇਸ ਮੰਤਵ ਲਈ ਜਿੱਥੇ ਪ੍ਰਚਲਿਤ ਜਾਂ ਸਥਾਪਿਤ ਸੰਰਚਨਾਵਾਂ ਤੇ ਰਚਨਾ-ਵਿਉਂਤਾਂ ਨੂੰ ਪੁਨਰ-ਪਰਿਭਾਸ਼ਤ ਕਰ ਕੇ ਉਨ੍ਹਾਂ ਵਿਚ ਨਵੇਂ ਅਰਥ ਸੰਚਾਰਨ ਦੀ ਲੋੜ ਹੈ, ਉੱਥੇ ਨਵੇਂ ਅਭਿਆਸਾਂ ਨੂੰ ਨਿਆਂਸ਼ੀਲਤਾ ਪ੍ਰਦਾਨ ਕਰਨ ਵਾਲੀਆਂ ਨਵੀਨ ਰਚਨਾ-ਵਿਉਂਤਾਂ ਦੀ ਘਾੜਤ ਵੀ ਲਾਜ਼ਮੀ ਹੈ। "ਨਵਾਂ ਮਨੁੱਖ ਰਚਣ ਲਈ ਕੇਵਲ ਸਮਾਜਿਕ, ਰਾਜਨੀਤਕ ਜਾਂ ਆਰਥਿਕ ਢਾਂਚੇ ਬਦਲਨੇ ਹੀ ਕਾਫੀ ਨਹੀਂ ਹੁੰਦੇ... ਸਗੋਂ ਇਸ ਲਈ ਮਨੁੱਖ ਨੂੰ ਅੰਦਰੋਂ ਬਦਲਣ ਲਈ ਕੁਝ ਨਵੇਂ ਪਰਮ-ਚਿੰਨ੍ਹ ਸਿਰਜਣੇ ਪੈਂਦੇ ਹਨ।"[੧]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪ੍ਰਯੋਜਨ ਦਮਨਕਾਰੀ ਤੇ ਸ਼ੋਸ਼ਣਕਾਰੀ ਅਤੇ ਵਿਕਾਰ-ਗ੍ਰਸਤ ਮਾਨਵੀ-ਆਤਮ/ਸ਼ਖ਼ਸੀਅਤ ਨੂੰ ਪਰਮਾਰਥੀ ਮਹਾਂਦ੍ਰਿਸ਼ਟੀ ਦੁਆਰਾ ਸਵੈ-ਚੇਤਨ ਹੋਣ ਅਤੇ ਸਵੈ-ਪੂਰਨਤਾ ਲਈ ਤਤਪਰ ਕਰਨ ਵਾਲੀ ਨਰੋਈ ਮਨਸੂਬਾਬੰਦੀ ਪੇਸ਼ ਕਰਨਾ ਹੈ। ਆਤਮ-ਰੂਪਾਂਤਰਣਕਾਰੀ ਲਈ ਤਤਪਰ ਕਰਨ ਵਾਲੀ ਇਸ ਰੂਹਾਨੀ ਮਨਸੂਬਾਬੰਦੀ ਵਿਚ ਖਿੰਡੇ ਹੋਏ ਮਾਨਵੀ-ਆਤਮ ਨੂੰ ਮੁੜ ਤਰਤੀਬਣ ਅਤੇ ਇਕਸੁਰ ਕਰਨ ਦੀਆਂ ਬਹੁਭਾਂਤੀ ਤਰਕੀਬਾਂ ਅੰਤਰਨਿਹਿਤ ਹਨ। ਬਾਣੀ-ਪ੍ਰਯੋਜਨ ਦੇ ਅਮਲ-ਅਭਿਆਸ ਨੂੰ ਕਲਿਆਣਕਾਰੀ ਤੇ ਪ੍ਰਭਾਵਕਾਰੀ ਬਣਾਉਣ ਲਈ ਬਾਣੀ-ਪ੍ਰਵਚਨ ਵਿਚ ਜਿੱਥੇ ਸੱਚ, ਨਾਮ, ਸ਼ਬਦ, ਗੁਰੂ, ਹੁਕਮ, ਅੰਮ੍ਰਿਤ, ਜੋਤ ਸਮੇਤ ਅਨੇਕਾਂ ਸੰਕਲਪੀ ਚਿਹਨ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਚਾਰਜ ਹੋ ਕੇ

ਪੁਨਰ-ਪਰਿਭਾਸ਼ਤ ਹੁੰਦੇ ਹਨ, ਉੱਥੇ 'ੴ' ਦੇ ਰੂਪ ਵਿਚ ਬਹੁਪਾਸਾਰੀ ਰਸਾਈ ਨਾਲ ਸੰਜੋਏ, ਬਹੁਪ੍ਰਕਾਰੀ ਟੀਚੇ ਸਾਧਣ ਵਾਲੇ ਨਵ-ਨਿਰਮਿਤ ਪਰਮ-ਚਿਹਨ, ਰੂਹਾਨੀ ਤੇ ਵਿਸਮਾਦੀ ਅਨੰਦ ਅਤੇ ਆਤਮ ਰੂਪਾਂਤਰਣਕਾਰੀ ਦਾ ਮਹਾਂਸਰੋਤ ਬਣ ਕੇ ਪੇਸ਼ ਹੁੰਦੇ ਹਨ। ਮਾਨਵੀ ਸੋਚ-ਪ੍ਰਣਾਲੀ ਵਿਚ ਇਸ ਮਹਾਂਸਰੋਤ ਦੀ ਹਾਜ਼ਰੀ (ਸਿਮਰਨ) ਦੇ ਰੂਹਾਨੀ ਅਹਿਸਾਸ ਨਾਲ ਭਰਪੂਰ ਆਤਮ ਦੇ ਨਵ-ਨਿਰਮਾਣ ਦਾ ਅਮਲ, ਸਮੁੱਚੇ ਨਿਜ਼ਾਮ ਦੇ ਨਵ-ਨਿਰਮਾਣ ਦਾ ਅਭਿਆਸ ਹੋ ਨਿਬੜਦਾ ਹੈ। ੴ ਬੁਨਿਆਦੀ ਸਿਧਾਂਤਕ ਰਚਨਾ-ਵਿਉਂਤ ਹੈ ਜੋ ਪਰਮਾਰਥੀ ਹਸਤੀ ਨੂੰ ਲਖਾਉਂਦੀ ਹੈ। ਕੁਦਰਤੀ ਵਰਤਾਰਾ, ਸਮਸਤ ਜੀਵ ਤੇ ਮਾਨਵੀ ਹੋਂਦ, ਇਸ ਦੇ ਪਰਮਾਰਥੀ/ਰੱਬੀ ਸੰਦਰਭ ਵਿਚ ਹੀ ਪੁਨਰ-ਸਿਰਜਿਤ/ਰੂਪਾਂਤਰਿਤ ਹੁੰਦੇ ਹਨ।

ਪਾਰ-ਸੰਪਰਦਾਇਕ ਦ੍ਰਿਸ਼ਟੀ ਤੋਂ ਬਾਣੀ-ਪ੍ਰਵਚਨ ਦਾ ਪ੍ਰਯੋਜਨ ਧਾਰਮਿਕ ਸਹਿਣਸ਼ੀਲਤਾ, ਮਾਨਵੀ ਇਕਸੁਰਤਾ, ਕੁਦਰਤੀ ਸਹਿਹੋਂਦ ਅਤੇ ਸਾਂਝ-ਸੰਵਾਦ ਨੂੰ ਵਧਾਉਣ ਵਾਲੇ ਅਤੇ ਬਹੁਪਾਸਾਰੀ ਦ੍ਰਿਸ਼ਟੀਆਂ ਨੂੰ ਸਮੋਣ ਵਾਲੇ ਆਤਮ ਦਾ ਨਿਰਮਾਣ ਕਰਨਾ ਹੈ। ਇਹ ਆਤਮ ਹੀ ਸਹਜ ਤੇ ਸਹਿਲ ਤਰੀਕੇ ਨਾਲ ਬਹੁਧਰਮੀ ਤੇ ਬਹੁਸੱਭਿਆਚਾਰਕ ਸਮਾਜ ਵਿਚ ਸਮਾਯੋਜਨ (adjustment) ਬਣਾਉਣ ਅਤੇ ਦੂਜਿਆਂ ਨੂੰ ਆਪਣੇ ਬਰਾਬਰ ਰੱਖ ਕੇ ਵਿਗਾਸਵਾਨਤਾ ਅਤੇ ਪਰਗਾਸਵਾਨਤਾ ਵੱਲ ਨਿਰੰਤਰ ਅਗਰਸਰ ਹੋਣ ਦੇ ਸਮਰੱਥ ਹੋਵੇਗਾ। ਇਸ ਤਰ੍ਹਾਂ ਪਰਮਾਰਥੀ ਮਹਾਂਦ੍ਰਿਸ਼ਟੀ ਨਾਲ ਪਰਗਾਸਵਾਨ ਹੋਏ ਗਿਆਨ-ਪ੍ਰਬੰਧ ਤੇ ਰਚਨਾ-ਵਿਉਂਤਾਂ, ਮਨੁੱਖ ਦੇ ਸਵੈ-ਅਹਿਸਾਸਾਂ, ਵਿਸ਼ਵਾਸਾਂ, ਅਨੁਭਵਾਂ ਤੇ ਅਭਿਆਸਾਂ ਨੂੰ ਨਵੇਂ ਸਿਰਿਓਂ ਸੁਗਠਿਤ ਹੀ ਨਹੀਂ ਕਰਦੇ ਬਲਕਿ ਸਰਬੱਤ ਲੋਕ-ਨਿਜ਼ਾਮ ਦੇ ਨਵ-ਨਿਰਮਾਣ ਹਿੱਤ ਦੂਜਿਆਂ ਲਈ ਉਪਯੋਗੀ ਬਣਨ ਦੀ ਮਨਸ਼ਾ ਨਾਲ ਪ੍ਰੇਰਿਤ ਹੋਣ ਵਾਲੀਆਂ ਮਨੋਬਣਤਰਾਂ ਨੂੰ ਸਰਗਰਮੀ ਵੀ ਬਖਸ਼ਦੇ ਹਨ।

ਮਾਨਵੀ ਆਤਮ ਦੇ ਆਨੰਦ-ਵਿਗਾਸ ਅਥਵਾ ਸਰਬਾਂਗੀ ਕਲਿਆਣ ਦੀ ਜ਼ਾਮਨ ਬਹੁਪਰਿਪੇਖੀ ਅੰਤਰਦ੍ਰਿਸ਼ਟੀਆਂ ਨਾਲ ਪ੍ਰਫੁੱਲਤ ਹੋਣ ਵਾਲੀ ਸੋਚ-ਪ੍ਰਣਾਲੀ ਦੀ ਘਾੜਤ ਲਈ ਕਾਦਰ (ਬ੍ਰਹਮ) ਅਤੇ ਕੁਦਰਤ (ਬ੍ਰਹਿਮੰਡੀ ਰਚਨਾ) ਦੇ ਬਹੁਭਾਂਤੇ, ਬਹੁਰੰਗੇ ਅਤੇ ਵਿਸਮਾਦੀ ਵਰਤਾਰੇ ਦੀ ਪੇਸ਼ਕਾਰੀ ਬਾਣੀ-ਪ੍ਰਵਚਨ ਦੀ ਸ੍ਰੇਸ਼ਟ ਰਚਨਾ-ਵਿਉਂਤ ਹੈ। ਭਿੰਨਤਾਵਾਂ ਨੂੰ ਉਨ੍ਹਾਂ ਦੀ ਪ੍ਰਮਾਣਿਕਤਾ ਸਹਿਤ ਸਵੀਕਾਰਨਾ ਅਤੇ ਦੂਜੇ ਨੂੰ ਪ੍ਰੇਰਨਾ ਦਾ ਅਮੁੱਕ ਸੋਮਾ ਸਮਝਣਾ, ਸਮਕਾਲੀ ਉੱਤਰਆਧੁਨਿਕਤਾਵਾਦੀ ਚਿੰਤਨ ਦਾ ਪ੍ਰਮੁੱਖ ਸਰੋਕਾਰ ਹੈ। ਬਾਣੀ-ਪ੍ਰਵਚਨ ਭਿੰਨਤਾਵਾਂ ਨਾਲ ਗੁੰਦੀ ਬਹੁਰੂਪੀ, ਬਹੁਰੰਗੀ ਅਤੇ ਵਿਸਮਾਦੀ ਕੁਦਰਤ ਅਥਵਾ ਬ੍ਰਹਿਮੰਡੀ ਰਚਨਾ ਦੇ ਸਿਰਜਣਹਾਰ ਦਾ ਸਿਮਰਨ ਮਨੁੱਖੀ ਮਨੋਬਣਤਰਾਂ ਨੂੰ ਅੰਤਰਾਂ/ਭਿੰਨਤਾਵਾਂ ਨਾਲ ਸਹਜ ਰੂਪ ਵਿਚ ਇਕਸੁਰ ਹੋ ਕੇ ਵਿਚਰਨ ਵਾਲੀ ਅੰਤਰਦ੍ਰਿਸ਼ਟੀ ਪ੍ਰਦਾਨ ਕਰਦਾ ਹੈ। ਮਨੁੱਖ ਦੇ

ਮਨੋਸਰੀਰਕ ਸੰਗਠਨ ਦੀਆਂ ਅੰਤਰੀਵ ਬਣਤਰਾਂ ਦੇ ਸਰਬਾਂਗੀ ਰੂਪਾਂਤਰਣ ਅਤੇ ਗਤੀਸ਼ੀਲ ਜੀਵਨ-ਸ਼ੈਲੀ ਦੇ ਇਸ ਅਭਿਆਸ ਨੂੰ ਧਰਮ-ਸ਼ਾਸਤਰੀ ਦ੍ਰਿਸ਼ਟੀ ਤੋਂ 'ਮਾਨਵੀ ਆਤਮ ਦੇ ਰੱਬੀਕਰਨ' ਦੀ ਪ੍ਰਕਿਰਿਆ ਦੇ ਅਰਥਾਂ ਵਿਚ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ।

ਮੱਧਕਾਲੀ ਸਮਾਜ ਵਿਚ ਆਤਮ ਦੀ ਵਿਗਾਸਮੁਖ ਨਿਰਮਾਣਕਾਰੀ ਲਈ ਧਰਮ, ਇਕ ਨਿਵੇਕਲੀ ਚੇਤਨਾ-ਵਿਧੀ ਵਜੋਂ ਗਤੀਸ਼ੀਲ ਰਿਹਾ ਹੈ। ਮਾਨਵ-ਕਲਿਆਣ ਦੇ ਆਸ਼ੇ ਨੂੰ ਪ੍ਰਣਾਏ ਹੋਏ ਮਹਾਂਪੁਰਸ਼, ਧਰਮ ਦੀ ਗਤੀਸ਼ੀਲ ਤੇ ਪ੍ਰਭਾਵਕਾਰੀ ਜੁਗਤਕਾਰੀ ਦੁਆਰਾ ਮਨੁੱਖ ਦੇ ਆਤਮ-ਰੂਪਾਂਤਰਣ ਦੇ ਅਮਲ-ਅਭਿਆਸ ਨੂੰ ਸਿਰਜਦੇ ਰਹੇ ਹਨ। ਇਸ ਅਮਲ-ਅਭਿਆਸ ਦੌਰਾਨ ਹਰ ਮਹਾਂਪੁਰਖ ਨੂੰ ਧਰਮ ਦੇ ਰੂਹਾਨੀ-ਹਕੀਕੀ ਅਰਥਾਂ ਦੀ ਪੁਨਰ-ਪੇਸ਼ਕਾਰੀ ਅਤੇ ਪੁਨਰ-ਵਿਆਖਿਆ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪਿਆ ਹੈ। ਇਸ ਦੀ ਮੂਲ ਵਜ੍ਹਾ ਧਰਮ ਦੇ ਪੈਰੋਕਾਰ, ਆਪਣੇ ਪੂਰਬਲੇ ਧਰਮ-ਪ੍ਰਵਰਤਕਾਂ ਦੁਆਰਾ ਪੇਸ਼ ਕੀਤੇ ਪ੍ਰਵਚਨਾਂ ਦੇ ਹਕੀਕੀ ਅਰਥਾਂ ਤੋਂ ਵਿਜੋਗੇ ਜਾਣਾ ਹੈ। ਹਰ ਧਾਰਮਿਕ ਮਹਾਂਪੁਰਖ ਦੇ ਪੈਰੋਕਾਰਾਂ ਵੱਲੋਂ ਨਿਵੇਕਲੀਆਂ ਕਿਰਿਆਵਾਂ ਸਿਰਜ ਕੇ ਦੂਜੇ ਧਰਮਪੰਥਾਂ ਦੇ ਮੁਕਾਬਲੇ ਆਪਣੇ ਧਰਮਪੰਥ ਦੀ ਵੱਖਰਤਾ ਕਾਇਮ ਕਰਨ ਦਾ ਇਕ ਸੁਭਾਵਿਕ ਰੁਝਾਨ ਰਿਹਾ ਹੈ। ਇਸੇ ਕਰਕੇ ਅਨੇਕਾਂ 'ਮਗ' (ਮਾਰਗ) ਅਤੇ 'ਪੰਥ' ਹੋਂਦਸ਼ੀਲ ਹੁੰਦੇ ਰਹੇ ਹਨ ਜਿਨ੍ਹਾਂ ਦਾ ਜ਼ਿਕਰ 'ਜਪੁ' ਜੀ ਬਾਣੀ ਦੀਆਂ ਨਿਮਨਲਿਖਿਤ ਸਤਰਾਂ ਵਿਚ ਹੈ :

*ਮੰਨੈ ਮਗੁ ਨ ਚਲੈ ਪੰਥੁ॥*
*ਮੰਨੈ ਧਰਮ ਸੇਤੀ ਸਨਬੰਧੁ॥*[2]

'ਮਗ' ਅਤੇ 'ਪੰਥ' ਦਾ ਸੰਕਲਪੀ ਅਰਥ, ਮਾਰਗ ਜਾਂ ਰਸਤਾ ਹੈ। ਧਰਮ-ਸ਼ਾਸਤਰੀ ਪਿੱਠਭੂਮੀ ਪੱਖੋਂ 'ਮਗ' ਬੋਧੀ ਧਰਮ-ਸੰਪਰਦਾਵਾਂ ਅਤੇ 'ਪੰਥ' ਨਾਥਾਂ-ਜੋਗੀਆਂ ਦੀਆਂ ਧਰਮ-ਸੰਪਰਦਾਵਾਂ ਨਾਲ ਸੰਬੰਧਤ ਸੰਕਲਪ ਹਨ। 'ਜਪੁ' ਜੀ ਬਾਣੀ ਦੇ ਉਕਤ ਪ੍ਰਕਰਨ ਵਿਚ ਪ੍ਰਯੁਕਤ ਇਹ ਦੋਨੋ ਸੰਕਲਪ, ਸੰਸਥਾਗਤ ਧਰਮ-ਸੰਪਰਦਾਵਾਂ ਜਾਂ ਵਿਭਿੰਨ ਮੱਤ-ਮਤਾਂਤਰਾਂ ਜਾਂ ਮਜ਼ਹਬਾਂ ਦੇ ਸੂਚਕ ਹਨ। ਦੂਜੀ ਸਤਰ ਵਿਚ 'ਧਰਮ' ਸ਼ਬਦ ਪਾਰ-ਸੰਪਰਦਾਇਕ ਧਾਰਮਿਕਤਾ ਦਾ ਲਖਾਇਕ ਹੈ ਜੋ ਸਾਰੇ ਪੰਥਾਂ, ਮਜ਼ਹਬਾਂ ਅਥਵਾ ਧਰਮ-ਪਰੰਪਰਾਵਾਂ ਵਿਚਕਾਰ ਸਾਂਝੇ ਰੂਹਾਨੀ ਸੂਤਰ ਦੇ ਅਰਥਾਂ ਵਿਚ ਪੇਸ਼ ਹੋਇਆ ਹੈ। ਇਸ ਤਰ੍ਹਾਂ ਬਾਣੀ-ਪ੍ਰਵਚਨ ਵਿਚ ਧਰਮ ਦੇ ਦੋ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ :

(ੳ) ਸਾਮਾਨਯ ਧਰਮ ਜਾਂ ਹਕੀਕੀ ਧਰਮ
(ਅ) ਸੰਸਥਾਗਤ ਧਰਮ ਜਾਂ ਧਰਮਪੰਥ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਬਾਣੀ-ਪ੍ਰਵਚਨ ਵਿਚ ਸਮਾਨਯ ਧਰਮ 'ਏਕੋ

ਧਰਮੁ', 'ਸਚ ਧਰਮ', 'ਸ੍ਰੇਸ਼ਟ ਧਰਮ' ਅਤੇ 'ਉਤਮ ਧਰਮ' ਦੀ ਸ਼ਬਦਾਵਲੀ (terminology) ਤੋਂ ਇਲਾਵਾ ਵਿਭਿੰਨ ਧਰਮ-ਪਰੰਪਰਾਵਾਂ ਦੇ ਧਾਰਮਿਕ ਚਿਹਨਾਂ, ਵਿਸ਼ਵਾਸਾਂ ਤੇ ਅਭਿਆਸਾਂ ਦੀ ਪੁਨਰ-ਵਿਆਖਿਆ ਦੇ ਰੂਪ ਵਿਚ ਪੇਸ਼ ਹੋਇਆ ਹੈ। ਇਹ ਧਾਰਮਿਕ ਸੰਰਚਨਾਵਾਂ ਦੀਆਂ ਵੰਨ-ਸੁਵੰਨਤਾਵਾਂ, ਵੱਖਰਤਾਵਾਂ ਅਤੇ ਵਿਭਿੰਨਤਾਵਾਂ ਨੂੰ ਉਨ੍ਹਾਂ ਦੀਆਂ ਪ੍ਰਮਾਣਿਕ ਪਛਾਣਾਂ ਸਮੇਤ ਇਕਸੁਰਤਾ ਅਤੇ ਸੰਜੋਗੀ ਰਚਨਾ-ਵਿਉਂਤਾਂ ਵਿਚ ਸਮੋਣ ਵਾਲੀ ਪ੍ਰਵਿਰਤੀ ਨਾਲ ਸੰਚਿਤ ਹੈ। ਦੂਜੇ ਪਾਸੇ ਸੰਸਥਾਗਤ ਧਰਮ 'ਮਗ', 'ਪੰਥ', 'ਮਤ', 'ਮਤਾਂਤ', 'ਸਗਲ ਧਰਮ' ਅਤੇ 'ਸਰਬ ਧਰਮ' ਦੀ ਸ਼ਬਦਾਵਲੀ ਦੁਆਰਾ ਰੂਪਮਾਨ ਹੋਏ ਹਨ, ਜੋ ਵਿਸ਼ਿਸ਼ਟਵਾਦੀ ਪ੍ਰਕਿਰਤੀ ਤੇ ਪ੍ਰਵਿਰਤੀ ਦੇ ਧਾਰਨੀ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਮੁਲਾਂਕਣੀ ਪ੍ਰਕਿਰਿਆ ਤਹਿਤ ਸੰਸਥਾਗਤ ਧਰਮਾਂ ਨਾਲ ਸੰਵਾਦ ਰਚਾਉਂਦੀ ਹੋਈ ਪ੍ਰਸਤੁਤ ਸਾਮਾਨਯ ਧਰਮ (ਏਕੋ ਧਰਮੁ/ਸਚੁ ਧਰਮੁ) ਨੂੰ 'ਸੁਲਹਕੁਲ' ਦੇ ਅਰਥਾਂ ਵਿਚ ਸਥਾਪਿਤ ਕਰਨ ਵੱਲ ਰੁਚਿਤ ਪ੍ਰਤੀਤ ਹੁੰਦੀ ਹੈ। ਇਸ ਪ੍ਰਕਿਰਿਆ ਦੌਰਾਨ ਸੰਸਥਾਗਤ ਧਰਮਾਂ ਦੀਆਂ ਧਰਮ-ਸ਼ਾਸਤਰੀ ਪਛਾਣਾਂ ਅਤੇ ਮਾਣ-ਸਨਮਾਨ ਹੀ ਬਰਕਰਾਰ ਨਹੀਂ ਰਹਿੰਦੇ ਸਗੋਂ ਸੰਸਥਾਗਤ ਧਰਮਾਂ ਦੀ ਸਾਰਥਿਕਤਾ ਤੇ ਪ੍ਰਸੰਗਿਕਤਾ ਦੇ ਲੁਪਤ 'ਰਾਜ਼' ਵੀ ਝਾਤ ਪਾਉਂਦੇ ਦੇਖੇ ਜਾ ਸਕਦੇ ਹਨ।

ਬੇਸ਼ੱਕ ਬਾਣੀ-ਪ੍ਰਵਚਨ ਵਿਚ ਸਾਮਾਨਯ ਧਰਮ ਇਕਵਚਨੀ ਅਰਥਾਂ ਵਿਚ ਅਤੇ ਸੰਸਥਾਗਤ ਧਰਮ ਬਹੁਵਚਨੀ ਅਰਥਾਂ ਵਿਚ ਪ੍ਰਯੋਗ ਹੋਏ ਹਨ ਪਰੰਤੂ ਪ੍ਰਵਿਰਤੀ ਤੇ ਪ੍ਰਕਿਰਤੀ ਪੱਖੋਂ ਇਨ੍ਹਾਂ ਦੇ ਗਿਆਨ-ਸ਼ਾਸਤਰੀ ਅਰਥ ਉਲਟ ਖੇਡ ਖੇਡਦੇ ਦਿੱਸਦੇ ਹਨ। ਸਾਮਾਨਯ ਧਰਮ ਦੀ ਬਹੁਵਾਦੀ ਪ੍ਰਕਿਰਤੀ ਤੇ ਪ੍ਰਵਿਰਤੀ ਉਸ ਨੂੰ ਵੰਨ-ਸੁਵੰਨਤਾਵਾਂ, ਵਿਲੱਖਣਤਾਵਾਂ ਅਤੇ ਵੱਖਰਤਾਵਾਂ ਨੂੰ ਆਪਣੇ ਅੰਦਰ ਸਮੋਣ ਅਤੇ ਉਨ੍ਹਾਂ ਨੂੰ ਸਹਿਹੋਂਦ ਦੇ ਸੂਤਰ ਵਿਚ ਪਰੋਣ ਦੀ ਸਮਰੱਥਾ ਵੀ ਪ੍ਰਦਾਨ ਕਰਦੀ ਹੈ। ਦੂਜੇ ਪਾਸੇ ਸੰਸਥਾਗਤ ਧਰਮ ਜਾਂ ਧਰਮਪੰਥ, ਬਹੁਵਚਨੀ ਹੋਂਦਾਂ ਦੇ ਬਾਵਜੂਦ ਵਿਸ਼ਿਸ਼ਟਵਾਦੀ ਦੇ ਇਕਹਿਰੀ ਪ੍ਰਵਿਰਤੀ ਨਾਲ ਸੰਚਿਤ ਹਨ ਅਤੇ ਬਹੁਵਾਦੀ ਪ੍ਰਕਿਰਤੀ ਤੋਂ ਸੱਖਣੇ ਦਿਖਾਈ ਦਿੰਦੇ ਹਨ।

ਹਕੀਕੀ ਧਰਮ, ਪਾਰ-ਸੰਪਰਦਾਇਕ ਰਚਨਾ-ਵਿਉਂਤ ਹੈ ਜੋ ਧਰਮਪੰਥੀਆਂ ਦੀਆਂ ਵਿਸ਼ਿਸ਼ਟਵਾਦੀ ਧਾਰਨਾਵਾਂ, ਸੰਕੀਰਨ ਮਨੋਬਣਤਰਾਂ ਅਤੇ ਰਸਮੀ-ਅਭਿਆਸਾਂ ਨੂੰ ਵਿਰਾਟ ਬ੍ਰਹਿਮੰਡੀ ਪਰਮਾਰਥੀ ਸਰੋਕਾਰਾਂ ਨਾਲ ਜੋੜ ਕੇ ਪੁਨਰ-ਪਰਿਭਾਸ਼ਤ ਕਰਦੀ ਹੈ। ਇਹ ਦੂਰਦ੍ਰਿਸ਼ਟਤਾ ਅਤੇ ਸਹਿਹੋਂਦ ਦੇ ਵਡੇਰੇ ਉਦਾਤ-ਭਾਵ ਜਗਾਉਣ ਦੀ ਸ਼ਕਤੀ ਰੱਖਦੀ ਹੈ। ਬਹੁਧਰਮੀ ਸੰਰਚਨਾਵਾਂ ਨੂੰ ਪਰਮਾਰਥੀ ਸੱਚ ਨਾਲ ਚਾਰਜ ਕਰ ਕੇ ਵਿਭਿੰਨ ਧਰਮ-ਪੰਥਾਂ ਨੂੰ ਆਪਣੇ ਖੁੱਸੇ ਹੋਏ ਗੌਰਵ ਦੀ ਮੁੜ ਬਹਾਲੀ ਲਈ ਸ਼ੁੱਭ ਅਮਲਾਂ

ਦੇ ਰੂਪ ਵਿਚ ਪੇਸ਼ ਤਰਕੀਬਾਂ ਬਾਣੀ-ਪ੍ਰਵਚਨ ਦੇ ਹਕੀਕੀ ਧਰਮ ਦੀ ਲਖਤਾ ਕਰਾਉਂਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਹ ਹਕੀਕੀ ਧਰਮ, ਸੱਚ ਨੂੰ ਦ੍ਰਿੜ੍ਹ ਕਰਨ ਦੇ ਉਦਾਤ ਤੇ ਅਦੁੱਤੀ ਅਰਥਾਂ ਵਿਚ ਪਰਿਭਾਸ਼ਤ ਹੁੰਦਾ ਹੈ :

*ਏਕੋ ਧਰਮੁ ਦ੍ਰਿੜੈ ਸਚੁ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*[3]

ਸਮਕਾਲੀ ਚਿੰਤਨ ਵਿਚ ਅੰਤਰਾਂ ਜਾਂ ਭਿੰਨਤਾਵਾਂ ਦੀ ਪ੍ਰਮਾਣਿਕਤਾ 'ਤੇ ਬਲ ਦੇਣ ਵਾਲੀ ਪ੍ਰਭਾਵਕਾਰੀ ਪ੍ਰਕਿਰਤੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਪ੍ਰਵਚਨ-ਵਿਧੀ ਵਿਚ ਪਹਿਲਾਂ ਤੋਂ ਹੀ ਮੌਜੂਦ ਹੈ। ਇਹ ਦ੍ਰਿਸ਼ਟੀ ਜਿੱਥੇ ਕੁਦਰਤੀ ਵਰਤਾਰੇ ਵਿਚ ਵਿਦਮਾਨ ਹਰ ਤੱਤ, ਅੰਸ਼ ਅਤੇ ਸੰਰਚਨਾ ਦੀ ਨਿਵੇਕਲੀ ਹਸਤੀ ਨੂੰ ਪ੍ਰਮਾਣਿਤ ਕਰਦੀ ਹੈ, ਉੱਥੇ ਮਾਨਵੀ ਸਮਾਜ ਦੇ ਅੰਤਰਾਂ ਨੂੰ ਸਹਿਜ ਰੂਪ 'ਚ ਗ੍ਰਹਿਣ ਕਰਨ ਵਾਲੀ ਮਨੋਬਿਰਤੀ ਦੀ ਸਿਰਜਣਕਾਰੀ ਲਈ ਮਾਡਲ ਦੇ ਰੂਪ ਵਿਚ ਪੇਸ਼ ਹੁੰਦੀ ਹੈ। ਬਾਣੀ-ਪ੍ਰਵਚਨ ਵਿਚ ਪਾਰਬ੍ਰਹਮ ਦੀ ਸਰਬਕਾਲੀ ਤੇ ਪ੍ਰਭੂਤਾ-ਸੰਪੰਨ ਹੋਂਦ ਦਾ ਜਲਵਾ, ਬ੍ਰਹਿਮੰਡੀ ਰਚਨਾ ਦੇ ਬਹੁਪ੍ਰਕਾਰੀ, ਬਹੁਰੰਗੇ, ਵੰਨਸੁਵੰਨੇ ਅੰਸ਼ਾਂ ਅਤੇ ਅੰਤਰਾਂ ਦੀ ਸਰਬਵਿਆਪਕਤਾ ਦੇ ਰੂਪ ਵਿਚ ਪੇਸ਼ ਹੁੰਦਾ ਹੈ :

*-ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ॥*
*ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ॥*[4]
*-ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ॥*[5]
*-ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ॥*[6]

ਬਾਣੀ-ਪ੍ਰਵਚਨ ਅਨੁਸਾਰ ਸ੍ਰਿਸ਼ਟੀ ਵਿਚ ਮੌਜੂਦ ਸਭ ਵਸਤੂਆਂ, ਜੀਵਾਂ, ਬਨਸਪਤੀ ਦੀਆਂ ਕੋਟੀਆਂ, ਕਿਸਮਾਂ, ਜਿਨਸਾਂ ਅਤੇ ਜਾਤੀਆਂ ਇੱਕੋ ਦਿੱਬ-ਜੋਤਿ ਤੋਂ ਪ੍ਰਕਾਸ਼ਮਾਨ ਹੋਣ ਦੇ ਬਾਵਜੂਦ ਵੀ ਰੂਪ-ਭਿੰਨਤਾ ਦੀਆਂ ਗ੍ਰਹਿਣਕਰਤਾ ਹਨ। ਕੁਦਰਤ ਦੀ ਰਚਨਾਕਾਰੀ ਦੇ ਤਮਾਮ ਪਾਸਾਰਾਂ ਵਿਚ ਬਨਸਪਤੀ ਅਤੇ ਜੀਵਾਂ ਦੀਆਂ ਵਿਭਿੰਨ ਨਸਲੀ ਸ਼੍ਰੇਣੀਆਂ (species) ਵਿਚ ਆਪੋ-ਆਪਣੀ ਸ਼੍ਰੇਣੀ ਨਾਲ ਸਮਰੂਪਤਾ ਦੇ ਆਭਾਸ ਦੇ ਬਾਵਜੂਦ ਬਾਰੀਕ-ਅੰਤਰੀਵੀ ਬਣਤਰਾਂ, ਵਿਉਂਤਾਂ ਤੇ ਤਰਤੀਬਾਂ ਦੇ ਪੱਧਰ 'ਤੇ ਵਿਦਮਾਨ/ਦ੍ਰਿਸ਼ਟਮਾਨ ਵਖਰੇਵੇਂ ਤੇ ਵਿਲੱਖਣਤਾਵਾਂ, ਪਾਰਬ੍ਰਹਮ ਦੇ ਰਚਨਾ-ਵਿਧਾਨ ਦਾ ਵਿਸਮਾਦੀ ਵਰਤਾਰਾ ਹੈ :

*ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥*
*ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥*[7]

ਬਾਣੀ-ਪ੍ਰਵਚਨ ਵਿਚ ਪਰਮਸੱਚ/ਪਾਰਬ੍ਰਹਮ ਦੀ ਬਹੁਕੇਂਦਰੀ, ਬਹੁ-ਪਰਿਪੇਖੀ ਹੋਂਦ ਦਾ ਪ੍ਰਗਟਾਵਾ ਧਰਮ-ਸ਼ਾਸਤਰੀ ਅਤੇ ਸੱਭਿਆਚਾਰਕ ਚਿਹਨਾਂ ਰਾਹੀਂ ਹੋਇਆ ਹੈ। ਵਿਸਮਾਦ, ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੇ ਪ੍ਰਮੁੱਖ ਚਿਹਨਾਂ ਵਿੱਚੋਂ ਇੱਕ ਹੈ

ਜਿਸ ਨੂੰ ਬਹੁਪ੍ਰਕਾਰੀ ਚਿਹਨਕਾਂ ਦੁਆਰਾ ਚਿਹਨਿਤ ਕੀਤਾ ਗਿਆ ਹੈ ਜਿਵੇਂ :

*ਵਿਸਮਾਦੁ ਨਾਦ ਵਿਸਮਾਦੁ ਵੇਦ॥ ਵਿਸਮਾਦੁ ਜੀਅ ਵਿਸਮਾਦ ਭੇਦ॥*
*ਵਿਸਮਾਦੁ ਰੂਪ ਵਿਸਮਾਦੁ ਰੰਗ॥ ਵਿਸਮਾਦੁ ਨਾਗੇ ਫਿਰਹਿ ਜੰਤ॥*
*ਵਿਸਮਾਦ ਪਉਣੁ ਵਿਸਮਾਦੁ ਪਾਣੀ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ॥*
*ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ ਵਿਸਮਾਦੁ ਸਾਦਿ ਲਗਹਿ ਪਰਾਣੀ॥*
*ਵਿਸਮਾਦੁ ਸੰਜੋਗੁ ਵਿਸਮਾਦ ਵਿਜੋਗੁ॥ ਵਿਸਮਾਦੁ ਭੁਖ ਵਿਸਮਾਦੁ ਭੋਗੁ॥*
*ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ ਵਿਸਮਾਦੁ ਉਝੜ ਵਿਸਮਾਦੁ ਰਾਹ॥*
*ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ ਵਿਸਮਾਦੁ ਦੇਖੈ ਹਾਜਰਾ ਹਜੂਰਿ॥*
*ਵੇਖਿ ਵਿਡਾਣੁ ਰਹਿਆ ਵਿਸਮਾਦੁ॥ ਨਾਨਕ ਬੁਝਣੁ ਪੂਰੈ ਭਾਗਿ॥*[੯]

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਪਵਿੱਤਰ-ਪਾਠ ਦੇ ਉਪਰੋਕਤ ਪ੍ਰਕਰਨਾਂ ਵਿਚ ਕੁਦਰਤ ਅਤੇ ਮਾਨਵੀ ਜੀਵਨ ਨਾਲ ਸੰਬੰਧਿਤ ਵੰਨ-ਸੁਵੰਨੇ ਵਚਿੱਤਰ ਵਰਤਾਰੇ - ਰੂਪ, ਰੰਗ, ਨਾਦ, ਭੇਦ, ਵੇਦ, ਜੀਅ, ਜੰਤ, ਪੌਣ-ਪਾਣੀ, ਧਰਤੀ, ਅਗਨੀ, ਖਾਣੀਆਂ, ਭੁੱਖ, ਭੋਗ, ਸੁਆਦ, ਸੰਜੋਗ-ਵਿਜੋਗ, ਨਜ਼ਦੀਕੀਆਂ, ਦੂਰੀਆਂ ਤੇ ਹਜ਼ੂਰੀਆਂ - ਸਭ ਮਾਨਵੀ ਅਨੁਭਵ ਨੂੰ ਵਿਸਮਾਦੀ ਪ੍ਰਤੀਤੀ ਨਾਲ ਨਿਹਾਲ ਕਰਨ ਵਾਲੀਆਂ ਰਚਨਾ-ਵਿਉਂਤਾਂ ਹਨ। ਵਿਸਮਾਦੀ ਅਨੇਕਤਾ ਦਾ ਇਹ ਪ੍ਰਸੰਗ ਵਿਸ਼ਵ ਸਮਾਜ ਅੰਦਰ ਮੌਜੂਦ ਧਾਰਮਿਕ, ਸੱਭਿਆਚਾਰਕ, ਰਾਜਨੀਤਕ ਵਿਭਿੰਨਤਾਵਾਂ ਤੇ ਵਿਲੱਖਣਤਾਵਾਂ ਵਿਚਕਾਰ ਪਰਸਪਰ ਸਾਂਝ, ਸਹਿਹੋਂਦ ਅਤੇ ਸੰਤੁਲਿਤ ਸਮਝ ਵਿਕਸਿਤ ਕਰਨ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ।

ਬਾਣੀ-ਪ੍ਰਵਚਨ ਵਿਚ ਪ੍ਰਸਤੁਤ ਹੋਈ ਵਿਸਮਾਦੀ ਅਨੇਕਤਾ ਨੂੰ ਪ੍ਰਮਾਣਿਕਤਾ ਸਹਿਤ ਸਵੀਕਾਰਨ ਤੇ ਮਾਣਨ ਦੀ ਪ੍ਰਵਿਰਤੀ ਆਤਮ-ਵਿਗਾਸ, ਆਨੰਦ ਤੇ ਖੇੜੇ ਦੀ ਸਿਰਜਕ ਹੈ। ਜਦਕਿ ਧਾਰਮਿਕ, ਜਾਤੀ, ਨਸਲੀ, ਇਲਾਕਾਈ ਆਦਿ ਸਰਬਪ੍ਰਕਾਰੀ ਵੰਨ-ਸੁਵੰਨਤਾਵਾਂ ਵਿਚਕਾਰ ਵਿਤਕਰੇਬਾਜ਼ੀ, ਦਮਨਕਾਰੀ, ਸ਼ੋਸ਼ਣਕਾਰੀ ਰੁਚੀਆਂ ਦਾ ਦਾਖ਼ਲਾ, ਕਾਇਨਾਤੀ ਵਿਚਿੱਤਰਤਾ ਦੇ ਵਿਸਮਾਦੀ ਸੁਭਾਅ ਦੇ ਪ੍ਰਤਿਕੂਲ ਹੈ। ਬਾਣੀ ਪ੍ਰਵਚਨ ਸਮਾਜਕ-ਸੱਭਿਆਚਾਰਕ ਸੰਦਰਭਾਂ ਵਿਚ ਹਾਜ਼ਰ ਨਿਜ਼ਾਮ ਦੀਆਂ ਦਮਨਕਾਰੀ, ਸ਼ੋਸ਼ਣਕਾਰੀ ਅਤੇ ਅਨਿਆਂਕਾਰੀ ਰਚਨਾ-ਵਿਉਂਤਾਂ ਨੂੰ ਅਦ੍ਰਿਸ਼ਟ, ਅਣਪ੍ਰਦਰਸ਼ਿਤ, ਪਰਮਾਰਥੀ ਸੱਚ ਦੀ ਹਾਜ਼ਰੀ ਨਾਲ ਤਬਦੀਲ ਕਰਨ ਦੀਆਂ ਨਵੀਨ ਰਚਨਾ-ਵਿਉਂਤਾਂ ਪੇਸ਼ ਕਰਦਾ ਹੈ।

*ਚਲਦਾ. . .*

# ਮਹਿਮਾ ਛੇਵੇਂ ਸਤਿਗੁਰ ਦੀ

*-ਡਾ. ਦੇਵਿੰਦਰ ਸਿੰਘ ਵਿਦਿਆਰਥੀ (ਗੁਰਪੁਰਵਾਸੀ)**

ਸੰਤ ਨਿਹਾਲ ਸਿੰਘ ਨਿਰਮਲ ਨਾਮ ਦੇ ਕਈ ਕਵੀ ਉਨ੍ਹੀਵੀਂ ਸਦੀ ਵਿਚ ਹੋਏ। ਅੱਜ ਇਨ੍ਹਾਂ ਦੀਆਂ ਰਚਨਾਵਾਂ ਦਾ ਠੀਕ-ਠੀਕ ਨਿਖੇੜਾ ਕਰਨਾ ਕਠਿਨ ਹੋ ਗਿਆ ਹੈ। ਮੋਟੇ ਤੌਰ 'ਤੇ ਸਾਨੂੰ ਇਹ ਸਮਾਚਾਰ ਮਿਲਦੇ ਹਨ:

੧. ਸੰਤ ਨਿਹਾਲ ਸਿੰਘ ਠਾਕੁਰ (੧੯੦੭-੧੯੯੫)
੨. ਸੰਤ ਨਿਹਾਲ ਸਿੰਘ ਕਵਿੰਦਰ (੧੯੩੦-੧੯੯੬)
੩. ਪੰਡਿਤ ਨਿਹਾਲ ਸਿੰਘ ਜਪੁ ਜੀ ਸਾਹਿਬ ਦਾ ਸੰਸਕ੍ਰਿਤ ਵਿਚ ਟੀਕਾ ਕਰਨ ਵਾਲੇ।
੪. ਪੰਡਿਤ ਨਿਹਾਲ ਸਿੰਘ ਜਾਪ ਸਾਹਿਬ ਦੇ ਚੱਕਰ ਧਰ ਚਰਿਤ੍ਰ ਚਾਰੂਚੰਦ੍ਰਿਕ ਦੇ ਨਾਮ ਹੇਠ ਸੰਸਕ੍ਰਿਤ ਦਾ ਟੀਕਾ ਰਚਣ ਵਾਲੇ।
੫. ਸੰਤ ਨਿਹਾਲ ਸਿੰਘ ਨਿਰਮਲ, 'ਕਵਿੰਦਰ' ਸੰਤ ਨਿਹਾਲ ਸਿੰਘ ਦੇ ਚਾਟੜੇ। ਜਿਹੜੇ ਸੁਧਾਸਰ ਸ਼ਤਕ ਪਚੀਸਰ ਦੇ ਸੰਪਾਦਕ ਸਨ।
੬. ਬਾਬਾ ਖੁਦਾ ਸਿੰਘ ਜੀ ਦੇ ਚਾਟੜੇ ਭਾਈ ਨਿਹਾਲ ਸਿੰਘ ਲਾਹੌਰੀ, ਦੇਹਾਂਤ ੧੯੦੦ ਈ.

ਅਸੀਂ ਜਿਸ ਵਿਦਵਾਨ ਮਹਾਂਪੁਰਸ਼ ਦੀ ਰਚਨਾ ਆਪ ਨੂੰ ਪੇਸ਼ ਕਰ ਰਹੇ ਹਾਂ, ਉਨ੍ਹਾਂ ਆਪਣੇ ਗੁਰੂ-ਜਨਾਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

*ਸ੍ਰੀ ਗੁਰ ਸੋਭਾ ਦਸਮ ਗੁਰ ਪਰਮ ਉਪਾਸ਼ਕ*
*ਸਾਹਿਬ ਸਾਹਿਬ ਸਿੰਘ ਦੁਸਟ-ਹਨ ਧਰਮ ਪ੍ਰਕਾਸ਼ਕ*
*ਭਾਗ ਸਿੰਘ ਵਡਭਾਗ ਸੰਭੂ ਸਮ ਸਰਬ ਸਕਾਤੰਕਰ,*
*ਗਹਿਰ ਗੰਭੀਰ ਸੁਬੀਰ ਬੀਰ ਬਲਬੀਰ ਸਿੰਘ ਵਰ।*
*ਕਵਿ ਸ੍ਰੀ ਗੁਰ ਸ੍ਰੀ ਯਸ਼ਵੰਤ ਹਰਿ ਭਰਥ ਦਤ ਅਵਧੂਤ ਵਤ।*
*ਪਦ ਪਦਮ ਦਸਉ ਉਰ ਧਯਾਤਧਰ ਵਰਨਉ ਪ੍ਰਭਯਸ ਵਿਘਨ-ਹਤ॥*

ਇਹ ਵੇਰਵਾ ਕਵੀ ਨੇ ਆਪ ਉਸੇ ਪੁਸਤਕ ਦੇ ਪੱਤਰਾ ੨੬ ਉੱਤੇ ਦਰਜ ਕੀਤਾ ਹੈ ਜਿਸ ਵਿੱਚੋਂ ਅੱਗੇ ਦਿੱਤਾ ਜਾ ਰਿਹਾ ਮਹਿਮਾ-ਪਾਠ ਹੈ। ਇਹ ਪੁਸਤਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਦੇ ਸੰਗ੍ਰਹਿ ਵਿਚ ਸੁਰੱਖਿਅਤ ਹੈ। ਪੁਸਤਕ ਦਾ ਨਾਮ 'ਜਗਤ ਗੁਰੂ ਪੰਥ ਪ੍ਰਬੋਧ-ਨਾਟਕ' ਦਰਜ ਹੈ। ਇਸ ਪੁਸਤਕ ਵਿਚ ਗੁਰ ਮਹਿਮਾ ਦੇ ਪ੍ਰਸੰਗ ਉਤਰਾਰਧ-ਪੂਰਬਾਰਧ, ਮਹੀਨਿਆਂ, ਰੁੱਤਾਂ ਆਦਿ ਦੇ ਸਿਰਲੇਖਾਂ ਵਿਚ ਵੰਡ ਕੇ ਦਿੱਤੇ ਹੋਏ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਿਤ-ਵਰਣਨ ਨਾਲ ਸੰਬੰਧਿਤ ਸਮੱਗਰੀ ੭੪ ਪੱਤ੍ਰਿਆਂ 'ਤੇ ਫੈਲੀ ਹੈ। ਪਾਠਕਾਂ ਦੀ ਸੇਵਾ ਵਿਚ ਅਸੀਂ ਇਕ

*ਸਾਬਕਾ ਇੰਚਾਰਜ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

ਬਾਰਹਮਾਹ ਭੇਟ ਕਰ ਰਹੇ ਹਾਂ। ਭਾਵੇਂ ਸੰਤ ਨਿਹਾਲ ਸਿੰਘ ਜੀ ਨੇ ਯਤਨ ਕਰਕੇ ਬ੍ਰਿਜ ਭਾਸ਼ਾ ਦੇ ਸਰੂਪ ਨੂੰ, ਵੱਧ ਤੋਂ ਵੱਧ ਪੰਜਾਬੀ ਦੇ ਨੇੜੇ ਰੱਖਣ ਦੀ ਖੇਚਲ ਕੀਤੀ ਹੈ ਤਦ ਵੀ ਅੱਜ ਦੇ ਪੋਚ ਨੂੰ ਸਮਝਣ ਵਿਚ ਕੁਝ ਕਠਿਨਾਈ ਹੋਵੇਗੀ। ਇਸ ਲਈ ਮੂਲ ਪਾਠ ਦੇ ਨਾਲ-ਨਾਲ ਅਰਥ ਵੀ ਸੰਖੇਪ ਰੂਪ ਵਿਚ ਲਿਖ ਦਿੱਤੇ ਹਨ।

ਅਥ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚਰਿਤ੍ਰ ਬਰਣਨ ਛੰਦ ਪਦ॥

*ਗੁਰੁ ਗੋਬਿੰਦ ਸੋਢੀ ਕੁਲ ਜਲਧਿ ਪ੍ਰਗਟ ਭਏ ਚੰਦਾ।*
*ਸਤ੍ਰਨ ਕਰਿ ਕੇਹਰੀ ਗਯਾਨ ਘਨ ਸੰਤਨ ਕੇ ਸੁਖ ਕੰਦਾ।*
*ਤਿਨ ਜਬ ਸੁਨਾ ਲਹੌਰ ਗੁਰੂ ਜੀ ਜੋਤੀ ਜੋਤਿ ਸਮਾਇ।*
*ਫਰਕੇ ਨੈਨ ਭੁਜਾ ਦਹਿਨੇ ਪਿਤ ਲਿਉ ਬਦਲਾ ਮੁਖ ਗਾਇ।*
*ਛਾਇ ਸਬ ਅੰਗ ਬੀਰ ਰਸ ਮੈ॥੧॥*

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੋਢੀ ਕੁਲ ਦੇ ਸਮੁੰਦਰ ਵਿਚ ਚੰਦ ਪ੍ਰਗਟ ਹੋਏ। ਇਸ ਵਿਚ ਸਾਗਰ ਵਿੱਚੋਂ ਚੰਦਰਮਾ ਦੇ ਉਪਜਣ ਦੇ ਕਵਿ-ਸੰਕਲਪ ਵਾਲੇ ਰੂਪਕ ਦਾ ਜ਼ਿਕਰ ਹੈ। ਉਹ ਵੈਰੀਆਂ ਲਈ ਬੱਬਰ ਸ਼ੇਰ ਸਮਾਨ ਹਨ ਅਤੇ ਗਿਆਨ ਦੀ ਘਟਾ ਜਿਹੇ (ਭਰੇ ਭਕੁੰਨੇ) ਹਨ ਅਤੇ ਸੰਤਾਂ ਲਈ ਸੁਖ ਦਾ ਮੂਲ ਹਨ। ਉਨ੍ਹਾਂ ਜਦੋਂ ਸੁਣਿਆ ਕਿ ਗੁਰੂ ਜੀ (ਪੰਚਮ ਪਾਤਸ਼ਾਹ) ਲਾਹੌਰ ਵਿਚ ਜੋਤੀ ਜੋਤਿ ਸਮਾ ਗਏ ਹਨ। (ਤਦ ਆਪ ਦੀ) ਸੱਜੀ ਭੁਜਾ ਅਤੇ ਨੈਨ (ਭਾਵਾਂ ਵਿਚ ਤਰਥੱਲ ਕਾਰਨ) ਫੜਕ ਉੱਠੇ। ਆਪ ਨੇ ਪ੍ਰਣ ਲਿਆ ਕਿ ਪਿਤਾ (ਨਾਲ ਹੋਈ ਵਧੀਕੀ) ਦਾ ਬਦਲਾ ਲਵਾਂਗੇ। (ਅਜਿਹਾ ਪ੍ਰਣ ਲੈਂਦਿਆਂ) ਹਜ਼ੂਰ ਸਤਿਗੁਰੂ ਦੇ ਸਾਰੇ ਅੰਗ ਬੀਰ ਰਸ ਦੇ ਭਾਵਾਂ ਨਾਲ ਭਰਪੂਰ ਹੋ ਗਏ॥੧॥

*ਚੇਤ, ਚੌਂਪ ਚੰਦੂ ਪਕੜਣ ਕੀ ਹੁਈ ਅਧਿਕ ਮਨ ਮਾਹੀ।*
*ਗਾਦੀ ਬੈਠਤ ਹੁਕਮ ਦੀਆ ਸਿਖ ਸਸਤ੍ਰ ਅਸਤ੍ਰ ਸਭ ਲਯਾਹੀ।*
*ਲਿਖੇ ਹੁਕਮਨਾਮੇ ਦੇਸਨ ਮੈ ਸਨ ਸਿਖਨ ਮਨ ਭਾਇ।*
*ਘੋੜੇ ਸ਼ਸਤ੍ਰ ਬਸਤ੍ਰ ਬਹੁ ਮੁਲ ਕੇ ਲੈ ਲੈ ਤੁਰਤ ਸਿਧਾਏ।*
*ਭਾਇ ਗਏ ਸਤਿਗੁਰ ਜਬ ਦੇਖੇ॥੨॥*

ਚੇਤ (ਮਹੀਨਾ ਤੇ ਚੇਤਨਾ) ਵਿਚ ਚੰਦੂ ਨੂੰ ਫੜ ਲੈਣ ਦੀ ਇੱਛਾ ਮਨ ਵਿਚ ਬਹੁਤ ਵਧੀ। ਗੱਦੀ ਬੈਠਦਿਆਂ (ਛੇਵੇਂ ਸਤਿਗੁਰ) ਨੇ ਹੁਕਮ ਦਿੱਤਾ ਸਾਰੇ ਹੀ ਸਿੱਖ ਸ਼ਸਤ੍ਰ ਅਸਤ੍ਰ ਲੈ ਕੇ (ਹਜ਼ੂਰ ਦੇ ਦਰਸ਼ਨਾਂ ਨੂੰ) ਆਉਣ। ਦੇਸ਼ਾਂ ਨੂੰ ਹੁਕਮਨਾਮੇ ਲਿਖ ਕੇ ਘੱਲੇ, ਸਿੱਖਾਂ ਨੂੰ ਇਹ ਹੁਕਮਨਾਮੇ ਚੰਗੇ ਲੱਗੇ। ਘੋੜੇ, ਕੱਪੜੇ, ਹਥਿਆਰ ਵਡਮੁੱਲੇ ਲੈ-ਲੈ ਕੇ ਸਿੱਖ ਤਤਕਾਲ ਹਾਜ਼ਰ ਹੋਣ ਲੱਗੇ। ਸਤਿਗੁਰੂ ਨੇ ਜਦੋਂ (ਇਹ ਭੇਟਾ ਆਈਆਂ) ਵਸਤਾਂ ਦੇਖੀਆਂ, ਪ੍ਰਸੰਨਤਾ ਪ੍ਰਗਟਾਈ।

*ਚੜ੍ਹੇ ਵਿਸਾਖ ਕ੍ਰਿਪਾਲ ਸਤਿਗੁਰੂ ਭੂਖਣ ਬਸਤ੍ਰ ਬਨਾਇ।*

*ਸਸਤ੍ਰ ਪਹਰ ਕਰ ਦਰਸ ਕ੍ਰਿਤਾਰਥ ਹੁਇ ਸਭ ਧਾਮ ਸਿਧਾਏ।*
*ਸੈਲ ਕਰਨ ਹਿਤ ਚੜ੍ਹ ਘੋੜੇ ਪਰ ਸੰਗ ਫੌਜ ਲੈ ਭਾਰੀ।*
*ਬਿਚਰਨ ਚਲੇ ਸੁਧਾਸਰ ਬਾਹਰ ਖਬਰ ਪਸਰ ਗਈ ਸਾਰੀ।*
*ਭਾਰੀ ਅਬ ਜਦ ਹੋਵਨਗੇ॥੩॥*

ਵਿਸਾਖ ਚੜ੍ਹਦਿਆਂ ਕਿਰਪਾ ਕਰਨ ਵਾਲੇ ਸਤਿਗੁਰੂ ਨੇ ਜੇਵਰ ਕੱਪੜੇ ਬਣਾਏ। ਸ਼ਸਤਰ ਪਹਿਨੇ (ਸੰਗਤ ਵਿਚ ਆਏ ਸਿੱਖ) ਦਰਸ਼ਨ ਕਰ ਕੇ ਕਿਰਤਾਰਥ ਹੋ ਕੇ (ਕਾਰਜ ਪੂਰਾ ਕਰ ਕੇ) ਸਾਰੇ ਆਪਣੇ-ਆਪਣੇ ਘਰਾਂ ਨੂੰ ਪਰਤੇ। (ਸਤਿਗੁਰੂ ਜੀ) ਭਾਰੀ ਫੌਜ ਨਾਲ ਲੈ ਕੇ, ਘੋੜੇ 'ਤੇ ਸਵਾਰ ਹੋ ਗਏ। ਸੁਧਾਸਰ (ਸ੍ਰੀ ਅੰਮ੍ਰਿਤਸਰ ਜੀ) ਤੋਂ ਬਾਹਰ ਚਰਨ ਪਾਉਣ ਚੱਲੇ, ਸਾਰੇ ਖਬਰ ਫੈਲ ਗਈ। ਹੁਣ ਭਾਰੀ ਜੰਗ-ਯੁੱਧ ਹੋਣਗੇ॥੩॥

*ਜੇਠ ਤਪਾ ਸੁਨ ਕਰ ਪ੍ਰਿਥੀਆ ਚੰਦੂ ਕੇ ਪਾਸ ਗਿਆ।*
*ਤੁਹਿ ਮਾਰਨ ਪ੍ਰਣ ਕੀਆ ਸੁਨਤ ਚੰਦੂ ਮਨ ਬਿਕਲ ਭਇਆ।*
*ਜਹਾਗੀਰ ਢਿਗ ਜਾਇ ਚੁਗਲ ਚੁਗਲੀ ਸਤਿਗੁਰ ਕੀ ਕੀਨੀ।*
*ਰਾਜ ਲੈਨ ਕੀ ਮਨਸਾ ਕਰਿ ਬਹੁ ਫੌਜ ਪਾਸ ਰਖ ਲੀਨੀ।*
*ਦੀਨੀ ਮੈ ਖਬਰ ਪ੍ਰਬਲ ਰਿਪੁ ਕੀ॥੪॥*

ਜੇਠ (ਦੀ ਤਪਦੀ ਰੁੱਤ ਵਾਂਗ, ਮਨ ਦੇ ਸੰਤਾਪ ਕਾਰਨ) ਸੁਣਦਿਆਂ ਹੀ ਪ੍ਰਿਥੀਆ ਚੰਦੂ ਪਾਸ ਗਿਆ; (ਜਾ ਕੇ ਆਖਿਆ ਗੁਰੂ ਨੇ) ਤੈਨੂੰ ਮਾਰਨ ਦਾ ਪ੍ਰਣ ਕਰ ਲਿਆ ਹੈ, ਚੰਦੂ ਦਾ ਮਨ ਸੁਣ ਕੇ ਬੇਚੈਨ ਹੋ ਗਿਆ। (ਚੰਦੂ ਨੇ) ਜਹਾਂਗੀਰ ਪਾਸ ਜਾ ਕੇ ਚੁਗਲੀ ਕੀਤੀ ਸਤਿਗੁਰ ਦੀ। (ਕਿ ਸਤਿਗੁਰ ਨੇ) ਰਾਜ ਲੈਣ ਦੀ ਮਨ ਧਾਰ ਕੇ ਬਹੁਤ ਸਾਰੀ ਫੌਜ ਆਪਣੇ ਪਾਸ ਰੱਖ ਲਈ ਹੈ। ਮੈਂ (ਆਪ ਨੂੰ ਆਪ ਦੇ ਇਕ) ਬਲਵਾਨ ਦੁਸ਼ਮਣ ਦੀ ਖ਼ਬਰ ਪੁਚਾ ਦਿੱਤੀ ਹੈ ਭਾਵ ਇਹ ਹੈ ਕਿ ਕੱਲ੍ਹ ਨੂੰ ਮੈਨੂੰ ਦੋਸ਼ ਨਾ ਦਿੱਤਾ ਜਾਵੇ ਕਿ ਸਮੇਂ ਸਿਰ ਦੱਸਿਆ ਕਿਉਂ ਨਹੀਂ॥੪॥

*ਹਾੜ ਹੈਰਾਨ ਸਾਹ ਦਿਲ ਹੋਇ ਵਜ਼ੀਰ ਖਾਨ ਬੁਲਵਾਇਆ।*
*ਗੁਰੂ ਘਰ ਕਾ ਸਿਖ ਜਾਨ ਗੁਰੂ ਕਾ ਸਭ ਬਿਰਤੰਤ ਸੁਨਾਇਆ।*
*ਸੁਨਿ ਵਜ਼ੀਰ ਖਾਂ ਜਾਨੀ ਮਨ ਚੰਦੂ ਲਿਯੋ ਕਾਲ ਬੁਲਾਇ।*
*ਕਹਾ ਸ਼ਾਹ ਸੋ ਤਿਨ ਬੁਲਵਾਵਹੁ ਜਹਾਗੀਰ ਮਨ ਭਾਇ।*
*ਭਾਇ ਜੋ ਗੁਰੁ ਕੌ ਹੋਇ ਸੋਈ॥੫॥*

ਹਾੜ (ਗੱਲ ਵਿਚਲੀ ਗੁੰਝਲ ਦਾ ਅਨੁਭਵ ਕਰਕੇ) ਬਾਦਸ਼ਾਹ ਨੇ ਦਿਲ ਵਿਚ ਹੈਰਾਨ ਹੋ ਕੇ (ਕਿ ਇਹ ਆਖਰ ਸਭ ਕੀ ਹੋ ਰਿਹਾ ਹੈ ਤੇ ਕਿਉਂ) ਵਜ਼ੀਰ ਨੂੰ ਬੁਲਾ ਭੇਜਿਆ। ਬਾਦਸ਼ਾਹ ਨੇ ਵਜ਼ੀਰ ਨੂੰ ਗੁਰੂ-ਘਰ ਦਾ (ਅਕਬਰ ਦੇ ਸਮੇਂ ਤੋਂ) ਸ਼ਰਧਾਲੂ ਜਾਣ ਕੇ ਗੁਰੂ ਦਾ ਸਾਰਾ ਬਿਰਤਾਂਤ ਸੁਣਾਇਆ। ਵਜ਼ੀਰ ਸੁਣ ਕੇ ਜਾਣ ਗਿਆ ਕਿ ਚੰਦੂ

ਨੇ ਆਪਣੀ ਮੌਤ ਨੂੰ ਸੱਦਾ ਦਿੱਤਾ ਹੈ। ਬਾਦਸ਼ਾਹ ਨੂੰ ਕਿਹਾ ਕਿ (ਗੁਰੂ ਜੀ ਨੂੰ) ਬੁਲਵਾ ਲਵੋ। ਜਹਾਂਗੀਰ ਨੂੰ ਗੱਲ ਜਚ ਗਈ। ਹੋਣੀ ਤਾਂ ਆਖਰ ਉਹੀ ਹੈ ਜੋ ਗੁਰੂ ਨੂੰ ਭਾਵੇਗੀ॥੫॥

*ਸਾਵਣ ਸੁਣਿ ਵਜੀਰ ਖਾਂ ਮੁਖ ਕੀ ਸਾਹ ਕਹਾ ਤੁਮ ਜਾਵਹੁ।*
*ਹਮਰੀ ਅਰਜ ਅਪਨੀ ਦਾਨਾਈ ਜਿਉਂ ਤਿਉਂ ਕਰ ਗੁਰੁ ਲਿਆਵਹੁ।*
*ਸੁਨ ਵਜੀਰ ਖਾਂ ਗੁਰ ਦਿਸ ਚਲ ਕੈ ਆਇ ਬੰਦਨਾ ਕੀਨ।*
*ਹੀਨ ਅਤੇ ਸੋ ਤਬ ਅਰਜ ਕਰੀ॥੬॥*

ਸਾਵਣ, ਵਜ਼ੀਰ ਖਾਂ ਦੇ ਮੂੰਹ ਦੀ ਸੁਣ ਕੇ ਬਾਦਸ਼ਾਹ ਨੇ ਕਿਹਾ, ਤੂੰ ਜਾਹ। ਸਾਡੀ ਬੇਨਤੀ ਅਤੇ ਆਪਣੀ ਸਿਆਣਪ ਵਰਤ ਕੇ ਜਿਉਂ ਬਣੇ ਗੁਰੂ ਜੀ ਨੂੰ ਲਿਆ। (ਬਾਦਸ਼ਾਹ ਦਾ ਹੁਕਮ) ਸੁਣ ਕੇ ਵਜ਼ੀਰ ਖਾਂ ਗੁਰੂ ਜੀ ਵੱਲ ਆਇਆ। (ਆ ਕੇ) ਬੇਨਤੀ ਕੀਤੀ। ਆਪਣੀ ਵੱਲੋਂ ਵੀ ਦਾਸ ਭਾਵਨਾ ਨਾਲ ਅਰਦਾਸ ਕੀਤੀ॥੬॥

*ਭਾਦੋਂ ਭਲਾ ਗੁਰੂ ਕਹਿ ਕਰ ਡੇਰਾ ਤਿਨਕਾ ਕਰਵਾਇਆ।*
*ਖਾਨ ਪਾਨ ਸਭ ਦੈ ਤਿਨ ਕੋ ਚਲਨੇ ਕਾ ਸਾਜ ਬਣਾਇਆ।*
*ਉਹਾਂ ਅਨੇਕ ਜਤਨ ਕਰ ਪ੍ਰਿਥੀਆ ਸਾਹ ਸਮੀਪ ਸਿਧਾਇਆ।*
*ਚੰਦੂ ਸੁਲਹੀ ਪਾਤਿਸਾਹ ਸੇ ਕਹਿ ਕਰ ਇਕ ਗ੍ਰਾਮ ਦਿਵਾਇਆ।*
*ਪਾਯ ਲੀਆ ਮਾਲਵ ਮੈ ਕੋਠਾ॥੭॥*

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ-ਭਾਵ ਜਾਣ ਕੇ ਭਾਦੋਂ ਵਿਚ ਭਲਾ ਆਪ ਡੇਰਾ ਕਰਵਾ ਦਿੱਤਾ, ਖਾਣ-ਪੀਣ ਦਾ ਸਾਰਾ ਪ੍ਰਬੰਧ ਕਰ ਦਿੱਤਾ ਅਤੇ ਆਪ ਚੱਲਣ ਦੀ ਤਿਆਰੀ ਕਰਨ ਲੱਗੇ। ਓਧਰ ਪ੍ਰਿਥੀਆ ਅਨੇਕਾਂ ਯਤਨ ਕਰ ਕੇ ਬਾਦਸ਼ਾਹ ਪਾਸ ਪਹੁੰਚਿਆ। ਚੰਦੂ ਅਤੇ ਸੁਲਹੀ ਖਾਨ ਨੇ ਬਾਦਸ਼ਾਹ ਨੂੰ ਕਹਿ ਕੇ ਇਕ ਪਿੰਡ ਦੁਆ ਦਿੱਤਾ। (ਪ੍ਰਿਥੀਏ ਨੇ) ਮਾਲਵੇ ਵਿਚ ਇਕ ਕੋਠਾ ਉਸਾਰ ਕੇ (ਪਿੰਡ ਦਾ ਨਾਮ) ਕੋਠਾ ਗੁਰੂ ਰੱਖਿਆ॥੭॥

*ਅੱਸੂ ਆਸਾ ਚੰਦੂ ਪਕੜਨ ਕੀ ਕਰ ਸਤਿਗੁਰ ਚਾਲੇ।*
*ਖਾਂ ਵਜ਼ੀਰ ਕੁਛ ਫੌਜ ਸੰਗ ਹੈ ਪਹੁੰਚੇ ਦੁਸ਼ਮਨ ਹਾਲੇ।*
*ਡੇਰਾ ਕਰ ਜਮਨਾ ਤਟ ਪਰ ਪੁਨ ਖਾਂ ਵਜ਼ੀਰ ਕਹਿ ਆਏ।*
*ਪਾਤਸ਼ਾਹ ਸੁਨਿ ਖੁਸੀ ਭਇਆ ਚੰਦੂ ਝੂਠਾ ਠਹਿਰਾਇ।*
*ਬਾਇਮਾਰਾ ਨਿਸ਼ਚੇ ਜਾਨਾ॥੮॥*

ਅੱਸੂ ਮਹੀਨੇ ਚੰਦੂ ਨੂੰ ਫੜਨ ਦੀ ਆਸ ਲੈ ਕੇ ਸਤਿਗੁਰੂ ਜੀ (ਬਾਦਸ਼ਾਹ ਵੱਲ) ਚੱਲ ਪਏ। ਵਜ਼ੀਰ ਖਾਂ ਕੁਝ ਫੌਜ ਨਾਲ ਲੈ ਕੇ ਪਹੁੰਚੇ ਦੇਖ ਵੈਰੀਆਂ ਦੇ ਮੋਰਚੇ ਵਿਚ ਹਿਲਜੁਲ ਹੋਈ। ਜਮਨਾ ਕੰਢੇ ਡੇਰਾ ਕਰ ਕੇ ਫੇਰ ਵਜ਼ੀਰ ਖਾਂ ਨੂੰ ਦੱਸ ਆਏ ਕਿ ਗੁਰੂ ਜੀ ਮਿਹਰ ਧਾਰ ਕੇ ਆ ਗਏ ਹਨ। ਪਾਤਸ਼ਾਹ ਗੁਰੂ ਜੀ ਦੇ ਆਉਣ ਦਾ ਇਹ ਕਾਰਜ,

ਝੁਰਦੇ ਰਹਿਣ ਦੇ ਸਮਾਨ ਹੀ ਸੀ। ਬਾਦਸ਼ਾਹ ਨੇ ਗੁਰੂ ਜੀ ਦੇ ਰਾਜਧਾਨੀ ਵਿਚ ਠਹਿਰਨ ਦਾ ਪ੍ਰਬੰਧ ਜਮਨਾ ਕੰਢੇ ਕਰਵਾਇਆ। ਬਾਦਸ਼ਾਹ (ਸਤਿਗੁਰ ਦਾ ਆਉਣਾ ਸੁਣ ਕੇ) ਖੁਸ਼ ਹੋਇਆ ਤੇ ਚੰਦੂ ਨੂੰ ਝੂਠਾ ਸਮਝਿਆ। ਉਸ ਨੂੰ ਵਾਉ ਮਾਰਿਆ (ਪਗਲਾ) ਨਿਸ਼ਚੇ ਕਰ ਕੇ ਜਾਣਿਆ॥੮॥

*ਕਤਕ ਕਰੀ ਸਲਾਹ ਮਿਲਨੇ ਕੀ ਪ੍ਰਾਤਹਿ ਗੁਰੁ ਬੁਲਵਾਏ।*
*ਊਚ ਸਿੰਘਾਸਨ ਪਰ ਬਿਠਾਇ ਚਰਚਾ ਕਰ ਸੁਨਿ ਸੁਖ ਪਾਏ।*
*ਰੂਪ ਦੇਖ ਬਚ ਸੁਨਤ ਮਗਨ ਮਨ ਡੇਰੇ ਚਲ ਪ੍ਰਨ ਨਾਲ।*
*ਤਾਹਿ ਬਿਠਾਏ ਆਪ ਗੁਰੁ ਗਮਨੇ ਚੰਦੂ ਸਿਰ ਕੇ ਕਾਲ॥੯॥*

ਕੱਤਕ ਮਿਲਣ ਦੀ ਸਲਾਹ ਕਰ ਕੇ ਸਵੇਰ ਸਾਰ ਗੁਰੂ ਜੀ ਬੁਲਵਾਏ। ਉੱਚੇ ਸਿੰਘਾਸਨ ਉੱਤੇ (ਆਦਰ ਨਾਲ) ਬਿਠਾ ਕੇ ਗੱਲਾਂ ਕੀਤੀਆਂ। ਸੁਣ ਕੇ ਸੁਖ ਲਿਆ। ਰੂਪ ਦੇਖ ਕੇ ਬਚਨ ਸੁਨ ਕੇ (ਬਾਦਸ਼ਾਹ ਦਾ) ਮਨ ਮਗਨ ਹੋ ਗਿਆ। ਡੇਰੇ ਆ ਗਿਆ। (ਬਾਦਸ਼ਾਹ ਨੂੰ) ਬਿਠਾ ਕੇ ਗੁਰੂ ਜੀ ਆਪ ਸਵਾਰ ਹੋਏ ਜਿਵੇਂ ਚੰਦੂ ਦਾ ਕਾਲ ਸਿਰ 'ਤੇ ਝੂਲਿਆ।

*ਮਘਰ ਮਨ ਚਿੰਤਾ ਚੰਦੂ ਬਹੁ ਦ੍ਰਬਯ ਨਜੂਮੀ ਦੀਏ।*
*ਜਹਾਗੀਰ ਮਨ ਭ੍ਰਮ ਡਰਾਇ ਜਪ ਹਿਤ ਗੁਰ ਤਿਆਰੀ ਕੀਏ।*
*ਕਿਲੇ ਗੁਆਲੀਅਰ ਕੇ ਪਹੁੰਚੇ ਚਾਰ ਸਿਖ ਸੰਗ ਲਯਾਇ।*
*ਚਾਲੀ ਦਿਨ ਗੁਰ ਰਹੇ ਤਹਾਂ ਸੁਨ ਨਰ ਨਾਰਿਨ ਦੁਖ ਪਾਇ।*
*ਭਾਏ ਕਿਆ ਸਤਿਗੁਰ ਕੇ ਮਨ ਮੇ॥੧੦॥*

ਮੱਘਰ ਚੜ੍ਹਿਆ (ਪਾਲੇ ਦਾ ਯੁੱਗ ਅਰੰਭ ਹੋਇਆ) ਚੰਦੂ ਨੇ ਜੋਤਸ਼ੀ ਨੂੰ ਚਿੰਤਾ ਦੇ ਮਾਰੇ ਨੇ, ਬਹੁਤ ਧਨ ਦੇ ਕੇ ਆਪਣੇ ਪੱਖ ਵਿਚ ਪ੍ਰੇਰਿਆ। ਜਹਾਂਗੀਰ ਦੇ ਮਨ ਵਿਚ (ਸਾੜ੍ਹ-ਸਤੀ) ਦਾ ਭੈ ਜਗਾਇਆ। ਜਪ ਲਈ ਗੁਰੂ ਜੀ ਨੂੰ (ਬੇਨਤੀ ਕਰਵਾਈ ਬਾਦਸ਼ਾਹ ਪਾਸੋਂ) ਤਿਆਰ ਕਰਵਾਇਆ। (ਗੁਰੂ ਜੀ ਚਾਰ ਸਿੱਖ ਨਾਲ ਲੈ ਕੇ ਗਵਾਲੀਅਰ ਦੇ ਕਿਲ੍ਹੇ ਪਹੁੰਚ ਗਏ। ਚਾਲੀ ਦਿਨ ਗੁਰੂ ਜੀ ਉਸ ਥਾਂ ਰਹੇ। ਨਰ ਨਾਰੀ (ਸੁਣ ਕੇ) ਦੁਖੀ ਹੋਏ। (ਪਤਾ ਨਹੀਂ ਲੱਗ ਰਿਹਾ ਸੀ ਕਿ) ਸਤਿਗੁਰੂ ਦੇ ਮਨ ਕੀ ਭਾਉਂਦਾ ਹੈ॥੧੦॥

*ਪੋਹ ਪ੍ਰਮਾਣ ਦਿਵਸ ਬੀਤੇ ਜਬ ਜੇਠਾ ਸਿਖ ਗੁਰੁ ਪ੍ਰੇਰਾ।*
*ਅਰਧ ਨਿਸਾ ਬਨ ਸਿੰਘ ਰੂਪ ਜਹ ਜਹਾਂਗਰਿ ਤਹ ਘੇਰਾ।*
*ਪ੍ਰਾਤ ਬਰਮਇ ਗੁਰ ਕੋ ਨਹਿੰ ਤੋ ਸਾਢਸਤੀ ਤਵ ਆਇ।*
*ਅਸ ਕਹਿ ਡਰ ਦੈ ਲੋਪ ਭਇਆ ਦਿਖ ਸਾਹ ਨੀਦ ਨਹਿੰ ਪਾਏ।*
*ਹਾਇੰ ਅਬ ਕੌਨ ਉਪਾਇ ਕਰੈਂ॥੧੧॥*

ਪੋਹ ਚੜ੍ਹਿਆ ਜਪਦੇ ਨਿਠੇ ਦਿਨ ਬੀਤ ਲਏ ਤਦ ਜੇਠਾ ਸਿੱਖ ਗੁਰੂ ਜੀ ਦਾ

ਪ੍ਰੇਰਿਆ; ਅੱਧੀ ਰਾਤ ਜਿੱਥੇ ਬਾਦਸ਼ਾਹ ਸੁੱਤਾ ਸੀ, ਜੇਠੇ ਨੇ ਜਾ ਘੇਰਿਆ, ਸ਼ੇਰ ਦਾ ਰੂਪ ਧਾਰ ਕੇ ਬਾਦਸ਼ਾਹ ਨੂੰ ਆਖਿਆ, ਜੇ ਤੈਂ ਸਵੇਰੇ ਗੁਰੂ ਜੀ ਨੂੰ ਬੁਲਵਾਇਆ ਤਾਂ ਤੇਰੇ ਸਿਰ ਸੱਚਮੁਚ ਸਾੜ੍ਹ-ਸਤੀ ਆ ਜਾਏਗੀ। ਏਦਾਂ ਕਹਿ ਕੇ, ਬਾਦਸ਼ਾਹ ਨੂੰ ਡਰ ਦੇ ਕੇ ਭਾਈ ਜੇਠਾ ਜੀ ਲੋਪ ਹੋ ਗਏ। ਬਾਦਸ਼ਾਹ ਦੀ ਨੀਂਦ ਹਰਾਮ ਹੋ ਗਈ। ਸਮਝ ਨਹੀਂ ਪੈ ਰਹੀ ਸੀ ਕਿ ਹੁਣ ਕੀ ਉਪਾਉ ਕੀਤਾ ਜਾਵੇ॥੧੧॥

*ਮਾਘ ਮੁਲਾਣੇ ਜਤਨ ਕਰ ਗਏ ਕਰ ਅਰਧ ਨਿਸਾ ਫਿਰ ਆਇਆ।*
*ਡਰਾ ਸ਼ਾਹ ਤੋਬਾ ਤੋਬਾ ਕਰ ਪ੍ਰਾਤ ਵਕੀਲ ਪਠਾਇਆ।*
*ਗੁਰੂ ਕਹਿ ਬਾਵਨ ਰਾਜੇ ਕੈਦੀ ਪ੍ਰਥਮ ਨਿਕਾਲ ਇਨਾਹਿ।*
*ਲਿਖਾ ਵਕੀਲ ਸਾਹ ਡਰ ਬੋਲਾ ਛੋਡ ਦੇਹੁ ਸਭ ਤਾਂਹਿ।*
*ਜਾਹਿਂ ਘਰ ਗੁਰ ਜਲਦੀ ਆਵੈਂ॥੧੨॥*

ਮੁਲਾਣੇ ਸਭ ਦੁਆ (ਤਾਵੀਜ਼-ਧਾਗੇ) ਕਰ ਕੇ ਚਲੇ ਗਏ। ਸਿੱਖ ਅੱਧੀ ਰਾਤ ਨੂੰ ਮੁੜ ਆਇਆ। ਬਾਦਸ਼ਾਹ ਡਰ ਗਿਆ। ਤੌਬਾ-ਤੌਬਾ ਪੁਕਾਰਦੇ ਨੇ ਸਵੇਰੇ ਵਕੀਲ ਭੇਜਿਆ। ਗੁਰੂ ਜੀ ਨੇ (ਵਕੀਲ ਨੂੰ) ਕਿਹਾ, ਬਵੰਜਾ ਹੀ ਰਾਜੇ ਜੋ ਕਿਲ੍ਹੇ ਵਿਚ ਕੈਦ ਹਨ, ਪਹਿਲਾਂ ਛੱਡੇ ਜਾਣ। ਵਕੀਲ ਨੇ ਗੁਰੂ ਜੀ ਦਾ ਬਚਨ ਲਿਖ ਭੇਜਿਆ। ਡਰਦੇ ਮਾਰੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਗੁਰੂ ਜੀ ਦੀ ਆਗਿਆ ਅਨੁਸਾਰ ਛੱਡ ਦਿੱਤੇ ਜਾਣ। (ਰਾਜੇ) ਘਰਾਂ ਨੂੰ ਜਾਣ ਅਤੇ ਗੁਰੂ ਜੀ ਛੇਤੀ ਆਉਣ॥੧੨॥

*ਫਾਗੁਣ ਫਕੜੇ ਪਾਲੇ ਗੁਰ ਕੇ ਨਿਕਲੇ ਸਭ ਹੀ ਰਾਜੇ।*
*ਗੁਰ ਅਸਵਾਰ ਹੋਇ ਕਰ ਪਹੁੰਚੇ ਜਹ ਜਹਾਂਗੀਰ ਬਿਰਾਜੇ।*
*ਉਠ ਬਿਠਾਇ ਕਹਿ ਸੇਵਾ ਕਯਾ ਅਬ ਕਰੌਂ ਗਰੀਬ ਨਿਵਾਜ।*
*ਗੁਰ ਨਾਨਕ ਭਰਪੂਰ ਕੀਆ ਸਬ ਜਿਨ ਦੀਨਾ ਤੁਹਿ ਰਾਜ।*
*ਆਜ ਡੇਰੇ ਹੁਇ ਫਿਰ ਆਵੈਂ॥੧੩॥*

ਬਾਦਸ਼ਾਹ ਦੇ ਫੜੇ ਹੋਏ ਰਾਜੇ ਸਭ ਗੁਰੂ ਦੀ ਕਿਰਪਾ ਨਾਲ ਕੈਦੋਂ ਨਿਕਲੇ। ਗੁਰੂ ਜੀ ਅਸਵਾਰ ਹੋ ਕੇ ਉਸ ਥਾਂ ਆਏ ਜਿੱਥੇ ਜਹਾਂਗੀਰ ਦਾ ਟਿਕਾਣਾ ਸੀ। ਉੱਠ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਸਤਿਕਾਰ ਨਾਲ ਬਿਠਾਇਆ ਅਤੇ ਸੇਵਾ ਪੁੱਛੀ। ਗੁਰੂ ਜੀ ਨੇ ਬਚਨ ਕੀਤਾ, "ਗੁਰੂ ਨਾਨਕ ਜੀ ਨੇ ਸਭ ਭਰਪੂਰੀਆਂ ਬਖਸ਼ੀਆਂ ਹਨ, ਜਿਸ ਨੇ ਤੁਹਾਨੂੰ ਰਾਜ ਦਿੱਤਾ ਹੈ (ਬਾਬਰ ਨਾਲ ਹੋਈ ਸਾਖੀ ਵੱਲ ਸੰਕੇਤ ਹੈ)। ਅੱਜ ਡੇਰੇ ਫਿਰ ਆਈਏ॥੧੩॥

*ਪਾਵਸ ਪਰ ਪੁਸ਼ਾਕ ਗੁਰੂ ਜੀ ਚਾਰ ਸਿਖ ਸੰਗ ਲਿਆਏ।*
*ਬੈਠ ਸਾਹ ਕੇ ਨਿਕਟ ਕਪੂਰਨ ਕੀ ਸਿਮਰਨੀ ਦਿਖਾਏ।*
*ਸਾਹ ਕਹਾ ਇਕ ਐਸਾ ਅਦਭੁਤ ਮਣਕਾ ਮੁਝ ਕੋ ਦੇਹੁ।*
*ਤਸਬੀ ਕਾ ਸੁਮੇਰੁ ਕਰ ਰਾਖਹੁ ਕਹਿ ਗੁਰ ਸਭ ਹੀ ਲੇਹੁ।*

*ਲੇਹੁ ਆਗੇ ਇਕ ਜੈਸ ਲਈ॥੧੪॥*

ਗਰਮੀਆਂ ਦੀ ਪੁਸ਼ਾਕ ਪਹਿਨ ਕੇ ਗੁਰੂ ਜੀ ਚਾਰ ਸਿੱਖ ਨਾਲ ਲੈ ਕੇ ਆਏ। ਬਾਦਸ਼ਾਹ ਦੇ ਨੇੜੇ ਬੈਠ ਕੇ ਕਪੂਰੀ ਸਿਮਰਨੀ ਦਿਖਾਈ। ਬਾਦਸ਼ਾਹ ਨੇ ਵੇਖ ਕੇ ਕਿਹਾ ਕਿ ਇਕ ਇਹੋ ਜਿਹਾ ਅਦਭੁਤ ਮਣਕਾ ਮੈਨੂੰ ਬਖਸ਼ੋ! ਮੈਂ ਉਸ ਨੂੰ ਆਪਣੀ ਤਸਬੀ (ਮਾਲਾ) ਦਾ ਸੁਮੇਰ (ਸਿਰੇ ਦਾ ਮਣਕਾ) ਬਣਾ ਕੇ ਰੱਖਾਂਗਾ, ਗੁਰੂ ਜੀ ਨੇ ਸੰਕੇਤ ਕੀਤਾ, ਜਿਵੇਂ ਅੱਗੇ ਇਕ ਮਾਲਾ ਲਈ ਹੈ, ਇਹ ਵੀ ਲੈ ਲਓ॥੧੪॥

*ਸਰਦ ਕਮਲ ਮੁਖ ਬਾਣੀ ਸੁਣ ਕਹਿ ਨਹਿ ਆਗੇ ਮਮ ਪਾਸਾ।*
*ਸੁਨ ਗੁਰ ਬੋਲੇ ਪਿਤਾ ਹਮਾਰੇ ਤੁਮ ਘਰ ਕੀਨਾ ਬਾਸਾ।*
*ਤਿਨ ਕੇ ਗਲ ਮਾਲਾ ਕਪੂਰ ਕੀ ਐਸੀ ਨਹਿ ਇਸ ਦੇਸ।*
*ਤਹਂ ਗੁਰ ਜੋਤੀ ਜੋਤਿ ਸਮਾਏ ਕਰ ਮਸਕੀਨੀ ਭੇਸ।*
*ਲੇਸ ਭਰ ਪੀੜ ਨਹੀਂ ਜਾਨੀ॥੧੫॥*

ਸਰਦ ਰੁੱਤ ਵਿਚ ਖਿੜੇ ਕਮਲ ਜਿਹੇ ਮੁਖੜੇ ਤੋਂ ਬਾਣੀ ਸੁਣ ਕੇ ਬਾਦਸ਼ਾਹ ਨੇ ਕਿਹਾ, ਮੇਰੇ ਪਾਸ ਅੱਗੇ ਕੋਈ ਨਹੀਂ ਹੈ। ਗੁਰੂ ਜੀ ਸੁਣ ਕੇ ਬੋਲੇ, ਅਸਾਡੇ ਪਿਤਾ ਜੀ ਜਦੋਂ ਆਪ ਦੇ ਘਰ ਰਹੇ ਸਨ, ਤਦੋਂ ਉਨ੍ਹਾਂ ਦੇ ਕੰਠ ਇਹੋ ਜਿਹੀ ਕਪੂਰੀ ਮਾਲਾ ਸੀ। ਇਸ ਜੇਹੀ ਇਸ ਦੇਸ਼ ਵਿਚ ਹੋਰ ਨਹੀਂ, ਉਸੇ ਟਿਕਾਣੇ ਗੁਰੂ ਜੀ ਜੋਤੀ ਜੋਤਿ ਸਮਾ ਗਏ, ਮਸਕੀਨੀ ਧਾਰ ਕੇ। ਲੇਸ ਬਰਾਬਰ ਵੀ (ਹੋਏ ਅੱਤਿਆਚਾਰਾਂ ਦੀ) ਪੀੜ ਨਹੀਂ ਮੰਨੀ॥੧੫॥

*ਹਿਮ ਸਮ ਸ਼ਾਹ ਕੰਪ ਕਰ ਬੋਲਾ ਪੀੜਾ ਮਮ ਘਰ ਕੈਸੇ।*
*ਚੰਦੂ ਕੇ ਘਰ ਰਹੇ ਸੁਨੇ ਹਮ ਕਰਿ ਪੂਜਾ ਸਿਖ ਜੈਸੇ।*
*ਸੁਨ ਗੁਰ ਕਹਾ ਦੁਖਾਉ ਨ ਹਮ ਕਉ ਇਹ ਤੇਰੇ ਸਿਰ ਭਾਰਾ।*
*ਪਿਤਾ ਬੈਰ ਤਬਹੀ ਲੇਵੈਗੇ ਜਬ ਚਲਹੁ ਪ੍ਰਭੁ ਦਰਬਾਰਾ।*
*ਧਾਰ ਹਮ ਸਭ ਮਨ ਮੈ ਰਾਖੀ॥੧੬॥*

ਬਰਫ ਵਾਂਗ ਬਾਦਸ਼ਾਹ ਕੰਬ ਗਿਆ ਤੇ ਬੋਲਿਆ, ਮੇਰੇ ਘਰ ਪੀੜਾ ਕੀ ਕੰਮ? ਮੈਂ ਤਾਂ ਸੁਣਿਆ ਹੈ ਕਿ ਉਹ ਚੰਦੂ ਦੇ ਘਰ ਰਹੇ ਸਨ ਅਤੇ ਉਸ ਨੇ ਸਿੱਖ ਵਾਂਗ ਪੂਜਾ ਕੀਤੀ ਸੀ। ਗੁਰੂ ਜੀ ਨੇ ਸੁਣ ਕੇ ਕਿਹਾ, ਸਾਨੂੰ ਦੁਖਾਉ ਨਹੀਂ (ਪਿਤਾ ਗੁਰੂ ਤੇ ਅੱਤਿਆਚਾਰਾਂ ਦਾ) ਤੇਰੇ ਸਿਰ ਭਾਰ ਹੈ। ਪਿਤਾ ਦਾ ਬਦਲਾ ਉਸ ਸਮੇਂ ਲਵਾਂਗੇ ਜਦੋਂ ਰੱਬ ਦੇ ਦਰਬਾਰ ਪੇਸ਼ ਹੋਵੇਂਗਾ। ਅਸੀਂ ਇਹ ਸਭ ਮਨ ਵਿਚ ਧਾਰੀ ਹੋਈ ਹੈ॥੧੬॥

*ਸਿਸਰ ਸਮਾਨ ਪਾਤ ਸੁਖ ਝੜ ਗਏ ਸ੍ਰਵਨ ਸੁਣੀ ਗੁਰੁ ਬਾਣੀ।*
*ਚੰਦੂ ਲੀਆ ਬੁਲਾਇ ਸਭਾ ਮਹਿ ਕਹੁ ਗੁਰ ਕਹਾ ਗੁਮਾਨੀ।*
*ਸੁਨ ਚੁਪ ਰਹਾ ਜਰਦ ਮੁਖ ਹੋਇਆ ਥਰ ਥਰ ਕੰਪਨ ਲਾਗਾ।*
*ਖੂਨੀ ਜਾਨ ਸੌਂਪ ਦੀਆ ਗੁਰ ਸਿਖ ਜੇਠਾ ਉਠ ਬਡ ਭਾਗਾ।*
*ਭਾਗ ਬੁਰਾ ਜਾਗਾ ਤਬ ਤਿਸ ਕਾ॥੧੭॥*

ਪੱਤਝੜ ਦੀ ਰੁੱਤ ਵਾਂਗ ਸੁਖ ਦੇ ਪੱਤੇ ਝੜ ਗਏ, ਜਦੋਂ ਬਾਦਸ਼ਾਹ ਨੇ ਗੁਰੂ ਦੇ ਬਚਨ ਸੁਣੇ ਤਾਂ ਚੰਦੂ ਨੂੰ ਸਭਾ ਵਿਚ ਬੁਲਾ ਲਿਆ। ਗੁਰੂ ਜੀ ਨੇ ਬਚਨ ਕੀਤਾ 'ਕਹੁ ਗੁਮਾਨੀਆ, ਹੁਣ ਕੀ ਕਹਿੰਦਾ ਹੈਂ?' ਸੁਣ ਕੇ ਚੁੱਪ ਫੜ ਲਈ, ਮੂੰਹ ਪੀਲਾ ਹੋ ਗਿਆ ਅਤੇ ਥਰ ਥਰ ਕੰਬਣ ਲੱਗਿਆ। ਖ਼ੂਨੀ ਜਾਣ ਕੇ (ਚੰਦੂ ਨੂੰ) ਗੁਰੂ ਜੀ ਨੂੰ ਸੌਂਪ ਦਿੱਤਾ। ਗੁਰਸਿੱਖ ਜੇਠਾ, ਵੱਡੇ ਭਾਗਾਂ ਵਾਲਾ ਉਠਿਆ। ਤਦ ਉਸ (ਚੰਦੂ ਦਾ) ਬੁਰਾ ਭਾਗ ਜਾਗਿਆ॥੧੭॥

*ਰਿਤੁ ਬਸੰਤ ਸਮ ਫੂਲੇ ਸਿੱਖ ਤਿਸ ਫੜ ਲਿਆਯ ਮੁਸਕਾਂ ਬਾਧੀ।*
*ਮਾਰ ਘਸੀਟਤ ਡੇਰੇ ਲਿਆਏ ਘਰ ਤਿਸ ਆਈ ਆਂਧੀ।*
*ਪਾਛੇ ਗੁਰੁ ਸੁਨਾਈ ਸਭ ਸੋਂ ਇਸ ਭੇਜੀ ਕੁੜਮਾਈ।*
*ਮੋਰੀ ਈਟ ਲਗੀ ਚੌਬਾਰੇ ਕੀ ਸੁਨ ਗੁਰ ਦਈ ਹਟਾਇ।*
*ਖਾਇ ਰਿਸ ਤਬ ਇਸ ਪਾਪ ਕੀਆ॥੧੮॥*

ਬਸੰਤ ਦੀ ਰੁੱਤ ਵਾਂਗ ਸਿੱਖ ਖਿੜ ਗਏ ਉਸ (ਚੰਦੂ ਨੂੰ) ਫੜ ਲਿਆਏ, ਮੁਸ਼ਕਾਂ ਬੰਨ੍ਹ ਲਈਆਂ। ਮਾਰਦੇ-ਘਸੀਟਦੇ ਡੇਰੇ ਲੈ ਆਏ, ਉਸ ਦੇ ਘਰ (ਸੋਗ ਦੀ) ਹਨ੍ਹੇਰੀ ਆ ਗਈ। ਪਿੱਛੋਂ ਸਤਿਗੁਰੂ ਜੀ ਨੇ ਦੱਸਿਆ ਸਭ ਨੂੰ ਕਿ ਇਸ ਨੇ ਕੁੜਮਾਈ ਭੇਜੀ ਸੀ। ਇਸ ਨੇ (ਪੁਰੋਹਿਤਾਂ ਨੂੰ) ਕਿਹਾ ਸੀ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਰਹੇ ਹੋ! ਇਹ ਸੁਣ ਕੇ ਗੁਰੂ ਜੀ ਨੇ (ਸੰਗਤ ਦੇ ਕਹਿਣ 'ਤੇ) ਸ਼ਗਨ ਲੈਣ ਤੋਂ ਰੋਕ ਦਿੱਤਾ। ਇਸ ਤੋਂ ਗੁੱਸਾ ਖਾ ਕੇ (ਉਸ ਨੇ ਗੁਰੂ ਜੀ ਦੀ ਹੱਤਿਆ ਦਾ) ਪਾਪ ਕੀਤਾ।੧੮॥

*ਗ੍ਰੀਖਮ ਆਗ ਲਗੀ ਇਸ ਕੋ ਅਪਨੀ ਕਰਨੀ ਨ ਬਿਚਾਰੀ।*
*ਝੂਠੋ ਕਹਿ ਕਰ ਸ਼ਾਹ ਤਪਾਇਆ ਸਤਿਗੁਰ ਲੀਏ ਹਕਾਰੀ*
*ਗਏ ਲਾਹੌਰ ਦਗਾ ਕਰ ਇਸ ਪਾਪੀ ਨੇ ਬਹੁ ਦੁਖ ਦੀਨਾ।*
*ਛਮਾ ਸਰੂਪ ਪਿਤਾ ਜੀ ਹਮਰੇ ਸਭ ਤਨ ਪਰਸਹਿ ਲੀਨਾ।*
*ਕੀਨ ਜਸ ਤਸ ਅਬ ਫਲ ਪਾਇਆ॥੧੯॥*

ਗਰਮੀ ਦੀ ਰੁੱਤ ਵਾਂਗ (ਅਕਾਰਨ) ਅੱਗ ਲੱਗੀ ਇਸ ਨੂੰ (ਚੰਦੂ ਨੂੰ) ਆਪਣੀ ਕਰਨੀ ਨਹੀਂ ਜਾਣੀ। ਅਰਥਾਤ ਸਾਰਾ ਵਿਗਾੜ ਉਸ ਨੇ ਆਪਣੇ ਕੁਬੋਲ ਨਾਲ ਪਾਇਆ। ਪਰ ਦੋਸ਼ ਗੁਰੂ ਦਾ ਸਮਝਿਆ। ਝੂਠੀਆਂ ਊਂਜਾਂ ਲਾ ਕੇ ਬਾਦਸ਼ਾਹ ਭੜਕਾ ਦਿੱਤਾ। ਉਸ ਨੇ ਸਤਿਗੁਰ ਬੁਲਾ ਲਏ। ਗੁਰੂ ਜੀ ਲਾਹੌਰ (ਬਾਦਸ਼ਾਹ ਦੇ) ਸੱਦੇ ਗਏ। ਇਸ (ਚੰਦੂ) ਨੇ ਮਨ ਦੇ ਪਾਪ ਕਾਰਨ ਬਹੁਤ ਦੁੱਖ ਦਿੱਤਾ। ਪਿਤਾ ਗੁਰੂ ਜੀ ਅਸਾਡੇ ਖਿਮਾ ਸਰੂਪ ਸਨ, ਸਭ (ਵਧੀਕੀਆਂ) ਗੁਰੂ ਜੀ ਨੇ ਤਨ 'ਤੇ ਸਹਿ ਲਈਆਂ। ਪਰ ਜਿਹਾ (ਬੁਰਾ) ਕਰਮ ਕੀਤਾ ਸੀ ਹੁਣ ਉਹੋ ਜਿਹਾ ਫਲ ਪਾ ਲਿਆ ਹੈ॥੧੯॥

*ਉਤਰਾਇਣ ਗੁਰ ਇਵ ਬਾਤ ਸੁਣੀ ਸਭ ਸਾਹ ਸਹਿ ਬਿਸਮਾਏ।*
*ਭੂਲ ਛਿਆਇ ਬਿਨੈ ਕਰ ਗੁਰੁ ਸੰਗ ਅੰਮ੍ਰਿਤਸਰ ਚਲ ਆਏ।*
*ਚੰਦੂ ਹਾਥ ਚੰਡਾਲ ਸ੍ਵਾਨ (ਸੁਆਨ) ਜਿਮ ਇਕ ਇਕ ਟੁਕੜਾ ਡਾਰਾ।*

*ਮਾਰੈਂ ਬਹੁ ਸਿਖ ਨਿਤ ਸੁਨ ਸੁਨ ਕੈ॥੨੦॥*

ਉਤਰਾਇਣ (ਵਰ੍ਹੇ ਦੇ ਉਭਾਰ) ਵਾਂਗ ਗੁਰ ਦੀ ਇਹ ਬਾਤ ਜਦੋਂ ਸਭਨਾ ਸੁਣੀ, ਬਾਦਸ਼ਾਹ ਹੈਰਾਨ ਹੋ ਗਿਆ। ਆਪਣੀ ਭੁੱਲ ਬਖਸ਼ਾ ਕੇ ਗੁਰੂ ਜੀ ਦੇ ਨਾਲ ਸ੍ਰੀ ਅੰਮ੍ਰਿਤਸਰ ਆਇਆ। ਚੰਦੂ ਦੇ ਹੱਥ ਚੰਡਾਲ ਦੇ ਕੁੱਤੇ ਵਾਂਗ ਇੱਕ-ਇੱਕ ਟੁਕੜਾ ਪਾਇਆ ਗਿਆ। ਬਹੁਤ ਸਿੱਖ ਨਿਤ ਸੁਨ ਸੁਨ ਕੇ ਮਾਰਦੇ ਰਹੇ॥੨੦॥

*ਦਖਨਾਇਣ ਲਾਹੌਰ ਲੈ ਗਏ ਇਕ ਭੜਭੁੰਜੇ ਕੀ ਹੱਟੀ।*
*ਮਾਰਾ ਕੜਛਾ ਤਪਤ ਟਟੇ ਪਰ ਪ੍ਰਾਣ ਗਏ ਜਮ ਬਾਟੀ।*
*ਕਰੀ ਪ੍ਰਤੱਗਯਾ ਪੂਰੀ ਕੀਨੀ ਹਰਿਗੋਬਿੰਦ ਗੁਰ ਦੇਉ।*
*ਬਾਰਹ ਮਾਹ ਕਹੇ ਖਟ ਰਿਤੁ ਪੁਨ ਦੁਇ ਆਯਣ ਲਖ ਲੇਉ।*
*ਸੇਉ ਗੁਰ ਸੰਤ ਹਰੀ ਭਾਈ॥੨੧॥*

ਦਖਨਾਇਣ (ਵਰ੍ਹੇ ਦੇ ਅੰਤ ਵਾਂਗ) ਲਾਹੌਰ ਲੈ ਗਏ, ਇਕ ਭੜਭੂੰਜੇ ਦੀ ਹੱਟੀ 'ਤੇ ਜਦ ਪਹੁੰਚੇ (ਰਵਾਇਤ ਹੈ ਕਿ ਇਹ ਭੜਭੂੰਜਾ ਓਹੀ ਸੀ ਜਿਸ ਤੋਂ ਪੰਚਮ ਗੁਰੂ ਜੀ ਦੇ ਸਰੀਰ 'ਤੇ ਭੁੱਜਦੀ ਰੇਤ ਪਵਾਈ ਸੀ) ਉਸ ਨੇ ਸਿਰ ਵਿਚ ਤਪਦਾ ਕੜਛਾ ਮਾਰਿਆ ਤਾਂ ਉਸ (ਚੰਦੂ) ਦੇ ਪ੍ਰਾਣ ਜਮ ਦੇ ਦੁਆਰ ਗਏ। ਗੁਰਦੇਵ ਹਰਿਗੋਬਿੰਦ ਜੀ ਜੋ ਪ੍ਰਤੱਗਯਾ ਕੀਤੀ ਸੀ, ਸਤਿਗੁਰ ਨੇ ਉਹ ਪੂਰੀ ਕੀਤੀ। ਕਵੀ ਅਗਲੀਆਂ ਦੋ ਤੁਕਾਂ ਵਿਚ ਆਪਣੀ ਰਚਨਾ ਦਾ ਵਿਧਾਨ ਦੱਸਦਾ ਹੋਇਆ ਅਸੀਸ ਦਿੰਦਾ ਹੈ ਕਿ 'ਭਾਈਓ ਗੁਰੂ, ਸੰਤ ਅਤੇ ਹਰੀ ਪ੍ਰਭੂ ਦੀ ਸੇਵਾ ਕਰੋ॥੨੧॥ ■

---

ਕਵਿਤਾ

## ਰੋੜਾ ਰਸਤੇ ਦੇ ਵਿੱਚੋਂ ਉਠਾਲ ਸੁੱਟੀਂ. . .

*-ਕਵੀਸ਼ਰ ਮਲਕੀਤ ਸਿੰਘ ਵਰਪਾਲ**

*ਰੋੜਾ ਰਸਤੇ ਦੇ ਵਿੱਚੋਂ ਉਠਾਲ ਸੁੱਟੀਂ*
*ਹੋਵੇ ਹਨੇਰਾ ਤੇ ਚਾਨਣ ਖਲਾਰ ਬੰਦੇ,*
*ਡਿੱਗੇ ਹੋਏ ਨੂੰ ਗਲ਼ ਦੇ ਨਾਲ ਲਾ ਕੇ*
*ਹਰ ਇਕ ਨੂੰ ਦੇ ਸਤਿਕਾਰ ਬੰਦੇ।*
*ਚੰਦ ਛਿੱਲੜਾਂ ਖਾਤਰ ਨਾ ਕਰੀਂ ਧੋਖਾ*
*ਲਾਲਚ, ਲੋਭ, ਹੰਕਾਰ ਨੂੰ ਮਾਰ ਬੰਦੇ,*
*ਤੇਰੀ ਕਰੂ ਵਡਿਆਈ ਫਿਰ ਜਗ ਸਾਰਾ*
*'ਮਲਕੀਤ ਸਿੰਘ' ਨਾ ਹੋਵੇਗੀ ਹਾਰ ਬੰਦੇ।*

*ਇੰਚਾਰਜ, ਕੜਾਹ ਪ੍ਰਸ਼ਾਦ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ। ਮੋ. ੯੪੭੮੫੦੫੮੦੦

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼

*-ਡਾ. ਪਰਮਵੀਰ ਸਿੰਘ**

ਕੁਝ ਸਮਾਂ ਪਹਿਲਾਂ 'ਪੰਜਾਬੀ ਟ੍ਰਿਬਿਊਨ' ਵਿਚ 'ਅੱਠਵੇਂ ਗੁਰੂ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਦੇ ਜਨਮ ਸਥਾਨ ਬਾਰੇ ਮੱਤਭੇਦ ਕਿਉਂ?' ਸਿਰਲੇਖ ਅਧੀਨ ਛਪਿਆ ਡਾ. ਹਰਜਿੰਦਰ ਸਿੰਘ ਦਿਲਗੀਰ ਦਾ ਲੇਖ ਪੜ੍ਹਿਆ। ਲੇਖਕ ਨੇ ਕੀਰਤਪੁਰ ਸਾਹਿਬ ਦੀ ਥਾਂ ਨਾਹਨ ਰਿਆਸਤ ਵਿਚ ਪੈਂਦੇ ਪਿੰਡ ਥਾਪਲ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਵਿਚ ਹੋਇਆ ਸਿੱਧ ਕਰਨ ਦਾ ਯਤਨ ਕੀਤਾ ਹੈ। ਇਸ ਸੰਬੰਧ ਵਿਚ ਲੇਖਕ ਨੇ ਹਰੀ ਰਾਮ ਗੁਪਤਾ, ਇੰਦੂ ਭੂਸ਼ਣ ਬੈਨਰਜੀ, ਡਾ. ਗੰਡਾ ਸਿੰਘ, ਖ਼ੁਸ਼ਵੰਤ ਸਿੰਘ ਅਤੇ ਕਨਿੰਘਮ ਆਦਿ ਵਿਦਵਾਨ ਲੇਖਕਾਂ ਦੀਆਂ ਲਿਖਤਾਂ ਦਾ ਸਹਾਰਾ ਲਿਆ ਹੈ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਜਨਮ ਥਾਪਲ ਵਿਖੇ ਹੋਣ ਦਾ ਭਾਵ ਹੈ ਕਿ ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਉਨ੍ਹਾਂ ਦਾ ਪਰਵਾਰ ਉੱਥੇ ਨਿਵਾਸ ਕਰਦਾ ਸੀ। ਲੇਖਕ ਕਹਿੰਦਾ ਹੈ ਕਿ ੧੬੪੫ ਤੋਂ ੧੬੫੭ ਤਕ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਸਿਰਮੌਰ/ਨਾਹਨ ਰਿਆਸਤ ਵਿਚ ਰਹੇ ਸਨ। ਇਸੇ ਦੌਰਾਨ ਗੁਰੂ ਜੀ ਦੇ ਤਿੰਨ ਬੱਚਿਆਂ ਰਾਮ ਰਾਇ, ਬੀਬੀ ਰੂਪ ਕੌਰ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਜਨਮ ਹੋਇਆ ਸੀ।

ਹਰੀ ਰਾਮ ਗੁਪਤਾ, ਇੰਦੂ ਭੂਸ਼ਣ ਬੈਨਰਜੀ, ਖ਼ੁਸ਼ਵੰਤ ਸਿੰਘ, ਕਨਿੰਘਮ ਆਦਿ ਵਿਦਵਾਨ ਲੇਖਕਾਂ ਦਾ ਆਧਾਰ ਮੋਹਸਿਨ ਫ਼ਾਨੀ ਦਾ ਇਹ ਬਿਆਨ ਹੈ ਜਿਸ ਵਿਚ ਉਹ ਕਹਿੰਦਾ ਹੈ ਕਿ "ਹਰਿ ਰਾਏ (ਸ੍ਰੀ ਗੁਰੂ ਹਰਿਰਾਇ ਸਾਹਿਬ) ਕੀਰਤਪੁਰ ਵਿਖੇ ਇਕ ਸਾਲ ਰਹੇ। ਜਦੋਂ ਸੰਨ ੧੦੫੫ ਹਿਜਰੀ (੧੬੪੫ ਈ.) ਵਿਚ ਨਜਾਬਤ ਖ਼ਾਨ ਪੁੱਤਰ ਮਿਰਜ਼ਾ ਸ਼ਾਹਰੁਖ, ਸ਼ਾਹ ਜਹਾਨ ਦੇ ਗਵਰਨਰ ਨੇ ਤਾਰਾ ਚੰਦ ਦੇ ਇਲਾਕੇ ਉਪਰ ਫ਼ੌਜ ਚੜ੍ਹਾ ਕੇ ਤਬਾਹ ਕੀਤਾ ਤੇ ਤਾਰਾ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਗੁਰੂ ਹਰਿ ਰਾਏ (ਸ੍ਰੀ ਗੁਰੂ ਹਰਿਰਾਇ ਸਾਹਿਬ) ਸਰਹੰਦ ਦੇ ਨੇੜਲੇ ਸਥਾਨ ਥਾਪਲ, ਜੋ ਰਾਜਾ ਮੇਦਨੀ ਪ੍ਰਕਾਸ਼ ਦਾ ਮੁਲਕ ਸੀ, ਉਥੇ ਚਲੇ ਗਏ।" ਮੋਹਸਿਨ ਫ਼ਾਨੀ ਆਪਣੇ ਆਪ ਨੂੰ ਗੁਰੂ ਹਰਿਰਾਇ ਜੀ ਦਾ ਬਹੁਤ ਨਜ਼ਦੀਕੀ ਦੱਸਦਾ ਹੈ ਅਤੇ ਨਾਲ ਹੀ ਕਹਿੰਦਾ ਹੈ ਕਿ ਉਸ ਨੇ ਮਸੰਦਾਂ ਦੁਆਰਾ ਦੱਸੀਆਂ ਸੂਚਨਾਵਾਂ ਨੂੰ ਕਲਮਬੰਦ ਕੀਤਾ ਹੈ। ੧੬੪੫ ਈ. ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਕੀਰਤਪੁਰ ਸਾਹਿਬ ਛੱਡ ਜਾਣ ਉਪਰੰਤ ਮੋਹਸਿਨ ਫ਼ਾਨੀ ਸਿੱਖ ਧਰਮ ਨਾਲ ਸੰਬੰਧਿਤ ਕਿਸੇ ਵੀ ਘਟਨਾ ਦਾ ਜ਼ਿਕਰ ਨਹੀਂ ਕਰਦਾ। ਹਰੀ ਰਾਮ ਗੁਪਤਾ

*ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ—੧੪੭੦੦੨; ਮੋ. +੯੧੯੮੭੨੦-੭੪੩੨੨

ਲਿਖਦਾ ਹੈ ਕਿ ਸ੍ਰੀ ਗੁਰੂ ਹਰਿਰਾਇ ਜੀ ਦੁਆਰਾ ਕੀਰਤਪੁਰ ਸਾਹਿਬ ਛੱਡ ਜਾਣ ਉਪਰੰਤ ਮੋਹਸਿਨ ਫ਼ਾਨੀ ਆਪਣੇ ਘਰ ਕਸ਼ਮੀਰ ਚਲਾ ਜਾਂਦਾ ਹੈ ਅਤੇ ਉਸ ਦਾ ਬਾਕੀ ਦਾ ਜੀਵਨ ਉੱਥੇ ਹੀ ਗੁਜ਼ਰਦਾ ਹੈ। ਕੀਰਤਪੁਰ ਤੋਂ ਚਲੇ ਜਾਣ ਉਪਰੰਤ ਉਸ ਦਾ ਕਦੇ ਵੀ ਗੁਰੂ ਸਾਹਿਬ ਨਾਲ ਮੇਲ ਨਹੀਂ ਹੋਇਆ।

ਡਾ. ਗੰਡਾ ਸਿੰਘ ਸਿੱਖ ਇਤਿਹਾਸ ਦੇ ਬਹੁਤ ਵੱਡੇ ਵਿਦਵਾਨ ਹਨ। ਇਨ੍ਹਾਂ ਨੇ ਫ਼ਾਰਸੀ ਦੇ ਸਮਾਕਲੀ ਸਰੋਤਾਂ ਦੇ ਆਧਾਰ ’ਤੇ ਸਿੱਖ ਇਤਿਹਾਸ ਦੀਆਂ ਗੁੱਝੀਆਂ ਪਰਤਾਂ ਨੂੰ ਖੋਲਣ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਸਿੱਖ ਇਤਿਹਾਸ ਨਾਲ ਜੁੜੇ ਹੋਏ ਫ਼ਾਰਸੀ ਸਰੋਤਾਂ ਨੂੰ ਸਿੱਖ ਵਿਦਵਾਨਾਂ ਦੀ ਨਜ਼ਰ ਕਰਨ ਲਈ ਉਨ੍ਹਾਂ ਨੇ ਇਨ੍ਹਾਂ ਦਾ ਪੰਜਾਬੀ ਜਾਂ ਅੰਗਰੇਜ਼ੀ ਭਾਸ਼ਾ ਵਿਚ ਅਨੁਵਾਦ ਕਰ ਦਿੱਤਾ ਸੀ। ਇਹ ਡਾ. ਸਾਹਿਬ ਦੀ ਦੂਰ-ਦ੍ਰਿਸ਼ਟੀ ਸੀ, ਨਹੀਂ ਤਾਂ ਫ਼ਾਰਸੀ ਨਾ ਜਾਣਨ ਵਾਲੇ ਅਤੇ ਸਿੱਖ ਇਤਿਹਾਸ ਵਿਚ ਰੁਚੀ ਰੱਖਣ ਵਾਲੇ ਬਹੁਤ ਸਾਰੇ ਵਿਦਵਾਨ ਇਤਿਹਾਸਿਕ ਸਰੋਤਾਂ ਨੂੰ ਨੇੜਿਓਂ ਦੇਖਣ ਵਿਚ ਜਾਂ ਤਾਂ ਅਸਮਰੱਥ ਹੋ ਜਾਂਦੇ ਜਾਂ ਕਿਸੇ ਹੋਰ ਕੱਚੇ-ਪਿੱਲੇ ਫ਼ਾਰਸੀ ਦੇ ਜਾਣੂ ’ਤੇ ਨਿਰਭਰ ਕਰ ਕੇ ਇਤਿਹਾਸ ਦੀਆਂ ਗੁੰਝਲਾਂ ਵਿਚ ਹੋਰ ਵਾਧਾ ਕਰ ਦਿੰਦੇ। ਸ੍ਰੀ ਗੁਰੂ ਹਰਿਰਾਇ ਸਾਹਿਬ ਨਾਲ ਸੰਬੰਧਿਤ ਡਾ. ਗੰਡਾ ਸਿੰਘ ਦੀ ‘ਮਾਖ਼ਜ਼ਿ ਤਵਾਰੀਖ਼ਿ ਸਿੱਖਾਂ’ ਸਿਰਲੇਖ ਅਧੀਨ ਜਿਹੜੀ ਪੁਸਤਕ ਦਾ ਹਵਾਲਾ ਦਿਲਗੀਰ ਜੀ ਨੇ ਦਿੱਤਾ ਹੈ ਇਹ ਉਨ੍ਹਾਂ ਦੁਆਰਾ ਫ਼ਾਰਸੀ ਵਿਚ ਇਕੱਤਰ ਕੀਤੇ ਸਿੱਖ ਸਰੋਤਾਂ ਦਾ ਸੰਗ੍ਰਹਿ ਹੈ। ਇਸ ਪੁਸਤਕ ਵਿਚ ਉਨ੍ਹਾਂ ਨੇ ਇਤਿਹਾਸਕਾਰੀ ਬਾਰੇ ਪ੍ਰਾਪਤ ਸਰੋਤਾਂ ਦਾ ਗੰਭੀਰ ਮੰਥਨ ਕਰ ਕੇ ਸਿੱਖ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦਾ ਅਨੁਵਾਦ ਕੀਤਾ ਹੈ ਜਿਸ ਵਿਚ ‘ਅਕਬਰਨਾਮਾ’, ‘ਤੁਜ਼ਕਿ ਜਹਾਂਗੀਰੀ’, ‘ਦਬਿਸਤਾਨਿ ਮਜ਼ਾਹਿਬ’ ਵਿੱਚੋਂ ‘ਨਾਨਕ ਪੰਥੀ’, ‘ਅਖ਼ਬਾਰਾਤਿ ਦਰਬਾਰਿ ਮੁਅੱਲਾ’, ‘ਅਹਿਕਾਮਿ ਆਲਮਗੀਰੀ’, ‘ਖ਼ੁਲਸਾਤੁਤ ਤਵਾਰੀਖ਼’, ‘ਤਾਰੀਖਿ ਮੁਅੱਜ਼ਮ ਸ਼ਾਹ’, ‘ਚਹਾਰ ਗੁਲਸ਼ਨ’ ਆਦਿ ਸ਼ਾਮਲ ਹਨ। ਇਸ ਪੁਸਤਕ ਵਿਚ ਮੁਹਸਨਿ ਫ਼ਾਨੀ ਦੀ ਰਚਨਾ ਦਾ ਅਨੁਵਾਦ ਵੀ ਸ਼ਾਮਲ ਹੈ। ਜਾਪਦਾ ਹੈ ਦਿਲਗੀਰ ਜੀ ਨੇ ਇਸੇ ਅਨੁਵਾਦ ਨੂੰ ਹੀ ਆਧਾਰ ਬਣਾਇਆ ਹੈ।

ਦਿਲਗੀਰ ਜੀ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ੧੨-੧੩ ਸਾਲ ਨਾਹਨ ਰਿਆਸਤ ਵਿਚ ਜਾਣਾ ਮੰਨਦੇ ਹੋਏ ਉੱਥੇ ਹੀ ਉਨ੍ਹਾਂ ਦੇ ਬੱਚਿਆਂ ਦਾ ਜਨਮ ਹੋਇਆ ਸਿੱਧ ਕਰਨ ਦਾ ਯਤਨ ਕਰਦੇ ਹਨ ਪਰ ਠੋਸ ਹਵਾਲਾ ਕੋਈ ਨਹੀਂ ਦਿੰਦੇ। ਲੇਖਕ ਆਪਣੀ ਦਲੀਲ ਸਿੱਧ ਕਰਨ ਲਈ ਵੱਖ-ਵੱਖ ਵਿਦਵਾਨਾਂ ਵੱਲੋਂ ਵਰਤੇ ਗਏ ਫ਼ਾਰਸੀ ਦੇ ਇਕ ਸਰੋਤ ਦਾ ਹਵਾਲਾ ਦਿੰਦਾ ਹੈ ਜਿਹੜਾ ਕਿ ਸ੍ਰੀ ਗੁਰੂ ਹਰਿਰਾਇ ਜੀ ਦੇ ਕੀਰਤਪੁਰ ਸਾਹਿਬ ਛੱਡ ਦੇਣ ਤਕ ਸੀਮਿਤ ਹੈ। ਸਿੱਖ ਸਰੋਤਾਂ ਵਿਚ ਗੁਰੂ ਸਾਹਿਬਾਨ ਦੇ ਪ੍ਰਕਾਸ਼ ਅਤੇ ਉਨ੍ਹਾਂ ਦੇ ਪ੍ਰਚਾਰ ਨਾਲ ਸੰਬੰਧਿਤ ਅਨੇਕਾਂ ਹਵਾਲੇ ਮੌਜੂਦ ਹਨ।

ਵਿਭਿੰਨ ਪਿੰਡਾਂ, ਸ਼ਹਿਰਾਂ, ਕਸਬਿਆਂ ਵਿਖੇ ਸਥਾਪਿਤ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਇਹ ਸਿੱਧ ਕਰਦੇ ਹਨ ਕਿ ਗੁਰੂ ਸਾਹਿਬ ਸ਼ਰਧਾਲੂਆਂ ਨਾਲ ਨਿਰੰਤਰ ਰਾਬਤਾ ਕਾਇਮ ਰੱਖਦੇ ਸਨ ਅਤੇ ਜਦੋਂ ਕੋਈ ਸਿੱਖ ਉਨ੍ਹਾਂ ਨੂੰ ਆਪਣੇ ਪਿੰਡ ਚਰਨ ਪਾਉਣ ਦੀ ਬੇਨਤੀ ਕਰਦਾ ਤਾਂ ਉਸ ਨੂੰ ਪ੍ਰਵਾਨ ਕਰਦੇ ਸਨ। ਪੰਜਾਬ ਦੇ ਪਿੰਡਾਂ ਵਿਚ ਅਜਿਹੀਆਂ ਅਨੇਕਾਂ ਰਵਾਇਤਾਂ ਮੌਜੂਦ ਹਨ ਜਿੱਥੇ ਗੁਰੂ ਸਾਹਿਬਾਨ ਨੇ ਨਿਵਾਸ ਕੀਤਾ ਅਤੇ ਇਲਾਕੇ ਦੇ ਮੁਖੀ ਸਿੱਖਾਂ ਨੂੰ ਅਸ਼ੀਰਵਾਦ ਦਿੱਤਾ ਸੀ। ਮੌਜੂਦਾ ਸਮੇਂ ਵਿਚ ਵੀ ਅਜਿਹੇ ਬਹੁਤ ਸਾਰੇ ਪਰਵਾਰ ਮੌਜੂਦ ਹਨ ਜਿਹੜੇ ਆਪਣੇ ਪੂਰਵਜਾਂ ਦੁਆਰਾ ਗੁਰੂ ਸਾਹਿਬਾਨ ਦੇ ਦਰਸ਼ਨ ਕਰਨਾ ਬਹੁਤ ਮਾਣ ਨਾਲ ਦੱਸਦੇ ਹਨ। ਅਸ਼ੀਰਵਾਦ ਦੇ ਰੂਪ ਵਿਚ ਗੁਰੂ ਸਾਹਿਬਾਨ ਦੁਆਰਾ ਬਖ਼ਸ਼ਿਸ਼ ਕੀਤੀਆਂ ਨਿਸ਼ਾਨੀਆਂ ਉਨ੍ਹਾਂ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ।

ਜਿਹੜੇ ਸਿੱਖ ਇਤਿਹਾਸਕਾਰਾਂ ਨੇ ਦੇਸ਼-ਵਿਦੇਸ਼ ਵਿਚ ਘੁੰਮ-ਘੁੰਮ ਕੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਪਰੰਪਰਾਵਾਂ ਨੂੰ ਕਲਮਬੰਦ ਕੀਤਾ ਹੈ ਉਨ੍ਹਾਂ ਵਿੱਚੋਂ ਗਿਆਨੀ ਗਿਆਨ ਸਿੰਘ ਇਕ ਅਜਿਹਾ ਵਿਦਵਾਨ ਹੈ ਜਿਸ ਨੇ ਪੰਜ ਸਦੀਆਂ ਦੇ ਸਿੱਖ ਇਤਿਹਾਸ ਨੂੰ ਪਹਿਲੀ ਵਾਰੀ ਠੇਠ ਪੰਜਾਬੀ ਵਾਰਤਕ ਵਿਚ ਲਿਖਿਆ ਸੀ। ਸ੍ਰੀ ਗੁਰੂ ਹਰਿਰਾਇ ਸਾਹਿਬ ਦੁਆਰਾ ਜਿਹੜੇ ਪਿੰਡਾਂ ਜਾਂ ਨਗਰਾਂ ਵਿਚ ਸੰਗਤ ਨੂੰ ਦਰਸ਼ਨ ਦਿੱਤੇ ਗਏ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਦਿੰਦਾ ਹੈ - ਅੰਮ੍ਰਿਤਸਰ, ਸਿੰਘਾਂਵਾਲਾ, ਹਕੀਮਪੁਰਾ, ਹਰੀਆਂ ਵੇਲਾਂ, ਕਰਤਾਰਪੁਰ, ਗੋਇੰਦਵਾਲ, ਜ਼ੀਰਾ, ਜੰਡਾਂਵਾਲਾ, ਜੱਸਾ, ਡਰੌਲੀ, ਦੁਸਾਂਝਾ, ਨੂਰਮਹਿਲ, ਪਲਾਹੀ, ਪੁਆਧੜਾ, ਫਰਾਲਾ, ਬਹਿਲੀ, ਬਿੰਝੂਕੇ, ਬੰਬੇਲੀ, ਭੁੰਗਰਨੀ, ਭੂਖੜੀ, ਮਾਛੂਵਾੜਾ, ਮੁਕੰਦਪੁਰ ਆਦਿ। ਇਨ੍ਹਾਂ ਪਿੰਡਾਂ ਦੇ ਪ੍ਰਚਾਰ ਦੌਰੇ ਦੌਰਾਨ ਗੁਰੂ ਜੀ ਨੇ ਜਿਹੜੇ ਮੁਖੀ ਸਿੱਖਾਂ ਅਤੇ ਸ਼ਰਧਾਲੂਆਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਉਹ ਇਸ ਪ੍ਰਕਾਰ ਹਨ - ਸਾਂਈ ਦਿੱਤਾ, ਸੁਥਰਾ (ਭਾਈ), ਸੂਦ (ਨੂਰਮਹਿਲ ਦਾ ਚੌਧਰੀ), ਸੰਦਲੀ, ਸ਼ਿਵ ਦਿਆਲ (ਦੀਵਾਨ), ਕਰਮ ਚੰਦ, ਕਾਲਾ, ਕਾਲਾ (ਚੌਧਰੀ), ਕਾਲਾ ਦੁਲਟ, ਖੁਸ਼ਾਲੀ, ਖ਼ੁਸ਼ਹਾਲੀ (ਭਾਈ), ਗੁਰਦਾਸ (ਭਾਈ), ਗੌਰਾ, ਜੀਉਣ (ਭਾਈ), ਜੋਧ, ਜੌਂਕੀ, ਤਾਰਾ (ਭਾਈ), ਦਾਰਾ ਸ਼ਕੋਹ, ਧੀਰਮੱਲ, ਪੰਜਾਬ (ਭਾਈ), ਫੇਰੂ (ਭਾਈ), ਫ਼ਤੇਸ਼ਾਹ (ਫ਼ਕੀਰ), ਫ਼ੂਲ, ਬਾਗ਼, ਬਹਿਲੋ (ਭਾਈ), ਬਿਹਾਰੀ, ਭਗਤੂ (ਭਾਈ), ਭਾਨਾ (ਭਾਈ), ਮੁਰਾਰੀ, ਰੂਪ ਚੰਦ (ਭਾਈ) ਆਦਿ।

ਹਰੀ ਰਾਮ ਗੁਪਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜਨਮ ਦੀ ਮਿਤੀ ਤਾਂ ਦਿੰਦੇ ਹਨ ਪਰ ਇਹ ਨਹੀਂ ਦੱਸਦੇ ਕਿ ਉਨ੍ਹਾਂ ਦਾ ਪ੍ਰਕਾਸ਼ ਕਿੱਥੇ ਹੋਇਆ ਸੀ। ਇੰਦੂ ਭੂਸ਼ਣ ਬੈਨਰਜੀ, ਖ਼ੁਸ਼ਵੰਤ ਸਿੰਘ ਅਤੇ ਕਨਿੰਘਮ ਨਾ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਜਨਮ ਦੀ ਮਿਤੀ ਅਤੇ ਨਾ ਹੀ ਜਨਮ ਸਥਾਨ ਦਾ ਪਤਾ ਦਿੰਦੇ ਹਨ। ਜਦੋਂ ਕਿ ਲੱਗਭਗ ਸਮੂਹ ਗੁਰਮੁਖੀ ਸਰੋਤ ਸ੍ਰੀ ਗੁਰੂ ਹਰਿਰਾਇ ਜੀ ਦੇ ਬੱਚਿਆਂ ਦਾ ਜਨਮ ਕੀਰਤਪੁਰ

ਵਿਖੇ ਹੋਣਾ ਦੱਸਦੇ ਹਨ। 'ਗੁਰੂ ਕੀਆਂ ਸਾਖੀਆਂ', 'ਬੰਸਾਵਲੀਨਾਮਾ', 'ਮਹਾਨ ਕੋਸ਼' ਆਦਿ ਇਨ੍ਹਾਂ ਵਿੱਚੋਂ ਪ੍ਰਮੁੱਖ ਹਨ। ਇੱਥੋਂ ਤਕ ਕਿ ਡਾ. ਹਰਜਿੰਦਰ ਸਿੰਘ ਦਿਲਗੀਰ ਆਪਣੀਆਂ ਪੁਸਤਕਾਂ ਵਿਚ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਹੋਣਾ ਲਿਖਦੇ ਰਹੇ ਹਨ। ਜੇਕਰ ਇਹ ਮੰਨ ਲਿਆ ਜਾਵੇ ਕਿ ਸ੍ਰੀ ਗੁਰੂ ਹਰਿਰਾਇ ਜੀ ੧੨-੧੩ ਸਾਲ ਨਾਹਨ ਰਿਆਸਤ ਵਿਚ ਰਹੇ ਹਨ ਤਾਂ ਇਹ ਤਾਂ ਹੋ ਨਹੀਂ ਸਕਦਾ ਕਿ ਗੁਰੂ ਜੀ ਇਕਾਂਤਵਾਸ ਹੀ ਹੋ ਗਏ ਸਨ। ਉੱਥੋਂ ਦੇ ਨਗਰਾਂ ਅਤੇ ਕਸਬਿਆਂ ਦੀਆਂ ਕਿਹੜੀਆਂ ਪਰੰਪਰਾਵਾਂ ਹਨ ਜਿਹੜੀਆਂ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਹਨ। ਇੰਨਾ ਲੰਮਾ ਸਮਾਂ ਗੁਰੂ ਜੀ ਦਾ ਇਕਾਂਤਵਾਸ ਹੋ ਕੇ ਰਹਿਣਾ ਇਸ ਕਰ ਕੇ ਸਹੀ ਨਹੀਂ ਜਾਪਦਾ ਕਿਉਂਕਿ ਪੰਜਾਬ ਦੇ ਪਿੰਡਾਂ ਵਿਚ ਅਜਿਹੀਆਂ ਅਨੇਕਾਂ ਪਰੰਪਰਾਵਾਂ ਮੌਜੂਦ ਹਨ ਜਿਹੜੀਆਂ ਗੁਰੂ ਜੀ ਦੇ ਇਨ੍ਹਾਂ ਅਸਥਾਨਾਂ 'ਤੇ ਆਉਣਾ ਸਿੱਧ ਕਰਦੀਆਂ ਹਨ।

ਮਨੋਕਲਪਿਤ ਆਧਾਰ 'ਤੇ ਗੁਰੂ ਸਾਹਿਬ ਨੂੰ ੧੨-੧੩ ਸਾਲ ਇੱਕੋ ਸਥਾਨ ਵਿਖੇ ਸੀਮਿਤ ਕਰ ਦੇਣਾ ਅਤੇ ਬਗ਼ੈਰ ਕਿਸੇ ਠੋਸ ਆਧਾਰ ਤੋਂ ਉੱਥੇ ਹੀ ਉਨ੍ਹਾਂ ਦੇ ਬੱਚਿਆਂ ਦਾ ਜਨਮ ਹੋਣਾ ਕਹਿ ਦੇਣਾ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਸਹੀ ਨਹੀਂ ਜਾਪਦਾ। ਜਾਪਦਾ ਇਹ ਹੈ ਕਿ ਗੁਰੂ ਜੀ ਕੁਝ ਸਮੇਂ ਲਈ ਕੀਰਤਪੁਰ ਸਾਹਿਬ ਤੋਂ ਬਾਹਰ ਗਏ ਸਨ ਅਤੇ ਛੇਤੀ ਹੀ ਪਿੱਛੋਂ ਵਾਪਸ ਕੀਰਤਪੁਰ ਸਾਹਿਬ ਵਿਖੇ ਆ ਗਏ ਸਨ। ਇਹੀ ਉਨ੍ਹਾਂ ਦਾ ਕੇਂਦਰੀ ਸਥਾਨ ਸੀ। ਇੱਥੋਂ ਗੁਰੂ ਜੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇ ਅਸਥਾਨਾਂ ਦੀ ਯਾਤਰਾ ਕਰਨ ਉਪਰੰਤ ਵਾਪਸ ਆ ਜਾਂਦੇ ਸਨ। ■

## ਕਾਦੀਆਂ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਪਾਤਸ਼ਾਹੀ ਪਹਿਲੀ, ਰਣਜੀਤ ਨਗਰ, ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਵਿਖੇ ੨੨ ਫਰਵਰੀ, ੨੦੨੦ ਨੂੰ ਕਰਵਾਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੨੪ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਇਸ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਰੂਪ ਵਿਚ ਹਾਜ਼ਰੀ ਭਰੀ। ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਸਭ ਦੂ ਵਡੇ ਭਾਗ ਗੁਰਸਿਖਾ ਕੇ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਧਰਮ ਵਿਚ ਗੁਰਸਿੱਖਾਂ ਦਾ ਸਤਿਕਾਰ ਇਸ ਕਰਕੇ ਹੈ ਕਿ ਇਹ ਧਰਮ ਦੂਜੇ ਧਰਮਾਂ ਦੇ ਟਾਕਰੇ 'ਤੇ ਬੁਨਿਆਦੀ ਤੌਰ 'ਤੇ ਵਧੇਰੇ ਮਨੁੱਖਤਾਵਾਦੀ ਧਰਮ ਹੈ। ਇਸ ਵਿਚ ਨਿਰੰਕਾਰ ਦੇ ਨਾਲ-ਨਾਲ ਮਨੁੱਖਾ ਜਨਮ ਨੂੰ ਵੀ ਮਹੱਤਵ ਦਿੱਤਾ ਗਿਆ ਹੈ। ਹਰ ਮਨੁੱਖ ਨੂੰ ਪਰਮਾਤਮਾ ਦੀ ਅੰਸ਼ ਸਮਝਿਆ ਜਾਂਦਾ ਹੈ। ਇਹ ਪਰਮਾਤਮਾ ਨੂੰ ਮਿਲਣ ਦਾ ਇਕ ਸੁਨਹਿਰੀ ਮੌਕਾ ਹੈ। ਮਨੁੱਖ ਪਰਮਾਤਮਾ ਦਾ ਰੂਪ ਹੋ ਸਕਦਾ ਹੈ। ਇਹ ਮਨੁੱਖਾ ਜਨਮ ਪਰਮਾਤਮਾ ਦੀ ਅਮੋਲਕ ਦਾਤ ਹੈ ਅਤੇ ਪਰਮਾਤਮਾ ਵੱਲੋਂ ਮਿਲੀ ਇਕ ਵਡਿਆਈ ਸਮਝਿਆ ਗਿਆ ਹੈ।

*ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥*
*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੫)*

ਹਿੰਦੂ ਮਤ ਅਨੁਸਾਰ ਇਹ ਜਗਤ ਮਿਥਿਆ ਹੈ। ਜੀਵ ਵਿਚਾਰਾ ਆਵਾਗਵਣ ਦੇ ਚੱਕਰ ਵਿਚ ਫਸਿਆ ਹੋਇਆ ਹੈ; ਉਸ ਨੇ ਇਸ ਤੋਂ ਛੁਟਕਾਰਾ ਪਾਉਣਾ ਹੈ। ਭਗਤੀ ਭਾਵਨਾ ਨਾਲ ਜਾਂ ਆਤਮ ਗਿਆਨ ਨਾਲ ਜੀਵ ਨੇ ਮੁਕਤੀ ਪ੍ਰਾਪਤ ਕਰਨੀ ਹੈ। ਇਸ ਤਰ੍ਹਾਂ ਮਨੁੱਖ ਦੇ ਜੀਵਨ ਨਾਲੋਂ, ਉਸ ਦੇ ਸਰੀਰ ਨਾਲੋਂ, ਸੰਸਾਰ ਨਾਲੋਂ, ਮੁਕਤੀ ਦਾ ਮਹੱਤਵ ਵਧੇਰੇ ਮੰਨਿਆ ਗਿਆ ਹੈ। ਇਸ ਮਤ ਵਿਚ ਅਵਤਾਰਾਂ ਦੀ, ਦੇਵੀ-ਦੇਵਤਿਆਂ ਦੀ ਜਾਂ ਉਨ੍ਹਾਂ ਦੀਆਂ ਮੂਰਤੀਆਂ ਦੀ ਵਡਿਆਈ ਕੀਤੀ ਜਾਂਦੀ ਹੈ। ਪੂਜਾ ਅਰਾਧਨਾ ਕੀਤੀ ਜਾਂਦੀ ਹੈ ਕਿਉਂਕਿ ਉਨ੍ਹਾਂ ਨੇ ਸਵਰਗ ਵਿਚ ਵਾਸਾ ਦੇਣਾ ਹੈ ਜਾਂ ਜੀਵ ਨੂੰ ਮੁਕਤੀ ਪ੍ਰਦਾਨ ਕਰਨੀ ਹੈ। ਇਸ ਲਈ ਮਨੁੱਖ ਦੇ ਆਤਮਿਕ ਵਿਕਾਸ ਦੀ ਥਾਂ ਉਸ ਦੇ ਵਿਸ਼ਵਾਸ 'ਤੇ ਜ਼ੋਰ ਦਿੱਤਾ ਗਿਆ। ਸਦਾਚਾਰਕ ਤੇ ਨੇਕੀ ਵਾਲੇ ਜੀਵਨ ਦੀ ਥਾਂ ਪੂਜਾ ਅਰਚਨਾ ਜ਼ਰੂਰੀ ਹੈ। ਅਸਲੀਅਤ ਤਾਂ ਇਹ ਹੈ ਕਿ ਸਿੱਖ ਧਰਮ ਤੋਂ ਬਿਨਾਂ ਹੋਰ ਸਾਰੇ ਹੀ ਧਰਮਾਂ ਦਾ ਆਧਾਰ ਆਤਮਿਕ ਵਿਕਾਸ ਦੀ ਥਾਂ ਪੈਗ਼ੰਬਰ 'ਤੇ ਵਿਸ਼ਵਾਸ ਹੈ। ਇਸਲਾਮ ਮਤ ਅਨੁਸਾਰ ਜਿਨ੍ਹਾਂ ਨੂੰ ਹਜ਼ਰਤ ਮੁਹੰਮਦ 'ਤੇ ਭਰੋਸਾ ਹੋਵੇਗਾ ਉਹ ਰੂਹਾਂ ਕਿਆਮਤ ਤਕ ਅਰਾਮ ਨਾਲ ਸੁੱਤੀਆਂ ਰਹਿਣਗੀਆਂ ਤੇ ਕਿਆਮਤ ਦੇ ਦਿਨ ਪੁਨਰਜੀਵਤ ਹੋ ਜਾਣਗੀਆਂ। ਉਸੇ ਦਿਨ ਪੈਗ਼ੰਬਰ ਦੀ ਗਵਾਹੀ ਅਨੁਸਾਰ ਖੁਦਾ ਉਨ੍ਹਾਂ ਦਾ ਫੈਸਲਾ ਕਰੇਗਾ। ਇਸੇ ਤਰ੍ਹਾਂ ਈਸਾਈ ਮਤ ਦਾ ਵਿਸ਼ਵਾਸ ਹੈ ਕਿ ਜਿਵੇਂ ਹਜ਼ਰਤ ਈਸਾ ਪੁਨਰ-ਜੀਵਤ ਹੋ ਉੱਠੇ ਸਨ, ਇਸੇ ਤਰ੍ਹਾਂ ਈਸਾ ਨੂੰ ਮੰਨਣ ਵਾਲੇ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮-੦੫੧੦੦

ਹਰ ਵਿਅਕਤੀ ਨੂੰ ਪੁਨਰ-ਜੀਵਨ ਮਿਲੇਗਾ। ਇੰਝ ਹਿੰਦੂ ਮਤ, ਇਸਲਾਮ ਤੇ ਈਸਾਈ ਮਤ ਤਿੰਨਾਂ ਦਾ ਸਿਧਾਂਤ ਲੱਗਭਗ ਇਕ ਸਮਾਨ ਹੀ ਹੈ। ਤਿੰਨਾਂ ਵਿਚ ਅਵਤਾਰ ਜਾਂ ਪੈਗ਼ੰਬਰ ਨੂੰ ਹੀ ਪਰਮਾਤਮਾ ਨਾਲ ਸੰਬੰਧ ਰੱਖਣ ਵਾਲਾ ਜਾਂ ਖੁਦ ਪਰਮਾਤਮਾ ਹੀ ਮੰਨਿਆ ਜਾਂਦਾ ਹੈ। ਇਨ੍ਹਾਂ ਵਿਚ ਧਰਮ ਦੇ ਫਲ ਦੀ ਪ੍ਰਾਪਤੀ ਮ੍ਰਿਤੂ ਤੋਂ ਬਾਅਦ ਹੀ ਮੰਨੀ ਜਾਂਦੀ ਹੈ। ਇਸ ਦੇ ਉਲਟ ਸੂਫੀ ਮਤ, ਭਗਤੀ ਲਹਿਰ ਤੇ ਗੁਰਮਤਿ ਵਿਚ ਸਾਧਕਾਂ ਦਾ ਪਰਮਾਤਮਾ ਨਾਲ ਸਿੱਧਾ ਸੰਬੰਧ ਹੁੰਦਾ ਹੈ ਤੇ ਉਨ੍ਹਾਂ ਨੂੰ ਜੀਵਨ ਵਿਚ ਹੀ ਸਾਧਨਾ ਦਾ ਫਲ ਪ੍ਰਾਪਤ ਹੁੰਦਾ ਹੈ।

*- ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ॥*
*ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੨)*

*- ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥*
*ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੮)*

*- ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੭੮)*

ਗੁਰਮਤਿ, ਸੂਫੀ ਅਤੇ ਨਿਰਗੁਣ ਭਗਤੀ ਵਿਚ ਪਰਮਾਤਮਾ ਦੇ ਸਰੂਪ ਬਾਰੇ ਤੇ ਉਸ ਦੀ ਖੋਜ ਬਾਰੇ ਵਿਚਾਰਧਾਰਾ ਵਿਚ ਸਮਾਨਤਾ ਹੈ। ਇਨ੍ਹਾਂ ਅਨੁਸਾਰ ਪਰਮਾਤਮਾ ਨਿਰਗੁਣ ਤੇ ਨਿਰਾਕਾਰ ਰੂਪ ਹੈ। ਉਹ ਜੂਨੀਆਂ ਵਿਚ ਨਹੀਂ ਆਉਂਦਾ। ਉਹ ਬੇਅੰਤ ਅਤੇ ਸਰਬ-ਵਿਆਪੀ ਹੈ। ਸਾਰੇ ਮਨੁੱਖ ਉਸੇ ਦੇ ਨੂਰ ਤੋਂ ਪੈਦਾ ਹੋਏ ਹਨ। ਉਹ ਘਟਘਟ ਅੰਦਰ ਵਿਆਪਕ ਹੈ। ਇਹ ਵਿਚਾਰਧਾਰਾ ਹਿੰਦੂ ਮਤ, ਈਸਾਈ ਮਤ ਅਤੇ ਇਸਲਾਮ ਮਤ ਤੋਂ ਕਾਫ਼ੀ ਹੱਦ ਤਕ ਭਿੰਨ ਹੈ। ਹਿੰਦੂ ਮਤ ਵਿਚ ਤਾਂ ਪਰਮਾਤਮਾ ਨੂੰ ਅਵਤਾਰਾਂ ਦੇ ਰੂਪ ਵਿਚ ਹੀ ਕਲਪਿਆ ਜਾਂਦਾ ਹੈ ਅਤੇ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਈਸਾਈ ਮਤ ਤੇ ਇਸਲਾਮ ਵਿਚ ਵੀ ਪੈਗ਼ੰਬਰ ਹੀ ਰੱਬ ਦਾ ਵਿਸ਼ੇਸ਼ ਰੂਪ ਜਾਂ ਉਸ ਦਾ ਪ੍ਰਤੀਨਿਧੀ ਮੰਨਿਆ ਜਾਂਦਾ ਹੈ। ਵਿਚਾਰਧਾਰਾ ਦੀ ਸਾਂਝ ਕਰਕੇ ਹੀ ਗੁਰਬਾਣੀ ਵਿਚ ਹੋਰ ਭਗਤ ਸਾਹਿਬਾਨ ਤੇ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਸ਼ਾਮਲ ਕੀਤੀ ਗਈ ਹੈ। ਇਨ੍ਹਾਂ ਦੀ ਬਾਣੀ ਇਕਸੁਰ ਹੋ ਕੇ ਜੀਵ ਨੂੰ ਉਪਦੇਸ਼ ਕਰਦੀ ਹੈ ਕਿ ਮਨੁੱਖ ਨੇ ਪਰਮਾਤਮਾ ਦੀ ਖੋਜ ਆਪਣੇ ਅੰਦਰੋਂ ਹੀ ਕਰਨੀ ਹੈ। ਇਸ ਲਈ ਬਾਹਰ ਭਟਕਣ, ਮੂਰਤੀ ਪੂਜਾ ਜਾਂ ਕਬਰਾਂ ਆਦਿ ਦੀ ਮੰਨਤ ਕਰਨ ਦੀ ਕੋਈ ਲੋੜ ਨਹੀਂ ਹੈ:

*- ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*

*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੮)*

*– ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੫)*

*– ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥*
*ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥*
*ਭੂਲੀ ਮਾਲਿਨੀ ਹੈ ਏਉ॥ ਸਤਿਗੁਰੁ ਜਾਗਤਾ ਹੈ ਦੇਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੯)*

*– ਘਰ ਮਹਿ ਠਾਕੁਰੁ ਨਦਰਿ ਨ ਆਵੈ॥ ਗਲ ਮਹਿ ਪਾਹਣੁ ਲੈ ਲਟਕਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੯)*

*– ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕੁ ਬਿਨਾ ਮਨਿ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤਿ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ॥*
*ਤੀਰਥ ਦਾਨ ਦਯਾ ਤਪ ਸੰਜਮ ਏਕੁ ਬਿਨਾਂ ਨਹਿ ਏਕ ਪਛਾਨੈ॥*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਿਸ ਤਾਹਿਂ ਨ ਖਾਲਿਸ ਜਾਨੈ॥*

*(ਸਵੱਯੇ ਪਾ: ੧੦)*

ਇਹ ਸੰਸਾਰ ਪਰਮਾਤਮਾ ਦਾ ਬਹੁਤ ਵੱਡਾ ਵਰਦਾਨ ਹੈ। ਇਹ ਸੱਚੇ ਕੀ ਕੋਠੜੀ ਹੈ। ਧਰਤੀ ਧਰਮਸ਼ਾਲਾ ਹੈ। ਮਾਤਾ ਧਰਤਿ ਮਹਤ ਹੈ। ਇਹ ਧਰਮ ਖੰਡ ਹੈ। ਇੱਥੇ ਮਨੁੱਖ ਨੇ ਸੱਚ ਧਰਮ ਦਾ ਗਿਆਨ ਹਾਸਲ ਕਰਨਾ ਹੈ। ਹੁਕਮ ਰਜਾਈ ਚੱਲ ਕੇ ਪਰਮਾਤਮਾ ਵਾਂਗ ਸਚਿਆਰ ਬਣਨਾ ਹੈ ਤੇ ਕੂੜ ਦੀ ਪਾਲ ਤੋੜ ਦੇਣੀ ਹੈ। ਪ੍ਰਭੂ ਦੀ ਕਿਰਪਾ ਨਾਲ ਮਨੁੱਖਾ ਦੇਹੀ ਪ੍ਰਾਪਤ ਹੁੰਦੀ ਹੈ। ਇਸ ਦੇਹੀ ਨਾਲ ਮਨੁੱਖ ਆਪਣਾ ਆਤਮਿਕ ਵਿਕਾਸ ਕਰ ਕੇ ਸੱਚਖੰਡ ਦਾ ਅਧਿਕਾਰੀ ਬਣ ਸਕਦਾ ਹੈ। ਇਹ ਮਾਰਗ ਦੀਆਂ ਪੌੜੀਆਂ ਇਸ ਸੰਸਾਰ ਦੇ ਕਾਇਮ-ਦਾਇਮ ਰਹਿੰਦਿਆਂ ਤੇ ਜਿਉਂਦਿਆਂ ਜਾਗਦਿਆਂ ਚੜ੍ਹਨੀਆਂ ਹਨ। ਪੂਰਨ ਸੱਚ ਦੀ ਪ੍ਰਾਪਤੀ ਕਰ ਕੇ ਮਨੁੱਖ ਬ੍ਰਹਮ ਗਿਆਨੀ ਦਾ ਦਰਜਾ ਹਾਸਲ ਕਰਦਾ ਹੈ। ਬ੍ਰਹਮ ਗਿਆਨੀ ਦਾ ਗਿਆਨ ਸਿਰਫ ਸੂਚਨਾ ਮਾਤਰ, ਵਿਸ਼ਵਾਸ ਜਾਂ ਇਕ ਆਸ ਨਹੀਂ ਹੁੰਦਾ। ਉਹ ਬ੍ਰਹਮ ਨਾਲ ਪ੍ਰਤੱਖ ਤੌਰ 'ਤੇ ਵਾਸਤਵਿਕ ਰੂਪ ਵਿਚ ਇਕਮਿਕ ਅਨੁਭਵ ਕਰਦਾ ਹੈ। ਸਿਰਫ ਧਰਮ ਨਿਯਮਾਂ ਦੀ ਪੱਧਰ 'ਤੇ ਜਿਊਣ ਵਾਲੇ ਲੋਕਾਂ ਤੋਂ ਬ੍ਰਹਮ ਗਿਆਨੀ ਦਾ ਦਰਜਾ ਬਹੁਤ ਉੱਚਾ ਹੁੰਦਾ ਹੈ। ਉਹ ਆਪ ਪਰਮੇਸ਼ਰ ਤੇ ਮੁਕਤ-ਜੁਗਤ ਦਾ ਦਾਤਾ ਬਣ ਜਾਂਦਾ ਹੈ। ਗੁਰਬਾਣੀ ਵਿਚ ਬ੍ਰਹਮ ਗਿਆਨੀ ਦੀ ਵਡਿਆਈ ਇਸ ਤਰ੍ਹਾਂ ਕੀਤੀ ਗਈ ਹੈ:

*– ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

*– ਬ੍ਰਹਮ ਗਿਆਨੀ ਕੀ ਕੀਮਤਿ ਨਾਹਿ॥ ਬ੍ਰਹਮ ਗਿਆਨੀ ਕੈ ਸਗਲ ਮਨ ਮਾਹਿ॥*
*ਬ੍ਰਹਮ ਗਿਆਨੀ ਕਾ ਕਉਨ ਜਾਨੈ ਭੇਦੁ॥ ਬ੍ਰਹਮ ਗਿਆਨੀ ਕਉ ਸਦਾ ਅਦੇਸੁ॥*
*ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਯ੍ਰੁ॥*
*ਬ੍ਰਹਮ ਗਿਆਨੀ ਸਰਬ ਕਾ ਠਾਕੁਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੩)*

ਹਰ ਗੁਰਸਿੱਖ ਬ੍ਰਹਮ ਗਿਆਨੀ ਦੀ ਅਵਸਥਾ ’ਤੇ ਪਹੁੰਚ ਸਕਦਾ ਹੈ। ਇਸ ਲਈ ਉਸ ਨੂੰ ਬਹੁਤ ਜ਼ਿਆਦਾ ਕਠੋਰ ਤਪ ਕਰਨ ਅਤੇ ਘਰ-ਬਾਰ ਛੱਡਣ ਦੀ ਲੋੜ ਵੀ ਨਹੀਂ ਹੁੰਦੀ। ਗੁਰ-ਸ਼ਬਦ ਨਾਲ ਜੁੜ ਕੇ ਸੰਸਾਰ ਵਿਚ ਕਮਲ ਵਾਂਗ ਨਿਰਲੇਪ ਰਹਿ ਕੇ ਗ੍ਰਿਹਸਤੀ ਜੀਵਨ ਬਤੀਤ ਕਰਦਿਆਂ ਚਾਰੇ ਪਦਾਰਥ ਭੋਗਦਿਆਂ ਘਰ ਬੈਠਿਆਂ ਹੀ ਇਹ ਪਦਵੀ ਪ੍ਰਾਪਤ ਕਰ ਸਕਦਾ ਹੈ। ਗੁਰੂ ਸਾਹਿਬ ਨੇ ਸਿੱਖ-ਸਿੱਖ ਦਰਮਿਆਨ, ਗੁਰੂ ਤੇ ਸਿੱਖ ਦਰਮਿਆਨ ਤੇ ਸਿੱਖ ਤੇ ਪਰਮਾਤਮਾ ਦਰਮਿਆਨ ਕੋਈ ਦੀਵਾਰ ਨਹੀਂ ਰਹਿਣ ਦਿੱਤੀ। ਵਿਅਕਤੀਗਤ ਗੁਰੂ ਦੀ ਥਾਂ ਵੀ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ‘ਸ਼ਬਦ’ ਨੂੰ ਗੁਰੂ ਦਾ ਦਰਜਾ ਦੇ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉੱਚਾ ਕੀਤਾ ਤੇ ਆਪ ਸਿੱਖਾਂ ਦੇ ਬਰਾਬਰ ਹੋ ਕੇ ਬੈਠੇ।

ਇਹ ਇਕ ਨਿਵੇਕਲਾ ਧਰਮ ਹੈ ਜਿੱਥੇ ਧਰਮ ਦਾ ਰਹਿਬਰ ਆਪਣੇ ਪੈਰੋਕਾਰਾਂ ਨੂੰ ਆਪਣੇ ਬਰਾਬਰ ਸਮਝਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਲਹਿਣਾ ਜੀ ਨੂੰ ਗੁਰਿਆਈ ਸੌਂਪ ਦਿੱਤੀ ਅਤੇ ਗੁਰੂ ਪਦਵੀ ’ਤੇ ਬਿਰਾਜਮਾਨ ਕਰਨ ਮਗਰੋਂ ਉਨ੍ਹਾਂ ਨੂੰ ਸਤਿਗੁਰੂ ਮੰਨ ਉਨ੍ਹਾਂ ਦੇ ਚਰਨਾਂ ’ਤੇ ਮੱਥਾ ਟੇਕਿਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਇਕ ਅਜਿਹੇ ਸਿੱਖ ਨੂੰ ਗੁਰੂ-ਘਰ ਦਾ ਮਾਲਕ ਬਣਾ ਦਿੱਤਾ ਜਿਸ ਨੂੰ ਲੋਕ ਗ਼ਰੀਬ ਤੇ ਨਿਥਾਵਾਂ ਸਮਝਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਦਾ ਵਿਆਹ ਇਕ ਅਜਿਹੇ ਗਰੀਬ ਸਿੱਖ ਨਾਲ ਕੀਤਾ ਜੋ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦਾ ਸੀ। ਉਨ੍ਹਾਂ ਨੂੰ ਹੀ ਗੁਰਿਆਈ ’ਤੇ ਸੁਸ਼ੋਭਿਤ ਕਰ ਕੇ ਸਤਿਗੁਰੂ ਦਾ ਦਰਜਾ ਦਿੱਤਾ। ਸੋ ਗੁਰਮਤਿ ਵਿਚ ਗੁਰੂ ਤੇ ਸਿੱਖ ਵਿਚ ਆਤਮਿਕ ਤੌਰ ’ਤੇ ਕੋਈ ਅੰਤਰ ਨਹੀਂ ਹੈ। ਦੋਵੇਂ ਗੁਰਮਤਿ ਦੇ ਧਾਰਨੀ ਹੋਣ ਕਰਕੇ ਇਕ ਰੂਪ ਹੀ ਹੁੰਦੇ ਹਨ। ਗੁਰਬਾਣੀ ਵਿਚ ਵਰਣਨ ਕੀਤਾ ਗਿਆ ਹੈ:

*–ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੪੪)*

*– ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ॥ (ਪੰਨਾ ੭੫੮)*

ਪਰਮਾਤਮਾ ਦਾ ਕੋਈ ਚਿਹਨ-ਚੱਕਰ ਰੂਪ-ਰੰਗ ਨਹੀਂ ਹੈ। ਜੀਵ ਉਸ ਦੇ ਨਾਮ ਰੂਪ ਨੂੰ ਹੀ ਪਹਿਚਾਣ ਸਕਦਾ ਹੈ। ਇਹ ਨਾਮ ਪਰਮਾਤਮਾ ਦਾ ਨੂਰ ਹੈ ਜੋ ਅਬਿਨਾਸੀ ਤੇ ਅਬਿਚਲ ਹੈ। ਇਸੇ ਨੂਰ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ।

ਇਹ ਅੰਮ੍ਰਿਤ ਰੂਪ ਹੈ, ਜੋ ਜੀਵ ਨੂੰ ਅਮਰ ਕਰ ਦਿੰਦਾ ਹੈ। ਨਾਮ ਦੀ ਅੰਸ਼ ਹੋਣ ਕਰਕੇ ਆਤਮਾ ਸਦਾ ਅਮਰ ਰਹਿੰਦੀ ਹੈ ਪਰ ਸਰੀਰ ਨਾਸ਼ਵਾਨ ਹੈ। ਇਹ ਪ੍ਰਕਿਰਤੀ ਦਾ ਨਿਯਮ ਹੈ। ਰੱਬੀ ਹੁਕਮ ਹੈ। ਸਰੀਰ ਕਦੇ ਵੀ ਅਮਰ ਨਹੀਂ ਹੋ ਸਕਦਾ। ਜੋ ਲੋਕ ਸਰੀਰ ਨੂੰ ਅਮਰ ਕਰਨਾ ਚਾਹੁੰਦੇ ਹਨ ਉਹ ਭੁਲੇਖੇ ਵਿਚ ਹੀ ਰਹਿਣਗੇ। ਉਨ੍ਹਾਂ ਦੀ ਹਾਲਤ ਤ੍ਰਿਸ਼ੰਕੂ ਵਰਗੀ ਹੋ ਜਾਵੇਗੀ; ਨਾ ਇਸ ਪਾਸੇ ਨਾ ਉਸ ਪਾਸੇ। ਇਸ ਲਈ ਪਰਮਾਤਮਾ ਦੀ ਪ੍ਰਾਪਤੀ ਲਈ ਆਤਮਾ ਨੂੰ ਚੀਨਣ ਦੀ ਲੋੜ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੦)*

ਆਤਮਾ ਦੀ ਖੋਜ ਕਰ ਕੇ ਹੀ ਮਨ ਆਪਣੇ ਮੂਲ ਪਰਮਾਤਮਾ ਦੇ ਨਾਮ ਧਨ ਦੀ ਪ੍ਰਾਪਤੀ ਕਰ ਸਕਦਾ ਹੈ। ਇਹ ਨਾਮ ਰੂਪੀ ਨਿਰੰਕਾਰ ਆਦਿ ਸਮੇਂ ਵੀ ਸੱਚ ਸੀ, ਜੁਗਾਂ ਦੇ ਅਰੰਭ ਵਿਚ ਵੀ ਸੱਚ ਸੀ। ਹੁਣ ਵਰਤਮਾਨ ਵਿਚ ਵੀ ਸੱਚ ਹੈ ਤੇ ਭਵਿੱਖ ਵਿਚ ਵੀ ਸੱਚ ਰਹੇਗਾ। ਨਾਮ ਰੂਪ ਬਣਿਆ ਮਨੁੱਖ ਵੀ ਸਚਿਆਰ ਹੋ ਜਾਂਦਾ ਹੈ। ਇਸ ਨਾਮ ਅੰਮ੍ਰਿਤ ਦੀ ਵਰਖਾ ਹਰ ਪਲ, ਹਰ ਘੜੀ ਚਾਰੇ ਦਿਸ਼ਾਵਾਂ ਵਿਚ ਮਨੁੱਖ ਦੇ ਅੰਦਰ

ਬਾਹਰ ਸਭ ਥਾਂ ਹੋ ਰਹੀ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਨਾਮ ਨਾਲ ਜੁੜਨ ਦੀ ਜੁਗਤ ਦੱਸੀ ਹੈ। ਗੁਰਬਾਣੀ ਜੀਵ ਦੇ ਅੰਦਰ ਨਾਮ ਪ੍ਰਗਟ ਕਰਦੀ ਹੈ। ਜੋ ਪ੍ਰਾਣੀ ਆਪਣੇ ਜੀਵਨ ਵਿਚ ਸਰੀਰ ਦੇ ਜੀਂਦੇ-ਜਾਗਦੇ ਇਸ ਨਾਮ ਦੀ ਪ੍ਰਾਪਤੀ ਨਹੀਂ ਕਰਦੇ, ਉਹ ਮਨੁੱਖ, ਮੂੜ੍ਹ ਤੇ ਅਗਿਆਨੀ ਹਨ। ਉਨ੍ਹਾਂ ਦਾ ਇਸ ਸੰਸਾਰ 'ਤੇ ਆਉਣਾ ਵਿਅਰਥ ਜਾਵੇਗਾ। ਗੁਰਬਾਣੀ ਵਿਚ ਦੱਸਿਆ ਗਿਆ ਹੈ:

*- ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ॥*
*ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੮੨)*

*- ਦੁਲਭ ਦੇਹ ਪਾਈ ਵਡਭਾਗੀ॥ ਨਾਮੁ ਨ ਜਪਹਿ ਤੇ ਆਤਮ ਘਾਤੀ॥*
*ਮਰਿ ਨ ਜਾਹੀ ਜਿਨਾ ਬਿਸਰਤ ਰਾਮ॥ ਨਾਮ ਬਿਹੂਨ ਜੀਵਨ ਕਉਨ ਕਾਮ॥*
*ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥*
*ਜੋ ਨ ਸੁਨਹਿ ਜਸੁ ਪਰਮਾਨੰਦਾ॥ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੮)*

*- ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥*
*ਕੂਰ ਕ੍ਰਿਆ ਉਰਝਿਓ ਸਭਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥*

*(ਤ੍ਵ ਪ੍ਰਸਾਦਿ ਸਵੱਯੇ, ਪਾ. ੧੦)*

ਗੁਰਬਾਣੀ ਇਸ ਕਰਕੇ ਮਹਾਨ ਹੈ ਕਿ ਇਹ ਮਨੁੱਖ ਨੂੰ ਸੱਚ ਦਾ ਗਿਆਨ

ਕਰਵਾਉਂਦੀ ਹੈ ਤੇ ਨਾਮ ਨਾਲ ਜੋੜਦੀ ਹੈ। ਗੁਰਸਿੱਖ ਇਸ ਕਰਕੇ ਮਹਾਨ ਹੁੰਦਾ ਹੈ ਕਿ ਗੁਰਬਾਣੀ ਨਾਲ ਜੁੜ ਕੇ ਨਾਮ ਦੀ ਪ੍ਰਾਪਤੀ ਕਰਦਾ ਹੈ। ਅਜਿਹੇ ਪੂਰਨ ਗੁਰਸਿੱਖਾਂ ਨੂੰ ਗੁਰੂ-ਘਰ ਵਿਚ ਬਹੁਤ ਮਾਣ-ਸਤਿਕਾਰ ਤੇ ਵਡਿਆਈ ਦਿੱਤੀ ਗਈ ਹੈ। ਬਾਬਾ ਬੁੱਢਾ ਜੀ ਪੂਰਨ ਬ੍ਰਹਮ ਗਿਆਨੀ ਗੁਰਸਿੱਖ ਹੋਏ ਹਨ। ਗੁਰੂ ਸਾਹਿਬਾਨ ਦੀ ਗੁਰਿਆਈ ਦੀ ਰਸਮ ਉਨ੍ਹਾਂ ਦੇ ਹੱਥੋਂ ਤੇ ਬਾਅਦ 'ਚ ਉਨ੍ਹਾਂ ਦੀ ਵੰਸ਼ ਵਿੱਚੋਂ ਹੀ ਕਰਵਾਈ ਜਾਂਦੀ ਰਹੀ ਹੈ। ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਗ੍ਰੰਥੀ ਥਾਪਿਆ ਗਿਆ। ਇਸ ਤਰ੍ਹਾਂ ਉਨ੍ਹਾਂ ਨੇ ਗੁਰਸਿੱਖਾਂ ਦੀ ਵਡਿਆਈ ਤੇ ਉਨ੍ਹਾਂ ਦੀ ਉੱਚੀ ਅਵਸਥਾ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸੀਸ ਭੇਟ ਕਰਨ ਵਾਲੇ ਪੰਜ ਸਿੱਖਾਂ ਨੂੰ ਪੰਜ ਪਿਆਰੇ ਆਖ ਕੇ ਨਿਵਾਜਿਆ ਸੀ ਤੇ ਉਨ੍ਹਾਂ ਦੇ ਹੱਥੋਂ ਆਪ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਗੁਰਸਿੱਖਾਂ ਦੀ ਆਤਮਿਕ ਉੱਚਤਾ ਤੇ ਸਹੀ ਆਤਮਿਕ ਸੇਧ ਕਾਰਨ ਗੁਰਮਤਿ ਵਿਚ ਉਨ੍ਹਾਂ ਦੀ ਵਡਿਆਈ ਨੂੰ ਪ੍ਰਵਾਨ ਕੀਤਾ ਗਿਆ ਹੈ:

*-ਧੰਨੁ ਧੰਨੁ ਸੋ ਗੁਰਸਿਖੁ ਕਹੀਐ*
*ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥*
*ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ*
*ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੩)*
*-ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ॥*
*ਸਭ ਦੂ ਵਡੇ ਭਾਗ ਗੁਰ ਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੯)*
*- ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਹਰਿ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*
*(ਸ੍ਰੀ ਗੁਰੂ ਗ੍ਰੰਥ ਸਹਿਬ, ੩੦੫)*
*-ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੫)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਗੁਰਸਿੱਖਾਂ ਨੂੰ ਇਕ ਸ਼ਸਤਰਧਾਰੀ ਜਥੇਬੰਦੀ ਦਾ ਰੂਪ ਦੇ ਦਿੱਤਾ ਸੀ। ਖਾਲਸੇ ਲਈ ਸਾਬਤ-ਸਰੂਪ, ਪੰਜ ਕਕਾਰ ਤੇ ਰਹਿਣੀ ਨਿਸ਼ਚਿਤ ਕਰ ਦਿੱਤੀ ਗਈ ਸੀ। ਖਾਲਸੇ ਨੇ ਬਾਣੀ ਤੇ ਬਾਣਾ ਦੋਵਾਂ ਦਾ ਧਾਰਨੀ ਹੋਣਾ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ, ਜੋ ਸੰਸਾਰ ਵਿਚ ਬੇਇਨਸਾਫ਼ੀ ਤੇ ਜ਼ੁਲਮ ਦੇ ਖ਼ਾਤਮੇ ਲਈ ਅਤੇ ਗ਼ਰੀਬਾਂ ਤੇ ਮਜ਼ਲੂਮਾਂ ਦੀ ਰਾਖੀ ਲਈ ਤਤਪਰ

ਰਹਿੰਦਾ ਹੈ। ਖਾਲਸਾ ਭਗਤੀ ਤੇ ਸ਼ਕਤੀ ਦਾ ਇਕ ਅਦੁੱਤੀ ਸੁਮੇਲ ਹੈ। ਗੁਰੂ ਜੀ ਨੇ ਖਾਲਸੇ ਨੂੰ ਆਪਣਾ ਹੀ ਰੂਪ ਮੰਨਿਆ ਹੈ ਤੇ ਉਨ੍ਹਾਂ ਨੇ ਆਪਣਾ ਸਭ ਕੁਝ ਖਾਲਸੇ ਦੇ ਅਰਪਣ ਕਰ ਦਿੱਤਾ ਸੀ:

*– ਜਜਨ ਭਜਨ ਮਮ ਖ਼ਾਲਸਾ ਖ਼ਾਲਸ ਪੂਜਬਿ ਜੋਗ॥*
*ਦਾਸ ਗੋਬਿੰਦ ਫਤਹ ਖ਼ਾਲਸਾ ਦਰਸ ਪਰਸ ਮਿਟਿ ਸੋਗ॥ (ਸਰਬ ਲੋਹ ਗ੍ਰੰਥ)*
*– ਸੇਵ ਕਰੀ ਇਨਹੀ ਕੀ ਭਾਵਤ ਅਉਰ ਕੀ ਸੇਵ ਸੁਹਾਤ ਨ ਜੀਕੋ।*
*ਦਾਨ ਦਯੋ ਇਨਹੀ ਕੋ ਭਲੋ ਅਰੁ ਆਨ ਕੋ ਦਾਨ ਨ ਲਾਗਤ ਨੀਕੋ।*
*ਆਗੈ ਫਲੈ ਇਨਹੀ ਕੋ ਦਯੋ ਜਗ ਮੈ ਜਸੁ ਅਉਰ ਦਯੋ ਸਭ ਫੀਕੋ।*
*ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ।*
*(ਦਸਮ ਗ੍ਰੰਥ)*

ਗੁਰਸਿੱਖੀ ਦਾ ਧਾਰਨਾ ਕੋਈ ਸੌਖਾ ਕੰਮ ਨਹੀਂ ਹੈ। ਇਹ ਕੋਈ ਸੂਰਮਾ ਹੀ ਕਰ ਸਕਦਾ ਹੈ। ਇਸ ਲਈ ਸਿਰ ਤਲੀ 'ਤੇ ਧਰ ਕੇ ਗੁਰੂ ਦੀ ਸ਼ਰਨ ਵਿਚ ਜਾਣਾ ਹੁੰਦਾ ਹੈ। ਆਪਣਾ ਤਨ, ਮਨ ਤੇ ਧਨ ਗੁਰੂ ਦੀ ਭੇਟਾ ਕਰ ਕੇ ਹੀ ਸਿੱਖੀ ਪ੍ਰਾਪਤ ਹੁੰਦੀ ਹੈ। ਗੁਰਸਿੱਖ ਆਪਣੀ ਮੱਤ ਛੱਡ ਕੇ ਗੁਰਮਤਿ ਨੂੰ ਗ੍ਰਹਿਣ ਕਰਦਾ ਹੈ ਅਤੇ ਇਕ ਅਕਾਲ ਪੁਰਖ ਦਾ ਹੀ ਪੁਜਾਰੀ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨ ਕੇ ਅਗਵਾਈ ਲੈਂਦਾ ਹੈ। ਆਪਣੇ ਮਨ ਦੇ ਵਿਕਾਰਾਂ ਨੂੰ ਮਿਟਾਉਂਦਾ ਤੇ ਗੁਰੂ ਦੇ ਉਪਦੇਸ਼ ਅਨੁਸਾਰ ਆਪਣਾ ਜੀਵਨ ਬਿਤਾਉਂਦਾ ਹੈ। ਇਹ ਖੰਨਿਅਹੁ ਤਿੱਖੀ ਤੇ ਵਾਲਹੁ ਨਿੱਕੀ ਸਿੱਖੀ ਦਾ ਧਾਰਨੀ ਹੁੰਦਾ ਹੈ। ਗੁਰਸਿੱਖੀ ਸਿਰਫ ਇਕ ਵਿਸ਼ਵਾਸ ਜਾਂ ਧਰਮ ਗ੍ਰਹਿਣ ਕਰਨਾ ਨਹੀਂ ਹੈ, ਇਹ ਤਾਂ ਗੁਰੂ ਆਗਿਆ ਅਨੁਸਾਰ ਆਪਣੇ ਜੀਵਨ ਵਿਚ ਤਬਦੀਲੀ ਲਿਆਉਣੀ ਹੈ, ਨਵਾਂ ਜਨਮ ਧਾਰਨਾ ਹੈ। ਸਤਿਗੁਰੂ ਦੀ ਸੇਵਾ ਵਿਚ ਰਹਿਣਾ ਹੈ। ਸਤਿਗੁਰੂ ਦੇ ਬਚਨਾਂ ਅਨੁਸਾਰ ਚੱਲਣਾ ਹੀ ਸਤਿਗੁਰੂ ਦੀ ਸੇਵਾ ਹੈ। ਸ਼ਬਦ ਵਿਚ ਲੀਨ ਹੋ ਕੇ ਹੀ ਨਾਮ ਦੀ, ਪਰਮਾਤਮਾ ਦੀ ਪ੍ਰਾਪਤੀ ਹੋਣੀ ਹੈ। ਇਹ ਸੇਵਾ ਔਖੀ ਹੈ ਪਰ ਸਫਲ ਹੈ ਤੇ ਉੱਤਮ ਹੈ। ਗੁਰਬਾਣੀ ਵਿਚ ਵਰਣਨ ਕੀਤਾ ਗਿਆ ਹੈ:

*– ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੯)*
*– ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੮)*

ਸਿੱਖ ਗੁਰੂ ਦੀ ਸੰਤਾਨ ਹੁੰਦੇ ਹਨ। ਗੁਰੂ ਨਿਮਖ-ਨਿਮਖ ਉਨ੍ਹਾਂ ਦੀ ਪਾਲਣਾ

ਕਰਦਾ ਹੈ। ਉਨ੍ਹਾਂ ਦੀ ਮਨਮੱਤ ਦੂਰ ਕਰ ਕੇ ਉਨ੍ਹਾਂ ਨੂੰ ਨਾਮ ਜਪਾਉਂਦਾ ਹੈ। ਉਨ੍ਹਾਂ ਨੂੰ ਵਿਕਾਰਾਂ ਤੋਂ ਹਟਾ ਕੇ ਮਾਇਆ ਦੇ ਬੰਧਨ ਕੱਟ ਦਿੰਦਾ ਹੈ। ਜਿਨ੍ਹਾਂ ਸਿੱਖਾਂ 'ਤੇ ਗੁਰੂ ਦਿਆਲ ਹੁੰਦਾ ਹੈ ਤੇ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੬)*

ਸਤਿਗੁਰ ਦੀ ਪ੍ਰਸੰਨਤਾ ਉਸੇ ਸਿੱਖ ਉੱਤੇ ਹੁੰਦੀ ਹੈ ਜੋ ਗੁਰੂ ਦੀ ਰਜ਼ਾ ਵਿਚ ਉਸ ਦੀ ਮਰਜ਼ੀ ਅਨੁਸਾਰ ਚੱਲਦਾ ਹੈ। ਆਪਣੀਆਂ ਇੱਛਾਵਾਂ ਦੇ ਅਧੀਨ ਹੋ ਕੇ ਵਿਅਕਤੀ ਗੁਰੂ ਨਾਲੋਂ ਟੁੱਟ ਜਾਂਦਾ ਹੈ ਤੇ ਮੋਹ-ਮਾਇਆ ਵਿਚ ਫਸ ਕੇ ਅਨੇਕਾਂ ਤਰ੍ਹਾਂ ਦੇ ਦੁੱਖਾਂ ਵਿਚ ਪੈਂਦਾ ਹੈ। ਆਪਣੇ ਗ਼ਲਤ ਕਰਮਾਂ ਕਰਕੇ ਉਹ ਸਜ਼ਾ ਦਾ ਭਾਗੀ ਹੁੰਦਾ ਹੈ ਤੇ ਉਸ ਨੂੰ ਸੱਟਾਂ ਵੱਜਦੀਆਂ ਹਨ। ਭਾਈ ਦੁਨੀ ਚੰਦ ਹਾਥੀ ਨਾਲ ਲੜਨ ਤੋਂ ਡਰ ਗਿਆ ਸੀ ਤੇ ਗੁਰੂ ਜੀ ਦੇ ਬਚਨਾਂ ਦੀ ਉਲੰਘਣਾ ਕਰ ਕੇ ਦੌੜ ਗਿਆ ਸੀ ਤਾਂ ਉਸ ਦੀ ਲੱਤ ਟੁੱਟ ਗਈ ਸੀ। ਦੂਜੇ ਪਾਸੇ ਭਾਈ ਬਚਿੱਤਰ ਸਿੰਘ ਨੇ ਗੁਰੂ ਜੀ ਦਾ ਅਸ਼ੀਰਵਾਦ ਲੈ ਕੇ ਹਾਥੀ ਦਾ ਸਾਹਮਣਾ ਕੀਤਾ ਤੇ ਵਡਿਆਈ ਪਾਈ। ਸਿੱਖ ਦੀ ਇਹ ਮੁੱਖ ਪਰਿਭਾਸ਼ਾ ਹੀ ਹੈ ਕਿ ਉਹ ਹਮੇਸ਼ਾਂ ਗੁਰੂ-ਭਾਣੇ ਵਿਚ ਰਹਿੰਦਾ ਹੈ ਜਿਵੇਂ ਕਿ ਗੁਰਬਾਣੀ ਵਿਚ ਅੰਕਿਤ ਹੈ:

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥*
*ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੧)*

ਗੁਰਸਿੱਖਾਂ ਨੂੰ ਗੁਰੂ ਨਾਲ ਬਹੁਤ ਪਿਆਰ ਹੁੰਦਾ ਹੈ। ਉਹ ਆਪਣੇ ਗੁਰੂ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹੁੰਦੇ ਹਨ। ਉਨ੍ਹਾਂ ਦੇ ਅੰਦਰ ਗੁਰੂ-ਦਰਸ਼ਨਾਂ ਦੀ ਖਿੱਚ ਬਣੀ ਰਹਿੰਦੀ ਹੈ। ਉਹ ਅਨੇਕ ਮੁਸ਼ਕਿਲਾਂ ਦਾ ਸਾਹਮਣਾ ਕਰ ਕੇ ਵੀ ਗੁਰੂ ਦੇ ਦਰਸ਼ਨਾਂ ਲਈ ਜਾਂਦੇ ਹਨ। ੧੮ਵੀਂ ਸਦੀ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਦੁਆਲੇ ਮੁਗ਼ਲਾਂ ਦੇ ਪਹਿਰੇ ਲੱਗੇ ਹੁੰਦੇ ਸਨ। ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਗੁਰਸਿੱਖ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰ ਕੇ ਹੀ ਜਾਂਦੇ ਸਨ। ਗੁਰਬਾਣੀ ਵਿਚ ਗੁਰਸਿੱਖਾਂ ਦੀ ਦ੍ਰਿੜ੍ਹਤਾ ਸੰਬੰਧੀ ਦੱਸਿਆ ਗਿਆ ਹੈ:

*-ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ॥*
*ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੯੦)*

*-ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*
*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥*
*ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ॥*
*ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੫੭)*

ਗੁਰੂ ਸਾਰੇ ਸਿੱਖਾਂ ਨੂੰ ਆਪਣੇ ਪੁੱਤਰ ਸਮਝਦਾ ਹੈ ਅਤੇ ਆਪਣੇ ਪੁੱਤਰਾਂ ਨੂੰ ਵੀ ਸਿੱਖਾਂ ਦੇ ਬਰਾਬਰ ਹੀ ਗਿਣਦਾ ਹੈ। ਸਿੱਖ ਹੀ ਗੁਰੂ ਦਾ ਪਰਵਾਰ ਹਨ। ਚਮਕੌਰ ਸਾਹਿਬ ਦੀ ਗੜ੍ਹੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜ਼ਾਦਿਆਂ ਨੂੰ ਵੀ ਜੰਗ ਵਿਚ ਭੇਜਿਆ ਜਿਸ ਵਿਚ ਉਨ੍ਹਾਂ ਦੇ ਸਿੱਖ ਜ਼ਾਲਮਾਂ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਰਹੇ ਸਨ। ਫਿਰ ਆਪਣੇ ਸ਼ਹੀਦ ਹੋਏ ਸਪੁੱਤਰਾਂ ਲਈ ਵੀ ਗੁਰੂ ਜੀ ਨੇ ਹੋਰ ਸਿੱਖਾਂ ਤੋਂ ਵੱਖਰਾ ਕੋਈ ਮੋਹ ਜਾਂ ਉਚੇਚ ਨਹੀਂ ਕੀਤਾ। ਇਸੇ ਤਰ੍ਹਾਂ ਗੁਰਸਿੱਖਾਂ ਨੂੰ ਵੀ ਆਪਣੇ ਪਰਵਾਰਿਕ ਮੋਹ ਤੋਂ ਉੱਪਰ ਉੱਠ ਕੇ ਸਾਰੇ ਸਿੱਖਾਂ ਨੂੰ ਆਪਣੇ ਗੁਰਭਾਈ ਸਮਝਦੇ ਹੋਏ ਪਿਆਰ ਤੇ ਸਤਿਕਾਰ ਦੇਣਾ ਚਾਹੀਦਾ ਹੈ। ਗੁਰਸਿੱਖ ਨੂੰ ਗੁਰਸਿੱਖ ਨਾਲ ਮਿਲ ਕੇ ਖੁਸ਼ ਹੋਣਾ ਚਾਹੀਦਾ ਹੈ। ਗੁਰਬਾਣੀ ਦਾ ਸਪੱਸ਼ਟ ਉਪਦੇਸ਼ ਹੈ:

*ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ॥*
*ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥*
*ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ॥*
*ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੪੮)*

ਸਤਿਗੁਰੂ ਦੀ ਸਿੱਖ 'ਤੇ ਸਦਾ ਕਿਰਪਾ ਹੀ ਬਣੀ ਰਹਿੰਦੀ ਹੈ। ਮਾਇਆ ਦੇ ਪ੍ਰਭਾਵ ਕਰਕੇ ਗੁਰੂ ਤੋਂ ਬੇਮੁਖ ਹੋਇਆ ਸਿੱਖ ਵੀ ਜੇ ਮੁੜ ਗੁਰੂ ਦੀ ਸ਼ਰਨ ਵਿਚ ਚਲਾ ਜਾਏ, ਗੁਰੂ ਉਸ ਨੂੰ ਦੂਜੇ ਸਿੱਖਾਂ ਜਿੰਨਾ ਹੀ ਪਿਆਰ ਦਿੰਦਾ ਹੈ। ਉਹ ਸਿੱਖ ਦੀ ਭੁੱਲ ਬਖ਼ਸ਼ ਦਿੰਦਾ ਹੈ। ਅਨੰਦਪੁਰ ਸਾਹਿਬ ਦੇ ਜੰਗ ਵਿਚ ਕੁਝ ਸਿੱਖ ਗੁਰੂ ਜੀ ਨੂੰ ਬੇਦਾਵਾ ਦੇ ਕੇ ਚਲੇ ਗਏ ਸਨ। ਘਰ ਜਾ ਕੇ ਉਨ੍ਹਾਂ ਨੂੰ ਗ਼ਲਤੀ ਦਾ ਅਹਿਸਾਸ ਹੋਇਆ। ਮਾਈ ਭਾਗੋ (ਮਾਤਾ ਭਾਗ ਕੌਰ) ਦੇ ਪ੍ਰੇਰੇ ਉਹ ਸਿੰਘ ਮੁੜ ਗੁਰੂ ਜੀ ਦੀ ਸ਼ਰਨ ਵਿਚ ਆਏ ਤੇ ਸ੍ਰੀ ਮੁਕਤਸਰ ਸਾਹਿਬ ਦੇ ਸਥਾਨ 'ਤੇ ਉਨ੍ਹਾਂ ਨੇ ਮੁਗ਼ਲ ਫੌਜਾਂ ਦਾ ਟਾਕਰਾ ਕਰਦਿਆਂ ਸ਼ਹੀਦੀ ਪਾਈ। ਗੁਰੂ ਦਸਮੇਸ਼ ਜੀ ਨੇ ਜੰਗ ਤੋਂ ਬਾਅਦ ਇਕ-ਇਕ ਸਿੱਖ ਨੂੰ ਪਿਆਰ ਦਿੱਤਾ ਤੇ ਮੁਕਤੀ ਦਾ ਵਰਦਾਨ ਦਿੱਤਾ। ਗੁਰੂ ਜੀ ਦੀ ਇਸ ਵਡਿਆਈ ਬਾਰੇ ਗੁਰਬਾਣੀ ਦਾ ਫੁਰਮਾਨ ਹੈ :

*ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ॥*
*ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੫)*

ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਮਾਨਵਤਾਵਾਦ ਤੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਹੈ। ਆਪਣੇ ਧਰਮ ਦੀ ਘਾਲਣਾ ਕਰਦਿਆਂ ਵੀ ਗੁਰਸਿੱਖ ਨੇ ਦੂਜੇ ਧਰਮਾਂ ਨਾਲ ਕੋਈ ਵੈਰ-ਵਿਰੋਧ ਨਹੀਂ ਰੱਖਣਾ। ਉਨ੍ਹਾਂ ਨੇ ਇਲਾਕਾਵਾਦ ਤੇ ਫਿਰਕਾਪ੍ਰਸਤੀ ਤੋਂ ਉੱਪਰ ਹੋ ਕੇ ਰਹਿਣਾ ਹੈ। ਅਨੰਦਪੁਰ ਸਾਹਿਬ ਦੇ ਜੰਗਾਂ ਵਿਚ ਭਾਈ ਘਨੱਈਆ ਜੀ ਜ਼ਖ਼ਮੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਇਹ ਸੇਵਾ ਕਰਦਿਆਂ ਉਹ ਆਪਣੇ ਸਿੰਘਾਂ ਤੇ ਦੁਸ਼ਮਣਾਂ ਦੇ ਸਿਪਾਹੀਆਂ ਵਿਚ ਕੋਈ ਫਰਕ ਨਹੀਂ ਸੀ ਰੱਖਦੇ। ਸਿੰਘਾਂ ਨੇ ਭਾਈ ਘਨੱਈਆ ਜੀ ਦੀ ਸ਼ਿਕਾਇਤ ਵੀ ਕੀਤੀ। ਭਾਈ ਘਨੱਈਆ ਜੀ ਨੇ ਕਿਹਾ ਕਿ ਸਤਿਗੁਰੂ ਜੀ ਮੈਨੂੰ ਸਾਰੇ ਤੁਹਾਡਾ ਹੀ ਰੂਪ ਦਿਖਾਈ ਦਿੰਦੇ ਹਨ। ਗੁਰੂ ਜੀ ਉਸ 'ਤੇ ਪ੍ਰਸੰਨ ਹੋਏ ਤੇ ਸੇਵਾ ਕਰਦੇ ਰਹਿਣ ਦਾ ਹੁਕਮ ਦਿੱਤਾ। ਸਤਿਗੁਰੂ ਅਕਾਲ ਪੁਰਖ ਦਾ ਰੂਪ ਹੈ। ਉਸ ਲਈ ਸਭ ਮਨੁੱਖ ਬਰਾਬਰ ਹਨ। ਉਹ ਸਦਾ ਨਿਰਵੈਰ ਰਹਿੰਦਾ ਹੈ। ਸਿੱਖ ਨੇ ਵੀ ਗੁਰੂ ਦਾ ਰੂਪ ਹੀ ਬਣਨਾ ਹੈ ਜਿਵੇਂ ਕਿ ਗੁਰਬਾਣੀ ਵਿਚ ਵਰਣਨ ਕੀਤਾ ਗਿਆ ਹੈ:

*ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ॥*
*ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੨)*

ਅੱਜ ਸਿੱਖ ਸੰਸਾਰ ਸਤਿਗੁਰੂ ਦੀ ਉੱਤਮ ਸੇਵਾ ਤੋਂ ਦੂਰ ਜਾ ਰਿਹਾ ਹੈ। ਅਸੀਂ ਬਾਣੀ ਵੀ ਤੇ ਬਾਣਾ ਵੀ ਛੱਡ ਰਹੇ ਹਾਂ। ਅਸੀਂ ਗੁਰੂ ਸਾਹਿਬ ਵੱਲੋਂ ਦਿੱਤੀ ਵਡਿਆਈ ਦਾ ਦੁਰਉਪਯੋਗ ਕਰ ਰਹੇ ਹਾਂ। ਸਿੱਖ ਹੋਣ ਜਾਂ ਸਿੱਖਾਂ ਦੇ ਘਰ ਜਨਮ ਲੈ ਕੇ ਹੀ ਕੋਈ ਮਹਾਨ ਨਹੀਂ ਹੋ ਜਾਂਦਾ। ਮਹਾਨ ਬਣਨ ਲਈ, ਜੀਵਨ ਸਫਲ ਕਰਨ ਲਈ ਗੁਰੂ ਦੀ ਸੇਵਾ ਕਰਨ ਦੀ ਲੋੜ ਹੁੰਦੀ ਹੈ। ਗੁਰੂ ਤੋਂ ਟੁੱਟ ਕੇ ਸਿੱਖ ਦੀ ਹਾਲਤ ਕੱਟੀ ਹੋਈ ਪਤੰਗ ਵਰਗੀ ਹੋ ਜਾਂਦੀ ਹੈ। ਪਤਿਤ ਸਿੱਖ ਦਾ ਕੋਈ ਧਰਮ ਨਹੀਂ ਹੁੰਦਾ। ਸਿੱਖੀ ਪਿਛੋਕੜ ਕਰਕੇ ਉਸ ਦੀ ਆਤਮਾ ਇੰਨੀ ਕੁ ਜਾਗ੍ਰਿਤ ਹੁੰਦੀ ਹੈ ਕਿ ਉਸ ਦੀ ਕਿਸੇ ਹੋਰ ਧਰਮ ਵਿਚ ਸਮਾਈ ਨਹੀਂ ਹੋ ਸਕਦੀ। ਸਿੱਖ ਧਰਮ ਵਿਚ ਕੱਟੜਤਾ ਪਹਿਲਾਂ ਹੀ ਨਹੀਂ ਹੈ, ਸ਼ਰਧਾ ਅਸੀਂ ਮੁਕਾ ਬੈਠਦੇ ਹਾਂ। ਇਸ ਲਈ ਬੇਮੁਖ ਸਿੱਖਾਂ ਦੇ ਪੱਲੇ ਭਟਕਣ ਤੋਂ ਬਿਨਾਂ ਕੁਝ ਨਹੀਂ ਰਹਿ ਜਾਂਦਾ। ਇਸੇ ਭਟਕਣ ਕਰਕੇ ਅਸੀਂ ਕਰਮ-ਕਾਂਡੀ ਬਾਬਿਆਂ ਦੇ ਪਾਖੰਡ ਜਾਲ ਵਿਚ ਫਸ ਜਾਂਦੇ ਹਾਂ ਅਤੇ ਉਨ੍ਹਾਂ ਦੰਭੀ ਵਿਅਕਤੀਆਂ ਨੂੰ ਰੱਬ ਵਾਂਗ ਮੰਨਦੇ ਹਾਂ, ਗੁਰੂ ਸਾਹਿਬ ਨੇ ਫੁਰਮਾਇਆ ਹੈ:

*-ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥*
*ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੦)*

*-ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ॥*

*ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥*
*ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੧)*

*– ਜਿਨ ਗੁਰ ਗੋਪਿਆ ਆਪਣਾ ਸੇ ਲੈਦੇ ਢਾਹਾ ਫਿਰਾਹੀ॥*
*ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ॥*
*ਓਨਾ ਦਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ॥*
*ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੦੮)*

ਸਤਿਗੁਰੂ ਦੀ ਵਡਿਆਈ ਨੂੰ ਸਮਝਣ ਵਿਚ ਹੀ ਗੁਰਸਿੱਖੀ ਹੈ। ਗੁਰਸਿੱਖੀ ਦੀ ਕਮਾਈ ਕਰ ਕੇ ਹੀ ਜੀਵ, ਮਨੁੱਖਾ ਜਨਮ ਸਫਲ ਕਰ ਸਕਦਾ ਹੈ। ਗੁਰਸਿੱਖਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਗੁਰੂ-ਉਪਦੇਸ਼ ਨੂੰ ਜੀਵਨ ਵਿਚ ਧਾਰਨ ਕਰਨ ਤੇ ਗੁਰਬਾਣੀ ਦੇ ਚਾਨਣ ਦਾ ਜੱਗ ਵਿਚ ਪ੍ਰਸਾਰ ਕਰਨ। ਗੁਰਸਿੱਖੀ ਵਿਚ ਦ੍ਰਿੜ੍ਹ ਰਹਿਣ ਵਾਲਾ ਤੇ ਗੁਰੂ ਦੇ ਉਪਦੇਸ਼ ਅਨੁਸਾਰ ਚੱਲਣ ਵਾਲਾ ਸਿੱਖ ਹੀ ਸਤਿਕਾਰ ਦਾ ਪਾਤਰ ਹੈ। ਸਤਿਗੁਰੂ ਦੀ ਵਡਿਆਈ ਵਿਚ ਹੀ ਸਿੱਖ ਦੀ ਵਡਿਆਈ ਹੈ। ਸਤਿਗੁਰੂ ਸਿੱਖ ਨੂੰ ਨਾਮ-ਧਨ ਦਿੰਦਾ ਹੈ। ਇਸ ਸ੍ਰਿਸ਼ਟੀ ਦੇ ਪਸਾਰੇ ਵਿਚ ਜੇ ਵਡਿਆਈ ਹੈ ਤਾਂ ਉਹ ਨਾਮ ਦੀ ਵਡਿਆਈ ਹੈ। ਬਾਕੀ ਹੋਰ ਸਭ ਵਡਿਆਈਆਂ ਝੂਠੀਆਂ ਅਤੇ ਥੋੜ੍ਹਚਿਰੀਆਂ ਹੁੰਦੀਆਂ ਹਨ। ਜੋ ਗੁਰਸਿੱਖ ਗੁਰੂ ਦੇ ਲੜ ਲੱਗ ਕੇ ਨਾਮ-ਵਡਿਆਈ ਲੈਣਾ ਚਾਹੁੰਦੇ ਹਨ, ਉਹ ਵਡਭਾਗੇ ਹਨ, ਉਨ੍ਹਾਂ ਦਾ ਜਨਮ ਧੰਨ ਹੈ। ■

## ਅਲੀਵਾਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਰਣਜੀਤ ਸਿੰਘ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਹਲਕਾ ਕਾਲਾ ਅਫ਼ਗਾਨਾ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਸੱਜਣ ਸਿੰਘ ਬੱਜੂਮਾਨ ਦੀ ਅਗਵਾਈ ਵਿਚ ਗੁਰਦੁਆਰਾ ਸਿੰਘ ਸਭਾ ਅਲੀਵਾਲ, ਨੇੜ੍ਹੇ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ੨੯ ਫਰਵਰੀ, ੨੦੨੦ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੪੪ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ।

# ਪੰਜਾਬ-ਪੰਜਾਬੀਆਂ ਦੀ ਦੁਰਦਸ਼ਾ ਦੀ ਦਾਸਤਾਨ...

*-ਡਾ. ਰੂਪ ਸਿੰਘ**

ਪੰਜਾਬ ਗੁਰੂ ਸਾਹਿਬਾਨ, ਪੀਰਾਂ-ਫਕੀਰਾਂ ਤੇ ਪਿਤਾ ਸਮਾਨ ਪਵਿੱਤਰ ਪੰਜਾਂ ਪਾਣੀਆਂ ਦੀ ਧਰਤੀ ਕਹੀ ਜਾਂਦੀ ਸੀ। ਪੰਜਾਬ ਬਾਰੇ ਪੰਜਾਬ ਦੇ ਅਲਬੇਲੇ ਸ਼ਾਇਰ ਤੇ ਸਿੱਖ ਦਾਰਸ਼ਨਿਕ ਪ੍ਰੋਫ਼ੈਸਰ ਪੂਰਨ ਸਿੰਘ ਨੇ ਕਿਹਾ ਸੀ: ਪੰਜਾਬ ਜਿਉਂਦਾ ਗੁਰਾਂ ਦੇ ਨਾਂ 'ਤੇ! ਪੰਜਾਬ ਦੀ ਪਵਨ, ਪਾਣੀ ਤੇ ਧਰਤ ਸੁਹਾਵੀ 'ਚੋਂ ਸੁਕਿਰਤ, ਮਿਹਨਤ, ਇਮਾਨਦਾਰੀ, ਨਾਮਖੁਮਾਰੀ, ਦਿਆਨਤਦਾਰੀ, ਸਾਂਝੀਵਾਲਤਾ, ਪਿਆਰ-ਮੁਹੱਬਤ, ਮਿਲਵਰਤਨ, ਵੰਡ ਛਕਣ ਦੀ ਮਹਿਕ ਖ਼ੁਸ਼ਬੋਈ ਮਿਲਦੀ ਸੀ। 'ਪੰਜਾਬੀ ਇਕ ਦੂਜੇ ਦੀ ਇੱਜ਼ਤ ਦੇ ਭਾਈਵਾਲ, ਦੇਸ਼-ਧਰਮ ਕੌਮ ਲਈ ਜਾਨਾਂ ਨਿਛਾਵਰ ਕਰਨ ਲਈ ਹਰ ਸਮੇਂ ਤਿਆਰ, ਪਿਆਰ ਨਾਲ ਗ਼ੁਲਾਮੀ ਨੂੰ ਪ੍ਰਵਾਨ ਕਰਦੇ ਪਰ ਟੈਂ ਨਾ ਮੰਨਣ ਕਿਸੇ ਦੀ' ਦੇ ਧਾਰਨੀ ਸਨ। ਸੰਗਤ-ਪੰਗਤ 'ਚ ਸਭ ਸਮਾਨ, ਦੁਸ਼ਮਣ ਦੀ ਧੀ-ਭੈਣ ਦੀ ਇੱਜ਼ਤ-ਆਬਰੂ ਵਾਸਤੇ ਵੱਡਿਆਂ-ਵੱਡਿਆਂ ਨਾਲ ਵੀ ਆਢਾ ਲੈ ਲੈਂਦੇ। ਸਰਹੱਦਾਂ ਦੀ ਰਾਖੀ ਲਈ ਸਿਰ-ਧੜ ਦੀ ਬਾਜ਼ੀ ਲਾ ਲੈਂਦੇ। ਪੰਜਾਬ ਨੂੰ ਭਾਰਤ ਦੀ ਖੜਗ-ਭੁਜਾ ਮੰਨਿਆ ਗਿਆ। ਪੰਜਾਬੀ ਸਿੱਖ ਬ੍ਰਹਿਮੰਡੀ ਸੋਚ ਦੇ ਧਾਰਨੀ ਤੇ ਆਪਣੇ ਆਪ ਨੂੰ ਬ੍ਰਹਿਮੰਡੀ ਸ਼ਹਿਰੀ ਸਦਵਾਉਣ 'ਚ ਮਾਣ ਮਹਿਸੂਸ ਕਰਦੇ ਪਰ ਸਾਡੇ ਰਾਜਨੀਤਿਕ ਸੋਚ ਦੇ ਧਾਰਨੀ ਲੋਕਾਂ ਨੇ ਸੱਤਾ ਦੀ ਪ੍ਰਾਪਤੀ ਲਈ ਖੇਤਰਵਾਦ, ਇਲਾਕਾਪ੍ਰਸਤੀ ਨੂੰ ਪਹਿਲ ਦਿੱਤੀ। ਰਾਜਨੀਤਿਕ ਲੋਕ ਪੰਜਾਬ ਨੂੰ ਪੰਜਾਬ ਵਜੋਂ ਬਚਾਉਣ, ਵਿਕਸਿਤ ਕਰਨ ਨਾਲੋਂ ਆਪੋ-ਆਪਣੇ ਹਲਕਿਆਂ ਤੀਕ ਸੀਮਤ ਹੋ ਗਏ, ਜਿਸ ਕਾਰਣ ਪੰਜਾਬ-ਪੰਜਾਬੀਅਤ ਦੀ ਰੂਹ ਜ਼ਖ਼ਮੀ ਹੋਈ। ਪੰਜਾਬੀਆਂ-ਸਿੱਖਾਂ ਨੇ ਇਸ ਦਾ ਭਰਪੂਰ ਖਮਿਆਜ਼ਾ ਭੁਗਤਿਆ ਤੇ ਭੁਗਤਦੇ ਰਹੇ ਹਨ। ਪੰਜਾਬ ਦਾ ਪੰਜਾਬੀਆਂ ਦੇ ਦੇਸ਼, ਧਰਮ, ਕੌਮ ਬਦਲੇ ਆਪਣਾ ਆਪ ਨਿਛਾਵਰ ਕਰਨ ਦੇ ਇਸ ਸੁਭਾਅ ਕਰਕੇ ਦੁਨੀਆ ਭਰ ਵਿਚ ਮਾਣ-ਸਤਿਕਾਰ ਸੀ। ਪੰਜਾਬ-ਪੰਜਾਬੀਆਂ, ਸਿੱਖਾਂ ਦੇ ਸੁਮੇਲ ਨੂੰ ਨਿਖੇੜ ਕੇ ਨਹੀਂ ਦੇਖਿਆ ਜਾ ਸਕਦਾ ਪਰ ਜਦ ਭਾਰਤੀਆਂ ਵੱਲੋਂ ਪੰਜਾਬੀ ਤੇ ਸਿੱਖਾਂ ਨੂੰ ਵੱਖ-ਵੱਖ ਸਮਝਿਆ ਗਿਆ ਤਾਂ ਪੰਜਾਬ ਦੇ ਸੰਤਾਪ ਦੀ ਕਹਾਣੀ ਅਰੰਭ ਹੋਈ। ਪੰਜਾਬ ਦੇ ਸੰਤਾਪ ਤੇ ਦੁਰਦਸ਼ਾ ਦਾ ਪਹਿਲਾ ਕਾਰਨ ਇਹੀ ਹੈ ਕਿ ਪੰਜਾਬ ਤੇ ਪੰਜਾਬੀਆਂ ਨੂੰ ਬਣਦਾ ਮਾਣ-ਸਤਿਕਾਰ ਤੇ ਇਨਸਾਫ਼ ਨਾ ਮਿਲਣਾ। ਪੰਜਾਬ ਦੀ ਧਰਤ ਸੁਹਾਵੀ 'ਤੇ, ਸਦੀਆਂ ਦੀ ਗ਼ੁਲਾਮ ਮਾਨਸਿਕਤਾ ਨੂੰ ਤਿਲਾਂਜਲੀ ਦੇ ਕੇ ਜਗਤ-ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜ਼ਾਬਰ, ਸ਼ਰਮ-ਧਰਮ ਅਲੋਪ ਤੇ ਕੂੜ ਦੀ ਪ੍ਰਧਾਨਤਾ ਨੂੰ ਦਰਸਾ ਸਾਰੇ ਧਾਰਮਿਕ, ਸਮਾਜਿਕ, ਰਾਜਨੀਤਿਕ

*ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ.੦੯੮੧੪੬੩੭੯੭੯ E-mail: sikhscholar@gmail.com

ਲੋਕਾਂ ਨੂੰ ਉਨ੍ਹਾਂ ਦੇ ਕਿਰਦਾਰ ਦਾ ਸ਼ੀਸ਼ਾ ਦਿਖਾਇਆ:

*ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*
*ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥*
*ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੨)*

ਨਾਨਕ ਨਿਰਮਲ ਪੰਥ ਦੇ ਪਾਂਧੀਆਂ / ਸਿੱਖਾਂ ਨੂੰ ਗੁੜ੍ਹਤੀ ਮਿਲੀ, ਆਪਣੀ-ਵਿਲੱਖਣ ਹੋਂਦ-ਹਸਤੀ ਤੇ ਪਹਿਚਾਣ ਲਈ ਹਮੇਸ਼ਾ, ਜ਼ਬਰ-ਜ਼ੁਲਮ, ਨਾ ਬਰਾਬਰੀ, ਵਹਿਮਾ-ਭਰਮਾਂ, ਵਰਗ-ਵੰਡ ਦੇ ਵਿਰੁੱਧ ਲੜਨਾ ਹੈ। ਗ਼ੁਲਾਮੀ ਦੇ ਆਦੀ ਹੋ ਚੁੱਕੇ ਭਾਰਤੀਆਂ ਨੂੰ ਸਭ ਤੋਂ ਪਹਿਲਾਂ ਪੰਜਾਬੀ / ਪੰਜਾਬੀਆਂ-ਸਿੱਖਾਂ ਨੂੰ ਸਵੈਮਾਣ-ਸਵੈ-ਪਹਿਚਾਣ ਦਾ ਪਾਠ ਪੜ੍ਹਾਇਆ ਗਿਆ। ਗ਼ੁਲਾਮ ਭਾਰਤ ਵਿਚ ਧਾਰਮਿਕ, ਸਮਾਜਿਕ, ਰਾਜਨੀਤਿਕ ਪ੍ਰਾਪਤੀਆਂ ਲਈ ਕਿਸੇ ਪ੍ਰਾਣੀ ਦੀ ਕੁਰਬਾਨੀ ਦਿੱਤੀ ਜਾਂਦੀ ਸੀ, ਪਰ ਸਿੱਖ ਸਤਿਗੁਰਾਂ ਨੇ ਸੁਤੰਤਰਤਾ ਦਾ ਸਬਕ ਸਿਖਾਉਣ ਲਈ ਸੁਤੰਤਰ ਸਿੱਖ ਸੋਚ ਦੇ ਨਾਲ-ਨਾਲ ਖ਼ੁਦ ਗੁਰੂ ਸਾਹਿਬਾਨ ਤੇ ਸਿੱਖ ਸਰਦਾਰਾਂ ਨੇ ਸ਼ਹਾਦਤਾਂ ਦੀ ਸ਼ੁਰੂਆਤ ਕੀਤੀ ਤੇ ਫਿਰ ਸੁੱਚੀਆਂ ਸ਼ਖ਼ਸੀਅਤਾਂ ਦੇ ਸੁੱਚੇ ਖ਼ੂਨ 'ਚੋਂ ਬੀਰ ਰਸੀ ਸਾਹਿਤ ਦੀ ਸਿਰਜਣਾ ਹੋਈ ਜੋ ਵਿਕਾਸ ਕਰਦਾ ਹੋਇਆ ਵਿਸਮਾਦੀ ਰੂਪ 'ਚ ਵਿਗਸ ਰਿਹਾ ਹੈ, ਪਰ ਗ਼ੁਲਾਮੀ ਦੇ ਆਦੀ ਭਾਰਤੀਆਂ ਨੇ ਪੰਜਾਬੀਆਂ, ਸਿੱਖਾਂ ਦੀਆਂ ਸ਼ਹਾਦਤਾਂ ਨੂੰ ਧਾਰਮਿਕ-ਫਿਰਕੇਦਾਰੀ ਦੀ ਨਿਗ੍ਹਾ-ਨਜ਼ਰ ਨਾਲ ਨਜ਼ਰ-ਅੰਦਾਜ਼ ਕਰ ਦਿੱਤਾ।

ਪੰਜਾਬ ਤੇ ਪੰਜਾਬੀਆਂ ਨੂੰ ਮਾਣ-ਸਤਿਕਾਰ ਦੇਣ ਵਾਲੇ ਮਹਾਰਾਜੇ ਸਰਦਾਰ ਰਣਜੀਤ ਸਿੰਘ ਨੂੰ ਪੰਜਾਬੀਆਂ ਨੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਵਜੋਂ ਸਵੀਕਾਰਿਆ ਤੇ ਸਤਿਕਾਰਿਆ। ਮਹਾਰਾਜਾ ਰਣਜੀਤ ਸਿੰਘ ਪੰਜਾਬ ਤੇ ਪੰਜਾਬੀਆਂ ਲਈ ਮੈਦਾਨ-ਏ-ਜੰਗ ਅੰਦਰ ਖ਼ੁਦ ਲੜਦਾ ਰਿਹਾ। ਆਪਣੇ ਤਾਜ 'ਤੇ ਕੋਹਿਨੂਰ ਹੀਰਾ ਸਜਾਉਣ ਵਾਲੇ ਇਸ ਪੰਜਾਬੀ ਸਿੱਖ ਰਾਜੇ ਨੂੰ ਜੇ ਪਰਜਾ ਵਾਸਤੇ ਪਾਂਡੀ ਵੀ ਬਣਨਾ ਪਿਆ ਤਾਂ ਦੇਰੀ ਨਹੀਂ ਕੀਤੀ। ਕਾਲੇ ਤਵਿਆਂ ਨੂੰ ਵੀ ਸੁਨਹਿਰੀ ਕਰ ਦਿੱਤਾ, ਪੰਜਾਬ ਤੇ ਪੰਜਾਬੀਆਂ ਦੇ ਪਰਜਾ ਪਾਲਕ ਇਸ ਮਹਾਰਾਜੇ ਨੇ।

ਪੰਜਾਬ ਦੇ ਸਿੱਖ ਰਾਜੇ ਦੇ ਸਦੀਵੀ ਵਿਛੋੜੇ ਨਾਲ ਪੰਜਾਬ ਪੰਜਾਬੀ ਸਿੱਖਾਂ ਦੀ ਦੁਰਦਸ਼ਾ ਦਾ ਪਹਿਲਾ ਅਧਿਆਇ ਸ਼ੁਰੂ ਹੋਇਆ। ਪੰਜਾਬ ਲਈ ਸੰਘਰਸ਼ ਤਾਂ ਜਾਰੀ ਰਿਹਾ, ਪਰ ਸਰਕਾਰ ਖ਼ਾਲਸਾ ਤੋਂ ਬਾਅਦ, ਖ਼ਾਲਸੇ-ਪੰਜਾਬੀਆਂ ਦੀਆਂ ਕੁਰਬਾਨੀਆਂ ਦਾ ਕਿਸੇ ਨੇ ਅੱਜ ਤਕ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ। ਸ਼ਾਹ ਮੁਹੰਮਦ ਨੂੰ ਵੀ ਲਿਖਣਾ ਪਿਆ:

*ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,*
*ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੇ।*
*ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ*
*ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।*

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਅਦ ਪੰਜਾਬੀਆਂ/ ਸਿੱਖਾਂ ਨੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਤੇਗ ਚਲਾਉਣੀ-ਸੰਘਰਸ਼ ਕਰਨ ਦਾ ਸੁਭਾਅ ਤਾਂ ਨਹੀਂ ਬਦਲਿਆ ਪਰ ਪੰਜਾਬ / ਭਾਰਤ ਦੇ ਦਗ਼ੇਬਾਜ ਹਾਕਮਾਂ ਨੇ ਦਗ਼ਾ ਕਮਾਉਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਮੇਰੇ ਪੰਜਾਬ ਦੀ ਤਾਸੀਰ ਤੇ ਤਸਵੀਰ ਬਦਲਣੀ ਅਰੰਭ ਹੋਈ ਤੇ ਅੱਜ ਪੰਜਾਬ ਦੀ ਜੋ ਦੁਰਦਸ਼ਾ ਹੈ, ਉਸ ਲਈ ਹਾਕਮ ਸ਼੍ਰੇਣੀ ਹੀ ਜ਼ਿੰਮੇਵਾਰ ਤੇ ਜਵਾਬਦੇਹ ਹੈ। ਪੰਜਾਬੀਆਂ ਸਿੱਖਾਂ ਨੇ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਅਰੰਭ ਕਰਕੇ 'ਚਾਬੀਆਂ ਦਾ ਮੋਰਚਾ' ਜਿੱਤਿਆ। ਜਿਸ 'ਤੇ ਮਹਾਤਮਾ ਗਾਂਧੀ ਨੂੰ ਕਹਿਣ ਲਈ ਮਜ਼ਬੂਰ ਹੋਣਾ ਪਿਆ ਕਿ— "ਆਜ਼ਾਦੀ ਦੀ ਪਹਿਲੀ ਲੜਾਈ ਜਿੱਤੀ ਗਈ ਵਧਾਈ ਹੋਵੇ!"

ਅੰਗਰੇਜ਼ਾਂ ਨੇ ਭਾਰਤ ਨੂੰ ਗ਼ੁਲਾਮ ਬਣਾ ਇੰਗਲੈਂਡ ਦਾ ਝੰਡਾ ਝੁਲਾ ਦਿੱਤਾ ਪਰ ਪੰਜਾਬ ਸਭ ਤੋਂ ਬਾਅਦ 'ਚ ੧੮੪੯ ਈ. 'ਚ ਅੰਗਰੇਜ਼ ਸਾਮਰਾਜ ਦੇ ਅਧੀਨ ਆਇਆ। ਬਾਕੀ ਭਾਰਤ ਗ਼ੁਲਾਮੀ ਦੀਆਂ ਜ਼ੰਜੀਰਾਂ 'ਚ ਜਕੜਿਆ ਜਾ ਚੁੱਕਾ ਸੀ, ਪਰ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਸ਼ਾਹੀ ਕਿਲ੍ਹੇ 'ਤੇ ਖਾਲਸਾਈ ਪਰਚਮ ਝੁਲਦਾ ਸੀ। ਪੰਜਾਬ ਅੰਗਰੇਜ਼ ਸਾਮਰਾਜ ਦੇ ਪ੍ਰਬੰਧ 'ਚ ਆਉਣ 'ਤੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਦੇ ਸਿੱਖੀ ਦੇ ਸੋਮੇ, ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਨੂੰ ਆਪਣੇ ਸਰਬਰਾਹ, ਮਹੰਤਾਂ-ਪੁਜਾਰੀਆਂ ਰਾਹੀਂ ਕਬਜ਼ੇ 'ਚ ਕੀਤਾ ਤਾਂ ਕਿ ਸਿੱਖੀ ਦੇ ਸੋਮਿਆਂ 'ਚੋਂ ਸਿੱਖੀ ਸਿਧਾਂਤਾਂ, ਪਰੰਪਰਾਵਾਂ, ਰਵਾਇਤਾਂ 'ਚ ਮਿਲਾਵਟ ਕਰਕੇ ਪੰਜਾਬੀ ਸੱਭਿਆਚਾਰ-ਸਿੱਖ ਪਹਿਚਾਣ ਨੂੰ ਖਤਮ ਕੀਤਾ ਜਾ ਸਕੇ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਤੇ ਅਕਾਲੀ ਲਹਿਰ ਸਦਕਾ, ਸਿੱਖਾਂ ਦੇ ਸਿਰਾਂ 'ਤੇ ਸਿਰਮੌਰ ਸਿੱਖ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਿਰਜੀ ਗਈ। ਗ਼ੁਲਾਮ ਭਾਰਤ ਦੇ ਪੰਜਾਬ ਰਾਜ 'ਚ ਵਿਚ ਇਹ ਸਵੈ-ਪਹਿਚਾਣ ਵਾਲੀ ਪਹਿਲੀ ਸੁਤੰਤਰ ਸਿੱਖ ਸੰਸਥਾ ਸੀ, ਜਿਸ ਨੇ ਆਪਣੇ ਪਹਿਲੇ ਜਨਰਲ ਸਮਾਗਮ 'ਚ ਇਹ ਫ਼ੈਸਲਾ ਲਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਸਮੁੱਚੀ ਲਿਖਾ-ਪੜ੍ਹੀ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿਪੀ 'ਚ ਹੋਵੇਗੀ। ਇਹ ਪੰਜਾਬ ਦੇ ਵਾਸੀਆਂ ਪੰਜਾਬੀਆਂ ਦੀ ਮਾਂ ਬੋਲੀ ਲਈ ਪਹਿਲਾ ਤੋਹਫ਼ਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੇ ਹੀ ਦੇਸ਼ ਦੀ ਸੁਤੰਤਰਤਾ ਲਈ ਸੰਘਰਸ਼ ਦੀ ਸ਼ੁਰੂਆਤ ਕੀਤੀ। ਪਰ ਸਮੇਂ ਦੇ ਹਾਕਮਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ 'ਤੇ ਦੇਸ਼-ਧਰੋਹੀ ਦੇ ਮੁਕੱਦਮੇ ਚਲਾ, ਇਨ੍ਹਾਂ ਸੰਸਥਾਵਾਂ ਨੂੰ ਗ਼ੈਰ-ਵਿਧਾਨਕ ਐਲਾਨਿਆ ਜੋ, ਪੰਜਾਬ-ਪੰਜਾਬੀਆਂ ਤੇ ਸਿੱਖਾਂ ਲਈ ਬਹੁਤ ਵੱਡੀ ਬੇਇਨਸਾਫੀ ਸੀ।

੧੯੪੭ ਈ. ਵਿਚ ਭਾਰਤ ਅਜ਼ਾਦ-ਅਬਾਦ ਹੋਇਆ, ਪੰਜਾਬ ਵੰਡਿਆ ਗਿਆ, ਪੰਜਾਬੀ ਰੱਜ ਕੇ ਬੇਆਬਰੂ ਬਰਬਾਦ ਤੇ ਕਤਲ-ਏ-ਆਮ ਦੇ ਸ਼ਿਕਾਰ ਹੋਏ। ਕਿਹਾ

ਜਾਂਦਾ ਹੈ ਦਸ ਲੱਖ ਦੇ ਕਰੀਬ ਪੰਜਾਬੀ ਮੌਤ ਦੇ ਘਾਟ ਉਤਾਰੇ ਗਏ। ਅਜ਼ਾਦੀ ਦੇ ਸੰਘਰਸ਼ 'ਚ ਅਨੇਕਾਂ ਸ਼ਹਾਦਤਾਂ ਹੋਈਆਂ, ਪੰਜਾਬੀਆਂ-ਸਿੱਖਾਂ ਨੂੰ ਅਣਮਨੁੱਖੀ ਤਸ਼ੱਦਦ ਝੱਲਣਾ ਪਿਆ ਤੇ ਕਾਲੇ ਪਾਣੀ ਤੀਕ ਦੀਆਂ ਕਾਲ-ਕੋਠੜੀਆਂ 'ਚ ਕੈਦ ਰਹਿਣਾ ਪਿਆ। ਪੰਜਾਬ ਦੀ ਧਰਤ ਸੁਹਾਵੀ ਵੰਡੀ ਗਈ। ਪੰਜਾਬ ਦੇ ਦੋ ਟੋਟੇ ਹੋ ਗਏ। ੧੭੩ ਦੇ ਕਰੀਬ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਪਾਕਿਸਤਾਨ 'ਚ ਰਹਿ ਗਏ, ਜਿਨ੍ਹਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ੧੯੫੨ ਈ. ਤੋਂ ਹਰ ਸਿੱਖ ਸਵੇਰ-ਸ਼ਾਮ ਵਿਸ਼ਵ ਭਰ 'ਚ ਅਰਦਾਸ ਕਰ ਰਿਹਾ। ਪੰਜਾਬ ਦੀ ਵੰਡ ਪਿੱਛੋਂ ਪੰਜਾਬੀਆਂ ਨੂੰ ਨਿਰੰਤਰ ਸੰਘਰਸ਼ ਕਰਨਾ ਪਿਆ। ਪੰਜਾਬੀ ਸੂਬੇ, ਪੰਜਾਬ ਦੇ ਦਰਿਆਈ ਪਾਣੀਆਂ, ਪੰਜਾਬ ਦੀ ਰਾਜਧਾਨੀ ਤੇ ਪੰਜਾਬੀ ਭਾਸ਼ਾ, ਪੰਜਾਬੀ ਭਾਸ਼ਾਈ ਇਲਾਕਿਆਂ ਅਤੇ ਪੰਜਾਬੀਆਂ ਦੀਆਂ ਹੱਕੀ ਮੰਗਾਂ ਵਾਸਤੇ। ਪ੍ਰਾਪਤੀ ਕੀ ਹੋਈ? ਸਭ ਦੇ ਸਾਹਮਣੇ ਹੈ!! ਸਿੱਖਾਂ ਨੂੰ ਉਸ ਸਮੇਂ ਦੇ ਗ੍ਰਹਿ ਮੰਤਰੀ ਨੇ ਜ਼ਰਾਇਮ ਪੇਸ਼ਾ ਕੌਮ ਕਿਹਾ।

ਪੰਜਾਬ 'ਚ ਪੰਜਾਬੀਆਂ / ਸਿੱਖਾਂ ਨੂੰ ਪੰਜਾਬੀ ਸੂਬੇ ਤੇ ਮਾਂ ਬੋਲੀ ਪੰਜਾਬੀ ਲਈ ਲੰਮਾ ਸੰਘਰਸ਼ ਕਰਨਾ ਪਿਆ, ਜੇਲ੍ਹ ਯਾਤਰਾ ਵੀ ਕਰਨੀ ਪਈ। ਬਦਕਿਸਮਤੀ ਹੈ ਕਿ ਪੰਜਾਬ ਦੇ ਵਸਨੀਕਾਂ ਤੇ ਜੰਮਪਲਾਂ ਨੇ ਹੀ ਪੰਜਾਬੀ ਸੂਬੇ ਅਤੇ ਪੰਜਾਬੀ ਭਾਸ਼ਾ ਦਾ ਵਿਰੋਧ ਕੀਤਾ। ਕਦੇ ਕਿਸੇ ਦੀ ਮਾਂ ਬੋਲੀ ਬਦਲਦੀ ਸੁਣੀ ਹੈ? ਪਰ ਪੰਜਾਬ 'ਚ ਮਾਂ-ਬੋਲੀ ਨੂੰ ਵੀ ਧਰਮ ਨਾਲ ਜੋੜ ਕੇ ਬੋਲਿਆ ਅਤੇ ਲਿਖਵਾਇਆ ਗਿਆ। ਪੰਜਾਬ 'ਚ ਮਾਂ-ਬੋਲੀ, ਪੰਜਾਬ ਦੇ ਪਾਣੀਆਂ ਨੂੰ ਇਨਸਾਫ਼ ਨਹੀਂ ਮਿਲਿਆ। ਜੰਮਣ ਭੋਇੰ ਤੇ ਮਾਂ ਬੋਲੀ ਪ੍ਰਤੀ ਇਹ ਅਕ੍ਰਿਤਘਣਤਾ ਹੀ ਕਹੀ ਜਾ ਸਕਦੀ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਧਰਤੀ ਮਾਂ ਨੂੰ ਕਿਸੇ ਚੀਜ਼ ਦਾ ਭਾਰ ਨਹੀਂ ਲੱਗਦਾ, ਪਰ ਅਕ੍ਰਿਤਘਣ ਦਾ ਭਾਰ ਸਹਿਣਾ ਮੁਸ਼ਕਿਲ ਹੈ :

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।*
*ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।...*
*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ...* *(ਵਾਰਾਂ ੩੫:੮)*

ਦੇਸ਼ ਦੀ ਅਜ਼ਾਦੀ ਦੀ ਲੜਾਈ, ਦੇਸ਼ ਸੁਰੱਖਿਆ ਲਈ ਹੋਈਆਂ ਪਾਕਿਸਤਾਨ, ਚੀਨ ਨਾਲ ਜੰਗਾਂ 'ਚ ਪੰਜਾਬੀਆਂ ਨੇ ਬੇ-ਹਿਸਾਬ ਕੁਰਬਾਨੀਆਂ ਦਿੱਤੀਆਂ, ਲਗਾਤਾਰ ਸਰਹੱਦਾਂ ਦੀ ਰਾਖੀ ਲਈ ਪੰਜਾਬੀ ਸਿੱਖ ਸ਼ਹੀਦ ਹੁੰਦੇ ਰਹੇ, ਪਰ ਪੰਜਾਬੀਆਂ ਨੂੰ ਉਹ ਮਾਣ-ਸਤਿਕਾਰ ਨਹੀਂ ਮਿਲਿਆ, ਜਿਸ ਦੇ ਹੱਕਦਾਰ ਹਨ। ਇਹ ਪੰਜਾਬ ਦੀ ਮੌਜੂਦਾ ਸਥਿਤੀ ਲਈ ਦੂਸਰੇ ਅਧਿਆਇ ਵਜੋਂ ਵਿਚਾਰਿਆ ਜਾ ਸਕਦਾ ਹੈ।

ਦੇਸ਼ 'ਚ ਐਮਰਜੈਂਸੀ ਸਮੇਂ ਜੋ ਹਿੱਸਾ ਪੰਜਾਬੀ ਸਿੱਖਾਂ ਨੇ ਪਾਇਆ ਉਹ ਲਾਮਿਸਾਲ ਸੀ। ਪਰ ਸਿੱਖਾਂ ਨੂੰ ਦੇਸ਼ ਦੀ ਹਾਕਮ ਕਾਂਗਰਸ ਸਰਕਾਰ ਨੇ ਜੋ ਸਬਕ ਸਿਖਾਇਆ ਉਸ ਨਾਸੂਰ ਦੇ ਜ਼ਖ਼ਮਾਂ ਦੇ ਦਰਦ ਦੀ ਦਾਸਤਾਨ ਬਹੁਤ ਦਰਦਮਈ ਹੈ। ਇਹ ਤੀਸਰੇ ਅਧਿਆਇ ਦੀ ਸ਼ੁਰੂਆਤ ਹੈ। ਪੰਜਾਬ 'ਚ ਬੇਵਿਸ਼ਵਾਸੀ ਦਾ ਵਾਤਾਵਰਨ ਸਿਰਜਣ 'ਚ ੧੯੭੮ ਈ. ਸਮੇਂ ਨਕਲੀ ਨਿਰੰਕਾਰੀਆਂ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ

ਸਿੱਖ ਕਤਲ-ਏ-ਆਮ ਕੀਤਾ ਗਿਆ। ੧੩ ਦੇ ਕਰੀਬ ਸਿੰਘ ਸ਼ਹੀਦ ਹੋਏ, ਪਰ ਕਿਸੇ ਵੀ ਦੋਸ਼ੀ ਨੂੰ ਸਜ਼ਾ ਨਾ ਹੋਣਾ, ਗੈਰ-ਕਾਨੂੰਨੀ ਤੇ ਸਿੱਖਾਂ ਨਾਲ ਬੇਇਨਸਾਫ਼ੀ ਸੀ।

੧੯੭੫ ਦੇ ਦਹਾਕਿਆਂ 'ਚ ਯੂਪੀ/ਬਿਹਾਰ ਤੋਂ ਆਏ ਪ੍ਰਵਾਸੀ ਮਜ਼ਦੂਰ ਆਮ ਕਰਕੇ ਕਹਿੰਦੇ ਸਨ ਕਿ ਪੰਜਾਬ ਦਾ ਸਾਡੇ ਵਾਸਤੇ ਪਵਨ-ਪਾਣੀ ਦੁੱਧ ਨਿਆਈਂ ਹੈ। ਪਿਛਲੇ ਕੁਝ ਦਹਾਕਿਆਂ 'ਚ ਪੰਜਾਬ ਦੀ ਧਰਤੀ ਮਾਂ, ਧਰਤ ਸੁਹਾਵੀ ਦਾ ਪਵਨ-ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਾ ਹੈ। ਨਹਿਰਾਂ, ਖਾਲਿਆਂ, ਖੂਹਾਂ, ਟੋਭਿਆਂ, ਨਲਕਿਆਂ ਤੇ ਬੰਬੀਆਂ ਤੋਂ ਸਾਫ਼ ਸਿੱਧਾ ਪਾਣੀ, ਪੀਣ ਦੇ ਆਦੀ ਪੰਜਾਬੀ ਅੱਜ ਬੋਤਲਾਂ ਤੇ ਫਿਲਟਰ ਪਾਣੀ ਪੀਣ ਲਈ ਮਜ਼ਬੂਰ ਹਨ। ਪੰਜਾਬ 'ਚ ਹਵਾ ਦੀ ਸ਼ੁਧੀ ਵਾਸਤੇ ਘਰਾਂ ਲਈ ਫਿਲਟਰ ਪ੍ਰਚਲਿਤ ਹੋ ਰਹੇ ਹਨ। ਪੰਜਾਬ ਦੇ ਖਾਦ ਪਦਾਰਥ ਪ੍ਰਦੂਸ਼ਿਤ ਹਨ। ਦੁੱਧ ਦੀ ਪੰਜਾਬ 'ਚ ਸ਼ੁੱਧਤਾ ਦੀ ਸੁਗੰਧ ਲਈ ਜਾਂਦੀ ਸੀ, ਦੀ ਥਾਂ ਪਲਾਸਟਿਕ ਦੁੱਧ ਦਾ ਕਾਰੋਬਾਰ ਵਿਉਪਾਰ ਹੋ ਰਿਹਾ ਹੈ। ਸਬਜ਼ੀਆਂ-ਫਲਾਂ ਨੂੰ ਜਲਦੀ ਪ੍ਰਫੁਲਿਤ ਕਰਨ, ਆਪਣੇ ਕਾਰੋਬਾਰ ਦੇ ਵਾਧੇ ਲਈ ਨਸ਼ੀਲੇ ਟੀਕੇ ਲਾਏ ਜਾਂਦੇ ਹਨ, ਨਿੱਜੀ ਲਾਭ ਲਈ ਪੰਜਾਬੀਆਂ ਨੂੰ ਨਿਪੁੰਸਕ ਕੀਤਾ ਜਾ ਰਿਹਾ ਹੈ। ਸਰਕਾਰਾਂ ਦੀ ਰਹਿਨੁਮਾਈ ਤੋਂ ਬਿਨਾਂ ਇਹ ਨਾ ਬਖਸ਼ਣਯੋਗ ਅਪਰਾਧ ਨਹੀਂ ਹੋ ਸਕਦੇ। ਇਸ ਸਭ ਲਈ ਹਾਕਮ ਸ਼੍ਰੇਣੀ ਹੀ ਜ਼ਿੰਮੇਵਾਰ ਤੇ ਜਵਾਬਦੇਹ ਹੈ।

ਪੰਜਾਬ ਦੀ ਰੀੜ੍ਹ ਦੀ ਹੱਡੀ ਕਿਰਸਾਨੀ ਜਰਜਰੀ ਹੋ ਚੁੱਕੀ ਹੈ। ਕਿਸਾਨ ਖੁਦਕਸ਼ੀਆਂ ਕਰਨ ਲਈ ਮਜ਼ਬੂਰ ਹਨ। ਕਾਰਖਾਨਿਆਂ / ਕਾਰੋਬਾਰੀਆਂ ਦੀ ਹਾਲਤ ਤਰਸਯੋਗ ਹੈ। ਸਹੂਲਤਾਂ ਦੀ ਘਾਟ, ਟੈਕਸਾਂ ਦੀ ਭਰਮਾਰ ਹੋਣ ਕਰਕੇ ਕਾਰਖਾਨਿਆਂ ਵਾਲੇ ਆਪਣੇ ਕਾਰੋਬਾਰ ਦੂਸਰਿਆਂ ਸੂਬਿਆਂ 'ਚ ਸਥਾਪਿਤ ਕਰਨ ਲਈ ਮਜਬੂਰ ਹਨ। ਅੰਤਰਰਾਸ਼ਟਰੀ ਸਰਹੱਦ 'ਤੇ ਬੇਚੈਨੀ ਕਾਰਨ ਅੰਤਰਰਾਸ਼ਟਰੀ ਕਾਰੋਬਾਰ ਤਬਾਹ ਹੋ ਗਿਆ ਹੈ। ਪੰਜਾਬੀਆਂ ਨੂੰ ਮਜ਼ਬੂਰ ਕੀਤਾ, ਕੇਵਲ ਹਾਕਮ ਸ਼੍ਰੇਣੀ ਨੇ।

ਪੰਜਾਬ 'ਚ ਅਨਪੜ੍ਹਤਾ, ਬੇਕਾਰੀ, ਬੇਰੁਜ਼ਗਾਰੀ ਦਾ ਬੋਲਬਾਲਾ ਹੈ। ਹਰ ਤਰ੍ਹਾਂ ਦੇ ਨਸ਼ਿਆਂ ਦੀ ਭਰਮਾਰ ਹੈ, ਜਿਹੜਾ ਕਿ ਪੰਜਾਬੀਆਂ ਦੀ ਸਿਹਤ ਨਾਲ ਖਿਲਵਾੜ ਹੈ। ਪੜ੍ਹੇ-ਲਿਖੇ ਨੌਜਵਾਨ ਪੜ੍ਹਾਈ/ ਰੋਜ਼ਗਾਰ ਦੀ ਭਾਲ 'ਚ ਵਿਦੇਸ਼ਾਂ 'ਚ ਵੱਸਣ ਲਈ ਮਜਬੂਰ ਹਨ। ਬੱਚੇ ਵਿਦੇਸ਼ਾਂ ਵਿਚ ਧੱਕੇ ਖਾਣ ਲਈ ਮਜ਼ਬੂਰ ਤੇ ਮਾਂ, ਬਾਪ ਪੰਜਾਬ 'ਚ ਵਿਛੋੜੇ ਦਾ ਸੱਲ ਸਹਾਰ ਰਹੇ ਹਨ। ਪੰਜਾਬ ਦੀ ਬਰਬਾਦੀ ਲਈ ਕਿਸੇ ਹੱਦ ਤਕ ਪੁਲਿਸ / ਪ੍ਰਸ਼ਾਸਨ ਵੀ ਜ਼ਿੰਮੇਵਾਰ ਹੈ। ਪੰਜਾਬ 'ਚ ਵੱਸਣ ਵਾਲੇ ਘੱਟ ਗਿਣਤੀ ਸਿੱਖਾਂ ਨੂੰ ਦਹਾਕਿਆਂ ਤੋਂ ਤਸ਼ੱਦਦ ਤੇ ਧੱਕੇਸ਼ਾਹੀਆਂ ਲਈ ਬੇ-ਇਨਸਾਫ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਸੰਤਾਪ ਦਾ ਕਾਰਨ ਰਾਜ-ਸੱਤਾ ਦਾ ਸੁਖ ਹੰਢਾਉਣ ਵਾਲੇ ਅਤੇ ਉਨ੍ਹਾਂ ਦੇ ਹੱਥ ਠੋਕੇ ਹੀ ਮੁੱਖ ਹਨ। ਪੰਜਾਬ ਪੁਲਿਸ ਦੇ ਮੁਖੀ ਰਹੇ ਕੇ. ਪੀ. ਐਸ. ਗਿੱਲ ਤੇ ਸੁਮੇਧ ਸੈਣੀ ਆਦਿ ਸਮੇਤ ਹੋਰ ਅਧਿਕਾਰੀਆਂ ਦੀ ਕਾਰਗੁਜ਼ਾਰੀ ਸਭ ਦੇ ਸਨਮੁਖ ਹੈ। ਜੂਨ, ੧੯੮੪ ਦੇ ਘੱਲੂਘਾਰੇ ਤੇ ਨਵੰਬਰ ੧੯੮੪

ਦਾ ਚਿੱਟੇ ਦਿਨ ਕੀਤਾ ਗਿਆ ਹਜ਼ਾਰਾਂ ਸਿੱਖਾਂ ਦਾ ਕਤਲ-ਏ-ਆਮ ਨਾ ਭੁੱਲਣਯੋਗ, ਨਾ ਬਖਸ਼ਣਯੋਗ ਹੈ। ਜੂਨ ੧੯੮੪ ਈ. 'ਚ ਅਜ਼ਾਦ ਭਾਰਤ 'ਚ ਅਜ਼ਾਦੀ ਦੇ ਪਰਵਾਨੇ ਪੰਜਾਬੀ ਸਿੱਖਾਂ ਦਾ ਜੋ ਜਾਨੀ-ਮਾਲੀ ਤੇ ਵਿਰਾਸਤੀ ਤਬਾਹੀ ਹੋਈ, ਉਸ ਨੂੰ ਦਰਦਮਈ ਨਾਸੂਰ ਦੀ ਦਾਸਤਾਨ ਨੂੰ ਸ਼ਬਦਾਂ 'ਚ ਬਿਆਨ ਕਰਨਾ ਅਸੰਭਵ ਹੈ। ਸਿੱਖਾਂ ਨੂੰ ਸਬਕ ਸਿਖਾਉਣ ਲਈ ਤੇ ਸਿੱਖੀ ਦੇ ਅਮੁੱਕ ਸੋਮਿਆਂ ਨੂੰ ਤਬਾਹ ਕਰਨ ਵਾਸਤੇ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ, ਸਿੱਖਾਂ ਦੀ ਵਿਲੱਖਣ ਹੋਂਦ-ਹਸਤੀ ਨੂੰ ਰੂਪਮਾਨ ਕਰਦੀ, ਸਿੱਖਾਂ ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਾਹਿਆ ਗਿਆ। ਇਸ ਤੋਂ ਬਾਅਦ ਪੰਜਾਬ ਅੰਦਰ ਸਿੱਖਾਂ ਦੇ ਅਗਵਾ ਤੇ ਪੁਲਿਸ ਮੁਕਾਬਲਿਆਂ ਦੀ ਦਰਦਨਾਕ ਦਾਸਤਾਨ ਨੂੰ ਕੌਣ ਨਹੀਂ ਜਾਣਦਾ? ਬੇ-ਦੋਸ਼ਿਆਂ ਲਈ ਇਨਸਾਫ ਦੀ ਮੰਗ ਕਰਦੇ ਅਤੇ ਲਾਵਾਰਸ ਲਾਸ਼ਾਂ ਦੀ ਭਾਲ ਕਰਦੇ ਸਰਦਾਰ ਜਸਵੰਤ ਸਿੰਘ ਖਾਲੜਾ ਵਰਗੇ ਅਨੇਕਾਂ ਲੜਦੇ-ਲੜਦੇ ਖ਼ੁਦ ਪੁਲਿਸ ਮੁਕਾਬਲਿਆਂ ਦੇ ਸ਼ਿਕਾਰ ਹੋ ਗਏ। ਭਾਰਤ ਦੀ ਨਿਆਂ-ਪ੍ਰਣਾਲੀ ਤੇ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਤੇ ਕਾਰਵਾਈ 'ਤੇ ਹੈਰਾਨੀ ਹੁੰਦੀ ਹੈ। ਹੁਣ ੨੯ ਸਾਲਾਂ ਬਾਅਦ ਸਰਦਾਰ ਬਲਵੰਤ ਸਿੰਘ ਮੁਲਤਾਨੀ ਦੇ ਇਕ ਪੁਲਿਸ ਮੁਕਾਬਲੇ ਸਬੰਧੀ ਉਸ ਸਮੇਂ ਦੇ ਐਸ. ਐਸ. ਪੀ. ਸੁਮੇਧ ਸੈਣੀ 'ਤੇ ਪਰਚਾ ਦਰਜ ਕੀਤਾ ਗਿਆ ਹੈ। ਕੀ ਇਹ ਇਨਸਾਫ ਹੈ? ਬਾਕੀ ਹੋਰ ਹਜ਼ਾਰਾਂ ਬੇਦੋਸ਼ਿਆਂ ਦੇ ਹੋਏ ਮੁਕਾਬਲਿਆਂ ਨੂੰ ਇਨਸਾਫ਼ ਕਦੋਂ ਮਿਲੇਗਾ? ਪੰਜਾਬੀ-ਸਿੱਖ ਇਨਸਾਫ਼ ਦੀ ਆਸ ਕਦੋਂ ਤਕ ਕਰਨ? ਇਨਸਾਫ਼ ਦੀ ਆਸ 'ਚ ਹਜ਼ਾਰਾਂ ਸਿੱਖ ਅਕਾਲ ਚਲਾਣਾ ਕਰ ਗਏ ਹਨ। ਬੇ-ਗੁਨਾਹ ਸਿੱਖ ਕੈਦੀ ਜ਼ੇਲ੍ਹਾਂ ਦੀਆਂ ਕਾਲ-ਕੋਠੜੀਆਂ 'ਚ ਜ਼ਿੰਦਗੀਆਂ ਗਾਲ਼ ਚੁੱਕੇ ਹਨ ਤੇ ਬੇਗੁਨਾਹਾਂ ਦੇ ਪੁਲਿਸ ਮੁਕਾਬਲੇ ਬਣਾਉਣ ਵਾਲੇ ਉੱਚ-ਅਹੁਦੇਦਾਰ ਬਣ ਅੱਜ ਪੈਨਸ਼ਨਾਂ ਤੇ ਹੋਰ ਸੁਖ-ਸਹੂਲਤਾਂ ਮਾਣ ਰਹੇ ਹਨ। ਇਨਸਾਫ਼ ਲਈ ਅਜੇ ਸਿੱਖ ਪੀੜਤਾਂ ਨੂੰ ਹੋਰ ਇੰਤਜ਼ਾਰ ਕਰਨੀ ਪਏਗੀ? ਕੋਰਟ 'ਚ ਕੇਸ ਚੱਲਣ 'ਤੇ ਫ਼ੈਸਲਾ ਆਉਣ ਦੀ ਇੰਤਜ਼ਾਰ? ਸ਼ਾਇਦ ਦੋ ਪੀੜ੍ਹੀਆਂ ਖਤਮ ਕਰਾਉਣ ਤੇ ਸੰਤਾਪ ਹੰਢਾਉਣ ਉਪਰੰਤ ਤੀਸਰੀ ਪੀੜ੍ਹੀ ਨੂੰ ਇਨਸਾਫ ਮਿਲ ਸਕੇ!!

ਭਾਰਤੀ ਲੋਕਾਂ ਤੇ ਸੰਚਾਰ ਸਾਧਨਾਂ ਨੇ ਪੰਜਾਬੀਆਂ-ਸਿੱਖਾਂ ਦੀਆਂ ਸ਼ਹਾਦਤਾਂ-ਸੂਰਮਗਤੀ ਦੀ ਗਾਥਾ ਨੂੰ ਪ੍ਰਚਾਰਨ-ਪ੍ਰਸਾਰਨ ਦਰਸਾਉਣ ਦੀ ਥਾਂ ਇਨ੍ਹਾਂ ਦਾ ਮਜ਼ਾਕ ਬਹੁਰੂਪੀਏ ਦੇ ਰੂਪ 'ਚ ਰੂਪਮਾਨ ਕੀਤਾ। ਪੰਜਾਬ ਦੀ ਇਹ ਤਸਵੀਰ ਪੰਜਾਬ ਦੇ ਜੰਮਿਆਂ ਨੂੰ ਸ਼ਰਮਸਾਰ ਕਰਨ ਵਾਲੀ ਹੈ। ਪੰਜਾਬ ਦੇ ਲੋਕਾਂ 'ਤੇ ਰਾਜ ਕਰਨ ਵਾਲੇ ਲੋਕਾਂ ਲਈ ਇਹ ਵੱਡਾ ਸਵਾਲ ਵੀ ਹੈ। ਹਰ ਸੰਜੀਦਾ ਵਿਅਕਤੀ ਪੰਜਾਬ ਦੀ ਇਸ ਹਾਲਤ ਬਾਰੇ ਵਿਸਥਾਰ, ਵਿਚਾਰ ਅਤੇ ਸੰਵਾਦ ਆਪਣੇ ਮਨ ਵਿਚ ਲਈ ਬੈਠਾ ਹੈ। ਜੇਕਰ ਸੋਚ ਨੂੰ ਆਪਣੇ ਮਨਮਸਤਕ ਦਾ ਹਿੱਸਾ ਨਹੀਂ ਬਣਾ ਰਹੇ ਤਾਂ ਉਹ ਹੈ ਕੇਵਲ ਹਾਕਮ ਸ਼੍ਰੇਣੀ। ■

# ਅਦੁੱਤੀ ਸ਼ਹਾਦਤ ਭਾਈ ਮਨੀ ਸਿੰਘ ਜੀ

*-ਸ੍ਰੀ ਸੋਹਨ ਲਾਲ**

'ਸ਼ਹੀਦ' ਅਤੇ 'ਸ਼ਹਾਦਤ' ਦੋਵੇਂ ਸ਼ਬਦ ਅਰਬੀ ਭਾਸ਼ਾ ਦੇ ਹਨ। ਭਾਰਤੀ ਸੱਭਿਆਚਾਰ ਦੇ ਅੰਦਰ ਸ਼ਹਾਦਤ ਦਾ ਕੋਈ ਸੰਕਲਪ ਨਹੀਂ ਮਿਲਦਾ। ਇੱਥੇ ਭਾਰਤੀ ਸੱਭਿਆਚਾਰ ਦੇ ਅੰਦਰ ਬਲੀ ਦਾ ਰਿਵਾਜ ਸੀ ਜੋ ਦੇਵਤਿਆਂ ਨੂੰ ਖੁਸ਼ ਕਰਨ ਲਈ ਦਿੱਤੀ ਜਾਂਦੀ ਸੀ। ਸ਼ਹੀਦ ਸ਼ਬਦ ਦੇ ਅਰਥ ਹਨ, ਉਹ ਗਵਾਹ ਜੋ ਨਿਰਭੈ ਅਤੇ ਨਿਰਵੈਰ ਹੋ ਕੇ ਸੱਚ ਦੇ ਰਾਹ 'ਤੇ ਚੱਲਦਾ ਹੋਇਆ ਬਿਨਾਂ ਕਿਸੇ ਨਿੱਜੀ ਫਾਇਦੇ ਦੇ ਆਪਾ ਕੁਰਬਾਨ ਕਰ ਦੇਵੇ। ਸ਼ਹਾਦਤ ਸ਼ਬਦ ਦਾ ਅਰਥ ਹੈ— ਗਵਾਹੀ, ਜੋ ਬਗੈਰ ਕਿਸੇ ਡਰ ਦੇ ਸੱਚ ਦੇ ਹੱਕ ਵਿਚ ਦਿੱਤੀ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਿੰਦੋਸਤਾਨ ਦੀ ਨਬਜ਼ ਨੂੰ ਪਛਾਨਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ:-

*- ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)*

*- ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

ਭਾਰਤੀ ਸਮਾਜ ਨੂੰ ਸ਼ਹੀਦੀ ਦਾ ਸੰਕਲਪ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਦੇਣ ਹੈ। ਸਿੱਖ ਇਤਿਹਾਸ ਵਿਚ ੧੭ਵੀਂ ਤੇ ੧੮ਵੀਂ ਸਦੀ ਦੇ ਸ਼ਹੀਦਾਂ ਦੀ ਗਿਣਤੀ ਦਾ ਲੇਖਾ-ਜੋਖਾ ਕਰਨਾ ਕਿਸੇ ਕਲਮ ਦੇ ਵੱਸ ਦੀ ਗੱਲ ਨਹੀਂ ਹੈ। ਹੋਰ ਤਾਂ ਹੋਰ ੨੦ਵੀਂ ਸਦੀ ਦੇ ਸ਼ਹੀਦਾਂ ਦੀ ਗਿਣਤੀ ਕਰਨਾ ਹੀ ਅਸੰਭਵ ਜਿਹਾ ਲੱਗਦਾ ਹੈ। ਸਿੱਖ ਯੋਧਿਆਂ ਦੀ ਸੂਰਬੀਰਤਾ, ਨਿਡਰਤਾ, ਖੁੱਲਦਿਲ੍ਹੀ, ਚੜ੍ਹਦੀ ਕਲਾ, ਦ੍ਰਿੜ੍ਹਤਾ ਅਤੇ ਲਗਨ ਇਸ ਗੱਲ ਦੀ ਮੰਗ ਕਰਦੀ ਹੈ ਕਿ ਇਨ੍ਹਾਂ ਗੁਣਾਂ ਪਿੱਛੇ ਕੰਮ ਕਰਦੀ ਮਾਨਸਿਕਤਾ ਨੂੰ ਖੋਜਿਆ ਤੇ ਸਮਝਿਆ ਜਾਵੇ। ਸਿੱਖ ਸੂਰਬੀਰਾਂ ਨੇ ਗੁਰਬਾਣੀ ਅਤੇ ਇਤਿਹਾਸ ਨੂੰ ਆਪਣਾ ਆਦਰਸ਼ ਰੱਖਿਆ। ਇਨ੍ਹਾਂ ਆਦਰਸ਼ਾਂ ਦੀ ਪ੍ਰੇਰਨਾ ਸਦਕਾ ਹੀ ਸਿੱਖ ਸੂਰਬੀਰ ਆਪਣੇ ਪਰਵਾਰਾਂ ਸਮੇਤ ਲੱਖਾਂ ਕੁਰਬਾਨੀਆਂ ਕਰ ਗਏ।

ਇਨ੍ਹਾਂ ਸ਼ਹਾਦਤਾਂ ਦੇ ਅੰਦਰ ਭਾਈ ਮਨੀ ਸਿੰਘ ਜੀ ਦੇ ਪਰਵਾਰ ਦਾ ਵਿਲੱਖਣ ਸਥਾਨ ਹੈ। ਸਿੱਖ ਅਰਦਾਸ, ਦੀ ਜੇਕਰ ਗਹੁ ਨਾਲ ਵਿਚਾਰ ਕਰੀਏ ਤਾਂ ਇਸ ਅਰਦਾਸ ਅੰਦਰ ਭਾਈ ਮਨੀ ਸਿੰਘ ਜੀ ਦੇ ਪਰਵਾਰ ਦੀ ਝਲਕ ਪ੍ਰਤੱਖ ਮਿਲ ਜਾਵੇਗੀ ਜਿਵੇਂ:

੧. ਦੇਗਾਂ ਵਿਚ ਉਬਾਲੇ ਗਏ, ਭਾਈ ਦਿਆਲ ਦਾਸ (ਵੱਡੇ ਭਰਾ ਭਾਈ ਮਨੀ ਸਿੰਘ ਜੀ)

੨. ਪੁੱਠੀਆਂ ਖੱਲਾਂ ਲੁਹਾਈਆਂ, ਭਾਈ ਗੁਲਜ਼ਾਰ ਸਿੰਘ (ਚਾਚਾ ਸ਼ਹੀਦ ਭਾਈ ਮਨੀ ਸਿੰਘ ਜੀ)

੩. ਚਰਖੜੀਆਂ 'ਤੇ ਚੜ੍ਹੇ, ਭਾਈ ਭੂਪਤ ਸਿੰਘ (ਸ਼ਹੀਦ ਭਾਈ ਮਨੀ ਸਿੰਘ ਦਾ ਭਤੀਜਾ ਜਿਨ੍ਹਾਂ ਦੀਆਂ ਅੱਖਾਂ ਕੱਢ ਕੇ ਚਰਖੜੀ 'ਤੇ ਚੜ੍ਹਾਇਆ ਗਿਆ)
੪. ਬੱਚਿਆਂ ਦੇ ਟੋਟੇ-ਟੋਟੇ ਕਰਵਾਏ, (ਭਾਈ ਮਨੀ ਸਿੰਘ ਜੀ ਦੇ ਪਰਵਾਰ ਦੇ ਬੱਚੇ ਉਨ੍ਹਾਂ ਦੀ ਸ਼ਹਾਦਤ ਤੋਂ ਪਹਿਲੋਂ ਉਨ੍ਹਾਂ ਦੇ ਪਰਵਾਰ ਦੀਆਂ ਸਿੰਘਣੀਆਂ ਸਮੇਤ ਲਾਹੌਰ ਜੇਲ ਵਿਚ ਸ਼ਹੀਦ ਕੀਤੇ ਗਏ)
੫. ਬੰਦ-ਬੰਦ ਕਟਵਾਏ, ਭਾਈ ਮਨੀ ਸਿੰਘ ਜੀ ਨੇ ਨਖਾਸ ਚੌਂਕ ਲਾਹੌਰ ਵਿਖੇ ਆਪਣੇ ਧਾਰਮਿਕ ਅਕੀਦੇ 'ਤੇ ਪਹਿਰਾ ਦਿੰਦੇ ਹੋਏ ਬੰਦ-ਬੰਦ ਕਟਵਾਏ ਸਨ।

*ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥*
*ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੮੦)*

ਸ਼ਹੀਦ ਭਾਈ ਮਨੀ ਸਿੰਘ ਜੀ ਦੇ ਪਰਵਾਰ ਦੇ ਸ਼ਹੀਦਾਂ ਦੀ ਗਿਣਤੀ ੭੦ ਦੇ ਲੱਗਭਗ ਹੈ। ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਮੇਂ ਤੋਂ ਲੈ ਕੇ ਸ਼ਾਇਦ ਹੀ ਕੋਈ ਐਸਾ ਮੈਦਾਨ, ਸਥਾਨ ਹੋਵੇ ਜਿੱਥੇ ਭਾਈ ਮਨੀ ਸਿੰਘ ਜੀ ਦਾ ਪਰਵਾਰ ਲੜਿਆ ਨਾ ਹੋਵੇ ਜਾਂ ਸ਼ਹਾਦਤਾਂ ਨਾ ਦਿੱਤੀਆਂ ਹੋਣ।

ਭਾਈ ਮਨੀ ਸਿੰਘ ਜੀ ਆਪਣੇ ਪਿਤਾ ਦੇ ਨਾਲ ੧੩ ਸਾਲ ਦੀ ਉਮਰ ਵਿਚ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਸ਼ਰਨ ਵਿਚ ਆਏ। ਆਪ ਜੀ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਬਾਅਦ ਬਾਲਾ-ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ ਦਿੱਲੀ ਵਿਚ ਵੀ ਸਿੱਖ ਧਰਮ ਦੀ ਸੇਵਾ ਕੀਤੀ।ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਨਾਲ ਆਪ ਜੀ ਬਾਬਾ ਬਕਾਲਾ ਅਤੇ ਕੀਰਤਪੁਰ ਸਾਹਿਬ ਸੇਵਾ ਕਰਦੇ ਰਹੇ। ਆਪ ਜੀ ਨੂੰ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਦਮਦਮੀ ਬੀੜ, ਪੋਥੀਆਂ, ਸਿੱਖ ਇਤਿਹਾਸ ਤੇ ਹੋਰ ਲਿਖਤਾਂ ਲਿਖਣ ਦਾ ਮਾਣ ਪ੍ਰਾਪਤ ਹੋਇਆ। ਭਾਈ ਮਨੀ ਸਿੰਘ ਜੀ ਵਧੀਆ ਕਥਾ-ਵਾਚਕ ਵੀ ਸਨ। ਇਸ ਦਾ ਜ਼ਿਕਰ 'ਸ਼ਹੀਦ ਬਿਲਾਸ' ਵਿਚ ਇਸ ਤਰ੍ਹਾਂ ਮਿਲਦਾ ਹੈ:-

*ਲੈ ਕੇ ਸੰਗਤ ਕੂ ਨਾਲ, ਮਨੀ ਸਿੰਘ ਤਤਕਾਲ ਪਹੁੰਚਾ ਸੁਧਾ ਸੁਰ ਤਾਲ, ਦਰਸ਼ਣ ਪਾਂਵਦਾ ਜੇਠ ਸੁਦੀ ਚੌਥ ਖਾਸ, ਕੀਆ ਗ੍ਰੰਥ ਪ੍ਰਕਾਸ਼ ਪਹਿਲੇ ਕਰ ਅਰਦਾਸ, ਝੰਡਾ ਸਾਹਿਬ ਕੋ ਝੁਲਾਵਾਦਾ ਸਿੰਘ ਸੁਣ ਸੁਣ ਆਉਂਣ, ਆ ਕੇ ਦਰਸ਼ਣ ਪਾਉਂਣ ਫਤਿਹ ਗੁਰੂ ਦੀ ਬਲਾਉਣ, ਗੈਲ ਸਭ ਕੂ ਬਹਾਵਾਂਦਾ ਦਿੱਤੀ ਬਦਲ ਸੀ ਰੀਤ, ਮੀਣੇ ਭਏ ਭੈਅ ਭੀਤ ਭਈ ਖਾਲਸੇ ਕੀ ਜੀਤ, ਭਟ ਦੇਗ ਵਰਤਵਾਂਦਾ।*

ਆਪ ਜੀ ਇਕਹਿਰੇ ਬਦਨ ਦੇ ਫੁਰਤੀਲੇ ਸੰਤ-ਸਿਪਾਹੀ ਸਨ, ਭਾਈ ਮਨੀ ਸਿੰਘ ਜੀ ਨੇ ੧੬੮੬ ਈ. ਵਿਚ ਭੰਗਾਣੀ ਦੇ ਯੁੱਧ ਵਿਚ ਹਿੱਸਾ ਲਿਆ। ੧੬੯੧ ਈ. ਵਿਚ ਗੁਰੂ ਸਾਹਿਬ ਨਾਲ ਆਲਫ ਖਾਨ ਦੇ ਖ਼ਿਲਾਫ਼ ਪਹਾੜੀ ਰਾਜਿਆਂ ਦੀ ਮਦਦ

ਕੀਤੀ। ੧੭੦੦ ਈ. ਵਿਚ ਅਜਮੇਰ ਚੰਦ ਬਿਲਾਸਪੁਰੀ ਨੇ ਜਦੋਂ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਤਾਂ ਭਾਈ ਮਨੀ ਸਿੰਘ ਮੌਜੂਦ ਸਨ। ਸਤੰਬਰ ੧੭੦੦ ਈ. ਵਿਚ ਲੋਹਗੜ੍ਹ ਦੀ ਲੜਾਈ ਵਿਚ ਭਾਈ ਮਨੀ ਸਿੰਘ ਜੀ ਜ਼ਖ਼ਮੀ ਵੀ ਹੋਏ।ਭਾਈ ਮਨੀ ਸਿੰਘ ਜੀ ਸਫਲ ਆਗੂ ਵੀ ਸਨ।ਜਦੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖ ਧਰਮ ਦੇ ਅੰਦਰ ਬੰਦਈ ਖਾਲਸਾ ਅਤੇ ਤੱਤ ਖਾਲਸਾ ਵਿਚਕਾਰ ਝਗੜਾ ਪੈ ਗਿਆ ਸੀ, ਉਸ ਸਮੇਂ ਵੱਡਾ ਦੁਖਾਂਤ ਭਾਈ ਮਨੀ ਸਿੰਘ ਦੀ ਦੂਰਅੰਦੇਸ਼ੀ ਕਾਰਨ ਟਲਿਆ ਸੀ।

ਭਾਈ ਮਨੀ ਸਿੰਘ ਜੀ ਦੇ ਖਾਨਦਾਨ ਦਾ ਪਿਛੋਕੜ:

ਸ਼ਹੀਦ ਭਾਈ ਬੱਲੂ ਜੀ:- ਇਹ ਸ੍ਰੀ ਅੰਮ੍ਰਿਤਸਰ ਦੀ ਜੰਗ ਵਿਚ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਸਮੇਂ ਮੁਰਤਜਾ ਖਾਨ ਨੂੰ ਮਾਰ ਕੇ ਭੱਟ ਕੀਰਤ ਦੇ ਨਾਲ ੭੪ ਸਾਲ ਦੀ ਉਮਰ ਵਿਚ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਨਾਨੂੰ ਜੀ:- ਭਾਈ ਬੱਲੂ ਜੀ ਦੇ ਭਰਾ ਸ੍ਰੀ ਹਰਿਗੋਬਿੰਦਪੁਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਸੁਹੇਲਾ ਜੀ, ਸ਼ਹੀਦ ਭਾਈ ਦਾਸ ਜੀ:- ੧੬੩੫ ਈ. ਵਿਚ ਫਗਵਾੜਾ ਵਿਖੇ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਦਿਆਲ ਦਾਸ ਜੀ:- ਸ਼ਹੀਦ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ ਜੋ ੧੧ ਨਵੰਬਰ ੧੬੭੫ ਈ. ਨੂੰ ਚਾਂਦਨੀ ਚੌਂਕ ਵਿਚ ਦੇਗ ਵਿਚ ਉਬਾਲ ਕੇ ਸ਼ਹੀਦ ਕੀਤੇ ਗਏ।

ਸ਼ਹੀਦ ਭਾਈ ਹਠੀ ਚੰਦ ਜੀ:- ਆਪ ਜੀ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ ਅਤੇ ਆਪ ਭੰਗਾਣੀ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਸੋਹਣ ਚੰਦ ਜੀ:- ਆਪ ਜੀ ਭਾਈ ਮਨੀ ਸਿੰਘ ਜੀ ਦੇ ਭਰਾ ਸਨ ਅਤੇ ਆਪ ਜੀ ਬਿਲਾਸਪੁਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਲਹਿਣੂ ਜੀ:- ਆਪ ਜੀ ਭਾਈ ਮਨੀ ਸਿੰਘ ਜੀ ਦੇ ਭਰਾ ਸਨ ਅਤੇ ਆਪ ਜੀ ਗੁਲੇਰ ਦੀ ਲੜਾਈ ਵਿਚ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਕਲਿਆਣ ਸਿੰਘ:- ਆਪ ਜੀ ਸ਼ਹੀਦ ਭਾਈ ਦਿਆਲ ਦਾਸ ਜੀ ਸਪੁੱਤਰ ਸਨ ਅਤੇ ਤਾਰਾਗੜ੍ਹ ਨਜ਼ਦੀਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਭਗਵਾਨ ਸਿੰਘ:- ਇਹ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਸਨ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਨੰਦ ਸਿੰਘ:- ਇਹ ਭਾਈ ਆਲਮ ਸਿੰਘ ਦੇ ਸੁਪੁੱਤਰ ਸਨ। ਭਾਈ ਦਰਿਆ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਦਾਦੇ, ਸ਼ਹੀਦ ਬਾਈ ਬੱਲੂ ਦੇ ਛੋਟੇ ਭਰਾ ਸਨ

ਜੋ ਕਿ ੩੦ ਅਗਸਤ, ੧੭੦੦ ਈ. ਨੂੰ ਕਿਲ੍ਹਾ ਫਤਿਹਗੜ੍ਹ ਸਾਹਿਬ ਵਿਖੇ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਬਾਘ ਸਿੰਘ:- ਸ਼ਹੀਦ ਭਾਈ ਮਨੀ ਸਿੰਘ ਜੀ ਦਾ ਭਤੀਜਾ ਜੋ ੩੧ ਅਗਸਤ, ੧੭੦੦ ਈ. ਨੂੰ ਅਗੰਮਗੜ੍ਹ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਆਲਮ ਸਿੰਘ:- ਸਤੰਬਰ ੧੭੦੦ ਈ. ਵਿਚ ਲੋਹਗੜ੍ਹ ਵਿਖੇ ਸ਼ਹੀਦ ਹੋਏ ਆਪ ਬਾਈ ਬੱਲੂ ਦੇ ਭਰਾ ਸਨ।

ਸ਼ਹੀਦ ਭਾਈ ਸੁੱਖਾ ਸਿੰਘ:- ਬੇਟਾ ਰਾਇ ਸਿੰਘ, ਪੋਤਾ ਮਾਈ ਦਾਸ ਸਤੰਬਰ ੧੭੦੦ ਈ. ਵਿਚ ਲੋਹਗੜ੍ਹ ਵਿਖੇ ਸ਼ਹੀਦ ਹੋਏ।

ਸ਼ਹੀਦ ਭਾਈ ਮਥੁਰਾ ਸਿੰਘ:- ਆਪ ਜੀ ਸ਼ਹੀਦ ਭਾਈ ਦਿਆਲ ਦਾਸ ਜੀ ਦੇ ਬੇਟੇ ਸਨ ਜੋ ੮ ਅਕਤੂਬਰ, ੧੭੦੦ ਈ. ਵਿਚ ਨਿਰਮੋਹਗੜ੍ਹ ਵਿਖੇ ਸ਼ਹੀਦ ਹੋਏ ਸਨ।

ਸ਼ਹੀਦ ਭਾਈ ਗੋਕਲ ਸਿੰਘ:- ਬੇਟਾ ਭਾਈ ਦਰਿਆ, ਸ਼ਹਾਦਤ ੧੩ ਅਕਤੂਬਰ, ੧੭੦੦ ਈ. ਨੂੰ ਨਿਰਮੋਹਗੜ੍ਹ ਵਿਖੇ ਸ਼ਹੀਦ ਹੋਏ।

ਸਰਸਾ ਕਿਨਾਰੇ ਪਰਵਾਰ ਵਿਛੋੜਾ ਸਥਾਨ ਅਤੇ ਚਮਕੌਰ ਦੇ ਸ਼ਹੀਦ:- ਪਰਵਾਰ ਵਿਛੋੜੇ ਵਾਲੇ ਸਥਾਨ ਵਿਖੇ ਹੋਈਆਂ ਸ਼ਹਾਦਤਾਂ ਵਿਚ ਬੀਬੀ ਭਿੱਖਾਂ (ਸਿੱਖ ਇਤਿਹਾਸ ਦੀ ਪਹਿਲੀ ਸ਼ਹੀਦ ਬੀਬੀ ) ਭਾਈ ਜੀਵਨ ਸਿੰਘ ਦੇ ਨਾਲ ਭਾਈ ਮਨੀ ਸਿੰਘ ਜੀ ਦੇ ਦੋ ਸਪੁੱਤਰ— ਭਾਈ ਉਦੈ ਸਿੰਘ ਅਤੇ ਭਾਈ ਬਚਿੱਤਰ ਸਿੰਘ ਜੀ ਸ਼ਹੀਦ ਹੋਏ ਸਨ। ਚਮਕੌਰ ਸਾਹਿਬ ਦੇ ਸ਼ਹੀਦਾਂ ਵਿਚ ਭਾਈ ਮਨੀ ਸਿੰਘ ਦੇ ਪੰਜ ਸਪੁੱਤਰ— ਭਾਈ ਅਨਿਕ ਸਿੰਘ, ਭਾਈ ਅਜਬ ਸਿੰਘ, ਭਾਈ ਅਜੈਬ ਸਿੰਘ, ਭਾਈ ਦਾਨ ਸਿੰਘ ਅਤੇ ਭਾਈ ਸੰਤ ਸਿੰਘ ਸ਼ਹੀਦ ਹੋਏ ਸਨ। ਇਨ੍ਹਾਂ ਪੰਜਾਂ ਨੇ ਗੁਰੂ ਸਹਿਬ ਦੇ ਅੰਗ-ਸੰਗ ਰਹਿਣ ਦਾ ਅਨੰਦਪੁਰ ਸਾਹਿਬ ਵਿਖੇ ਪ੍ਰਣ ਲਿਆ ਸੀ। ਇਨ੍ਹਾਂ ਪੰਜਾਂ ਨੂੰ ਗੁਰੂ ਸਾਹਿਬ ਨੇ ਹੁਕਮਨਾਮਾ ਵੀ ਬਖ਼ਸ਼ਿਆ ਸੀ।

ਸ੍ਰੀ ਮੁਕਤਸਰ ਸਾਹਿਬ ਦੇ ਚਾਲੀ ਮੁਕਤੇ:- ਸ੍ਰੀ ਮੁਕਤਸਰ ਸਾਹਿਬ ਦੇ ਚਾਲੀ ਮੁਕਤਿਆਂ ਵਿਚ ਭਾਈ ਮਨੀ ਸਿੰਘ ਜੀ ਦੇ ਭਰਾ ਰਾਇ ਸਿੰਘ ਅਤੇ ਇਨ੍ਹਾਂ ਦਾ ਬੇਟਾ ਭਾਈ ਸੀਤਲ ਸਿੰਘ ਸ਼ਹੀਦ ਹੋਏ ਸਨ। ਚਿਤੌੜ ਦੇ ੨੦ ਸ਼ਹੀਦਾਂ ਵਿਚ ਵੀ ਭਾਈ ਮਨੀ ਸਿੰਘ ਦਾ ਇੱਕ ਭਰਾ ਸ਼ਹੀਦ ਹੋਇਆ ਸੀ।

ਆਲੋਆਲ ਦੇ ਸ਼ਹੀਦ:- ਮਈ ੧੭੧੦ ਈ. ਵਿਚ ਜਦੋਂ ਬਹਾਦਰ ਸ਼ਾਹ ਨੂੰ ਪਤਾ ਲੱਗਾ ਕਿ ਸਿੱਖਾਂ ਨੇ ਆਪਣੀ ਸਰਦਾਰੀ ਕਾਇਮ ਕਰ ਲਈ ਹੈ ਤਾਂ ਉਸ ਨੇ ਬਹੁਤ ਵੱਡੀ ਫੌਜ ਲੈ ਕੇ ਸੋਨੀਪਤ, ਸਢੌਰਾ, ਸਮਾਣਾ, ਸਰਹਿੰਦ 'ਤੇ ਦੁਬਾਰਾ ਕਬਜ਼ਾ ਕਰ ਲਿਆ ਅਤੇ ਸਿੱਖਾਂ ਦੇ ਕਤਲੇ-ਏ-ਆਮ ਦਾ ਹੁਕਮ ਦੇ ਦਿੱਤਾ।

*"ਨਾਨਕ ਪ੍ਰਸਤਾਂ ਰਾ ਹਰ ਜਾ ਬਯਾਬੰਦ ਬਕਲਤ ਰਸਾਨੰਦ"*

ਆਲੋਆਲ ਵਿਚ ਜਿਨ੍ਹਾਂ ਸਿੱਖਾਂ ਨੂੰ ਜ਼ਮੀਨ ਵਿਚ ਗੱਡ ਕੇ ਸ਼ਹੀਦ ਕੀਤਾ

ਗਿਆ:- ਭਾਈ ਜੱਗੂ ਚੌਹਾਨ ਪਰਵਾਰ ਦੇ ਚਾਰ ਮੈਂਬਰ, ਬੋਹਿਥ ਭੱਟ ਪਰਵਾਰ ਦੇ ੭ ਮੈਂਬਰ, ਭਾਈ ਮਨੀ ਸਿੰਘ ਪਰਵਾਰ ਦੇ ੩ ਮੈਂਬਰ ਅਤੇ ੨੧ ਹੋਰ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਆਲੋਆਲ ਦੀਆਂ ਸ਼ਹਾਦਤਾਂ ੧੧ ਅਕਤੂਬਰ, ੧੭੧੧ ਈ. ਨੂੰ ਹੋਈਆਂ ਸਨ। ਇਨ੍ਹਾਂ ਦੀ ਸ਼ਹਾਦਤ ਦਾ ਹਵਾਲਾ 'ਭੱਟ ਵਹੀ ਤਲਾਉਂਡਾ', 'ਭੱਟ ਵਹੀ ਭਾਦਸੋਂ', 'ਭੱਟ ਵਹੀ ਮੁਲਤਾਨੀ ਸਿੰਧੀ' ਵਿਚ ਮਿਲਦਾ ਹੈ।

ਚੱਪੜਚਿੜੀ ਦੇ ਸ਼ਹੀਦ:- ਚੱਪੜਚਿੜੀ ਵਿਖੇ ਭਾਈ ਸੰਗਰਾਮ ਸਿੰਘ, ਭਾਈ ਮਹਿਬੂਬ ਸਿੰਘ ਅਤੇ ਭਾਈ ਫਤਿਹ ਸਿੰਘ ਸ਼ਹੀਦ ਹੋਏ ਸਨ। ਭਾਈ ਮਨੀ ਸਿੰਘ ਦੇ ਪਰਵਾਰ ਦਾ ਭਾਈ ਸੁੱਖਾ ਸਿੰਘ ਬੰਗੇਸਰੀ ੧੭੧੬ ਈ. ਨੂੰ ਸ਼ਹੀਦ ਹੋਇਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਮੇਂ ਭਾਈ ਮਨੀ ਸਿੰਘ ਪਰਵਾਰ ਦੇ ੭ ਜੀਆਂ ਨੇ ਸ਼ਹਾਦਤ ਪ੍ਰਾਪਤ ਕੀਤੀ ਉਨ੍ਹਾਂ ਦੇ ਨਾਂ ਹਨ— ਭਾਈ ਭਗਵੰਤ ਸਿੰਘ, ਭਾਈ ਬਾਜ਼ ਸਿੰਘ, ਭਾਈ ਕੋਇਰ ਸਿੰਘ, ਭਾਈ ਸ਼ਾਮ ਸਿੰਘ, ਭਾਈ ਨਾਹਰ ਸਿੰਘ, ਭਾਈ ਅਲਬੇਲ ਸਿੰਘ, ਭਾਈ ਰਾਮ ਸਿੰਘ।

ਸ਼ਹਾਦਤ ਭਾਈ ਮਨੀ ਸਿੰਘ :- ਸ਼ਹੀਦ ਭਾਈ ਮਨੀ ਸਿੰਘ ਜੀ ਪੰਥ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਸਨ। ੧੭੩੪ ਈ. ਦੀ ਦੀਵਾਲੀ ਨੂੰ ਭਾਈ ਮਨੀ ਸਿੰਘ ਨੇ ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲੀ ਦਾ ਮੇਲਾ ਲਗਾਉਣ ਦਾ ਫੈਸਲਾ ਲਿਆ। ਇਸ ਦੀ ਬਕਾਇਦਾ ਮਨਜ਼ੂਰੀ ਜ਼ਕਰੀਆ ਖਾਨ ਸੂਬੇਦਾਰ ਲਾਹੌਰ ਪਾਸੋਂ ੧੦ ਹਜ਼ਾਰ ਟਕਾ ਦੇਣਾ ਕਰਕੇ ਲਈ ਗਈ। ਜ਼ਕਰੀਆ ਖਾਨ ਪੰਥ ਦੋਖੀਆਂ ਦੀ ਚੁੱਕ ਵਿਚ ਆ ਕੇ ਸਿੰਘਾਂ ਦੇ ਇਕੱਠ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਖਤਮ ਕਰਨ ਦੇ ਮਨਸੂਬੇ ਬਣਾਉਣ ਲੱਗ ਪਿਆ। ਜਿਸ ਦੀ ਸੂਹ ਭਾਈ ਮਨੀ ਸਿੰਘ ਨੂੰ ਲੱਗ ਗਈ। ਉਨ੍ਹਾਂ ਨੇ ਇਹ ਮੇਲਾ ਰੋਕ ਦਿੱਤਾ। ਹਕੂਮਤ ਨੇ ਦਸ ਹਜ਼ਾਰ ਦੇ ਟਕੇ ਦਾ ਤਕਾਜਾ ਕੀਤਾ ਜਿਸ ਨੂੰ ਭਾਈ ਮਨੀ ਸਿੰਘ ਨੇ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਹਕੂਮਤ ਦੇ ਭੈੜੇ ਮਨਸੂਬਿਆਂ ਕਾਰਨ ਮੇਲਾ ਲੱਗਿਆ ਹੀ ਨਹੀਂ ਸੀ। ਇਸ ਕਾਰਨ ਭਾਈ ਮਨੀ ਸਿੰਘ ਦੇ ਨਾਲ ਉਨ੍ਹਾਂ ਦੇ ਪਰਵਾਰ ਦੇ ਜੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਵਿਚ ਬੱਚੇ ਤੇ ਇਸਤਰੀਆਂ ਵੀ ਸ਼ਾਮਲ ਸਨ। ਲਾਹੌਰ ਲੈ ਜਾ ਕੇ ਇਨ੍ਹਾਂ ਨੂੰ ਤਸੀਹੇ ਦਿੱਤੇ ਗਏ, ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਇਨਕਾਰ ਕਰਨ 'ਤੇ ਬੱਚਿਆਂ ਤੇ ਇਸਤਰੀਆਂ ਨੂੰ ਲਾਹੌਰ ਜੇਲ ਦੇ ਅੰਦਰ ਹੀ ਕਤਲ ਕਰ ਦਿੱਤਾ ਗਿਆ। ਭਾਈ ਮਨੀ ਸਿੰਘ ਦੇ ਚਾਚੇ ਭਾਈ ਗੁਲਜ਼ਾਰ ਸਿੰਘ ਨੂੰ ਉਲਟਾ ਲਟਕਾ ਕੇ ਉਨ੍ਹਾਂ ਦੀ ਖੱਲ ਨਖਾਸ ਚੌਂਕ ਵਿਚ ਭਾਰੀ ਇਕੱਠ ਸਾਹਮਣੇ ਉਤਾਰ ਦਿੱਤੀ ਗਈ। ਭਾਈ ਰਣ ਸਿੰਘ, ਭਾਈ ਜਗਤ ਸਿੰਘ, ਭਾਈ ਚਿੱਤਰ ਸਿੰਘ, ਭਾਈ ਗੁਰਬਖਸ਼ ਸਿੰਘ ਅਤੇ ਭਾਈ ਭੂਪਤ ਸਿੰਘ ਨੂੰ ਸ਼ਹੀਦ ਕੀਤਾ ਗਿਆ।

*"ਭੂਪਤ ਸਿੰਘ ਕੀ ਆਖ ਕਢਾਏ ਫਿਰ ਚਰਕੜੀ ਦਿਓ ਚੜਾਏ"*

*(ਸ਼ਹੀਦ ਬਿਲਾਸ)*

ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦੀ ਸਜ਼ਾ ਸੁਣਾਈ ਗਈ। ਇਸ ਦਾ ਅੰਦਰਾਜ਼ ਭੱਟ ਵਹੀ ਮੁਲਤਾਨੀ ਸਿੰਧੀ ਵਿਚ ਇਸ ਤਰ੍ਹਾਂ ਹੈ :-

*"ਮਨੀ ਸਿੰਘ ਬੇਟਾ ਮਾਈ ਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਸ਼ਾਹੀ ਹੁਕਮ ਗੈਲ ਸੰਮਤ ਸਤਰਾਂ ਸੈ ਇਕਾਨਮੇ ਅਸਾਢ ਸੁਦੀ ਪੰਚਮੀ, ਲਾਹੌਰ ਕੇ ਮਲ੍ਹਾਨ, ਛੇ ਘਰੀ ਦਿਹੁੰ ਚਢੇ ਬੰਦ ਬੰਦ ਕਾਟਾ। ਭੂੰ ਕਾਟ ਆਇਆ ਗੈਲੋਂ ਜਗਤ ਸਿੰਘ , ਬੇਟਾ ਮਾਈ ਦਾਸ ਕਾ, ਚਿੱਤਰ ਸਿੰਘ ਬੇਟਾ ਮਨੀ ਸਿੰਘ ਕਾ, ਗੁਰਬਖਸ਼ ਸਿੰਘ ਬੇਟਾ ਮਨੀ ਸਿੰਘ ਕਾ ਮਾਰੇ ਗਏ। ਆਗੇ ਗੁਰੂ ਆਪ ਭਾਣਾ ਕਾ ਖਾਵਿੰਦ ਗੁਰੂ ਗੁਰੂ ਜਪਣਾ ਜਨਮ ਸਉਰੈਗਾ"।*

ਇਹ ਸਜ਼ਾ ਲਾਹੌਰ ਵਿਚ ਭੁਗਤਾਈ ਗਈ। ਭਾਈ ਮਨੀ ਸਿੰਘ ਜੀ ੯੦ ਸਾਲ ਦੀ ਉਮਰ ਵਿਚ ਗੁਰੂ ਦਾ ਭਾਣਾ ਮੰਨ ਕੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸ਼ਹੀਦੀ ਪ੍ਰਾਪਤ ਕਰ ਗਏ। ਜਿਸ ਜਗ੍ਹਾ 'ਤੇ ਸ਼ਹੀਦ ਭਾਈ ਮਨੀ ਸਿੰਘ ਦੀ ਸ਼ਹਾਦਤ ਹੋਈ ਸੀ ਉਸ ਜਗ੍ਹਾ 'ਤੇ ਗੁਰਦੁਆਰਾ ਸ਼ਹੀਦ ਗੰਜ ਮੌਜੂਦ ਹੈ। ਭਾਈ ਮਨੀ ਸਿੰਘ ਜੀ ਦੇ ਪਰਵਾਰ ਦੇ ਸ਼ਹੀਦ ਭਾਈ ਹਾਠੂ ਸਿੰਘ ਨੇ ੧੭੫੮ ਈ. ਵਿਚ ਅਹਿਮਦ ਸ਼ਾਹ ਅਬਦਾਲੀ ਖ਼ਿਲਾਫ਼ ਲੜਦਿਆਂ ਸ਼ਹਾਦਤ ਪ੍ਰਾਪਤ ਕੀਤੀ ਸੀ।

ਸਿੱਖ ਕੌਮ ਬੜੀ ਦਿਆਲੂ ਕੌਮ ਹੈ ਪਰ ਹੈਂਕੜਬਾਜ਼ਾਂ ਨੂੰ ਸੋਧਾਂ ਵੀ ਲਾਉਂਦੀ ਰਹੀ ਹੈ। ਕਾਜ਼ੀ ਅਬਦੁਲ ਰਜਾਕ ਜਿਸ ਦੀ ਹਾਜ਼ਰੀ ਵਿਚ ਸਜ਼ਾ ਭੁਗਤਾਈ ਗਈ ਸੀ, ਦਾ ਕਾਲ ਭਾਈ ਮਨੀ ਸਿੰਘ ਦੇ ਭਤੀਜੇ ਅੱਘੜ ਸਿੰਘ ਨੇ ਕਰ ਦਿੱਤਾ ਸੀ। ਜ਼ਕਰੀਆ ਖਾਨ ਦੇ ਸਾਥੀ ਸੰਮਦ ਖਾਨ ਨੂੰ ਨਵਾਬ ਕਪੂਰ ਸਿੰਘ ਨੇ ਘੋੜਿਆਂ ਦੇ ਪਿੱਛੇ ਬੰਨ੍ਹ ਕੇ ਘੜੀਸ-ਘੜੀਸ ਕੇ ਉਸ ਦੇ ਕੀਤੇ ਦੀ ਸਜ਼ਾ ਦਿੱਤੀ। ਜ਼ਕਰੀਆ ਖਾਨ ਨੇ ਡਰ ਦੇ ਮਾਰੇ ਕਿਲ੍ਹੇ ਵਿੱਚੋਂ ਨਿਕਲਣਾ ਬੰਦ ਕਰ ਦਿੱਤਾ ਅਤੇ ਉਹ ੧੭੪੫ ਈ. ਵਿਚ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਖਾ-ਖਾ ਕੇ ਮਰਿਆ।

*ਸ਼ਹੀਦਾਂ ਦੀ ਉਸਤਤ ਦੇ ਸੋਹਲੇ ਮੈਂ ਕਿੰਝ ਗਾਵਾਂ,*
*ਜਨਮ ਦਿੱਤਾ ਜਿਹਨਾਂ ਨੇ ਧੰਨ ਨੇ ਮਾਵਾਂ।*
*ਸ਼ਹੀਦਾਂ ਦੇ ਸਥਾਨਾਂ ਨੂੰ ਸਿਜਦਾ ਕਰੋ ਯਾਰੋ,*
*ਸਭੇ ਧਰਮ ਸਥਾਨਾਂ ਤੋਂ ਉੱਚੀਆਂ ਨੇ ਇਹ ਥਾਵਾਂ।*

■

# ਸ਼ਹੀਦ ਭਾਈ ਤਾਰੂ ਸਿੰਘ ਜੀ

*-ਸਿਮਰਜੀਤ ਸਿੰਘ**

ਅੰਮ੍ਰਿਤਸਰ-ਖੇਮਕਰਨ ਸਟੇਟ ਹਾਈਵੇ-੨੧ ਨੰਬਰ ਸੜਕ ਅੰਮ੍ਰਿਤਸਰ ਤੋਂ ਝਬਾਲ ਭਿੱਖੀਵਿੰਡ ਵਿਚ ਦੀ ਹੁੰਦੀ ਹੋਈ ਭਾਰਤ-ਪਾਕਿਸਤਾਨ ਸੀਮਾ ਤੇ ਖੇਮਕਰਨ ਜਾਂਦੀ ਹੈ। ਇਸ ਸੜਕ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਇਕ ਇਤਿਹਾਸਿਕ ਪਿੰਡ ਪੂਹਲਾ ਹੈ। ਰੇਲਵੇ ਸਟੇਸ਼ਨ ਪੱਟੀ ਇੱਥੋਂ ੨੫ ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਪਿੰਡ ਦਾ ਡਾਕਘਰ ਸਿੰਘਪੁਰਾ ਹੈ, ਜਿਸ ਦਾ ਪਿੰਨ ਕੋਡ ੧੪੩੩੦੩ ਹੈ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਇਹ ਪਿੰਡ ਜ਼ਿਲ੍ਹਾ ਲਾਹੌਰ ਦੀ ਤਹਿਸੀਲ ਕਸੂਰ ਵਿਚ ਪੈਂਦਾ ਸੀ ਜੋ ਦੇਸ਼ ਦੀ ਵੰਡ ਤੋਂ ਬਾਅਦ ਜ਼ਿਲ੍ਹਾ ਅੰਮ੍ਰਿਤਸਰ ਵਿਚ ਆ ਗਿਆ। ਅੱਜਕਲ੍ਹ ਇਹ ਪਿੰਡ ਜ਼ਿਲ੍ਹਾ ਤਰਨਤਾਰਨ ਦੀ ਤਹਿਸੀਲ ਪੱਟੀ ਵਿਚ ਪੈਂਦਾ ਹੈ। ਪਾਕਿਸਤਾਨ ਦੀ ਹੋਂਦ ਤੋਂ ਪਹਿਲਾਂ ਇਸ ਪਿੰਡ ਦੇ ਨਜ਼ਦੀਕ ਦੀ ਇਹ ਸੜਕ ਕਸੂਰ ਅਤੇ ਅੰਮ੍ਰਿਤਸਰ ਨੂੰ ਆਪਸ ਵਿਚ ਜੋੜਦੀ ਸੀ। ਲਾਹੌਰ ਤੋਂ ਵੀ ਇਕ ਸੜਕ ਆਉਂਦੀ ਸੀ, ਜੋ ਲਾਹੌਰ ਤੋਂ ਭਿੱਖੀਵਿੰਡ ਦੇ ਵਿਚ ਦੀ ਹੁੰਦੀ ਹੋਈ ਹਰੀਕੇ ਪੱਤਣ ਪਹੁੰਚਦੀ ਸੀ। ਇਹ ਦੋਵੇਂ ਸੜਕਾਂ ਭਿੱਖੀਵਿੰਡ ਦੇ ਕੋਲ ਇਕ-ਦੂਜੇ ਨਾਲ ਮਿਲ ਕੇ ਚੁਰਸਤਾ ਬਣਾਉਂਦੀਆਂ ਸਨ। ਇਸ ਚੁਰਸਤੇ ਤੋਂ ਡੇਢ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਪੂਹਲਾ ਵਾਕਿਆ ਹੈ। ਇਸ ਦੇ ਨਾਲ ਹੀ ਸਿੰਘਪੁਰੀਆ ਮਿਸਲ ਦੇ ਮੋਢੀ ਨਵਾਬ ਕਪੂਰ ਸਿੰਘ ਦਾ ਇਤਿਹਾਸਿਕ ਪਿੰਡ ਸਿੰਘਪੁਰਾ ਸਥਿਤ ਹੈ। ਪੂਹਲਾ ਪਿੰਡ ਸੰਧੂ ਭਾਈਚਾਰੇ ਦੇ ਜੱਟਾਂ ਦਾ ਨਿਵਾਸ ਹੈ। ਸੰਧੂਆਂ ਦਾ ਮੁੱਖ ਟਿਕਾਣਾ ਅੰਮ੍ਰਿਤਸਰ ਤੇ ਲਾਹੌਰ ਜ਼ਿਲ੍ਹੇ ਸਨ, ਜਿੱਥੋਂ ਉਹ ਸਤਲੁਜ ਦੇ ਉੱਪਰ ਵੱਲ ਅੰਬਾਲੇ ਦੇ ਪਹਾੜਾਂ ਦੇ ਹੇਠ ਵੱਲ, ਪੱਛਮ ਵਿਚ ਗੁਜਰਾਂਵਾਲਾ ਅਤੇ ਪੂਰਬ ਵਿਚ ਸਿਆਲਕੋਟ ਤਕ ਫੈਲੇ ਹੋਏ ਹਨ। ਸੰਧੂ ਆਪਣਾ ਮੁੱਢ ਸੂਰਜਵੰਸੀ ਰਾਜਾ ਰਘੂ ਤੋਂ ਹੋਇਆ ਮੰਨਦੇ ਹਨ। ਰਘੂ ਬਾਰੇ ਕਿਹਾ ਜਾਂਦਾ ਹੈ ਕਿ ਕਾਦਰ ਨੇ ਵਿਸਮਾਦ ਵਿਚ ਆ ਕੇ ਇਕ ਅਤਿ ਸੁੰਦਰ ਕੰਨਿਆ ਦੀ ਉਤਪਤੀ ਕੀਤੀ। ਜਦੋਂ ਉਸ ਦੀ ਉਮਰ ਵਿਆਹਯੋਗ ਹੋਈ ਤਾਂ ਦੇਵਤਿਆਂ ਅਤੇ ਰਾਜਿਆਂ ਨੇ ਉਸ ਨੂੰ ਪਰਨਾਉਣ ਦੀ ਕੋਸ਼ਿਸ਼ ਕੀਤੀ। ਅੰਤ ਵਿਚ ਇਕ ਰਾਜਾ ਸਫਲ ਹੋ ਗਿਆ ਜੋ ਏਨਾ ਬਹਾਦਰ ਸੀ ਜਿੰਨਾ ਕਿ ਸੂਰਜ। ਉਸ ਨੂੰ ਰਘੂ ਕਿਹਾ ਜਾਂਦਾ ਸੀ। ਇਸ ਘਟਨਾ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਵਰਣਨ ਕਰਦੇ ਹਨ ਕਿ:

*ਸਾਧ ਕਰਮ ਜੋ ਪੁਰਖ ਕਮਾਵੈ॥ ਨਾਮ ਦੇਵਤਾ ਜਗਤ ਕਹਾਵੈ॥*
*ਕੁਕ੍ਰਿਤ ਕਰਮ ਜੋ ਜਗ ਮੈਂ ਕਰਹਿ॥ ਨਾਮ ਅਸੁਰ ਤਿਸਕੋ ਸਭ ਧਰਹਿ॥*
*ਤਿਨਤੇ ਹੇਤ ਬਹੁਤ ਨ੍ਰਿਪ ਆਏ॥ ਦਛ ਪ੍ਰਜਾਪਤਿ ਜਿਨ ਉਪ ਜਾਏ॥*

**ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*ਦਸ ਸਹੰਸ੍ਰ ਤਿਹਿ ਗ੍ਰਿਹ ਭਈ ਕੰਨਿਆਂ॥ ਜਿਹ ਸਮਾਨ ਕਹ ਲਗੈ ਨ ਅੰਨਿਆ॥*
*ਕਾਲ ਕ੍ਰਿਆ ਐਸੀ ਤਹ ਭਈ॥ ਤੇ ਸਭ ਬਿਆਹ ਨਰੇਸਨ ਦਈ॥*

ਰਘੂ ਦੀ ਔਲਾਦ ਰਘੂਵੰਸੀ ਕਹਾਉਂਦੀ ਹੈ। ਇਸ ਰਘੂ ਨੇ ਸਮੁੱਚੇ ਭਾਰਤ ਅਤੇ ਫਾਰਸ ਉੱਤੇ ਰਾਜ ਕੀਤਾ ਸੀ। ਸੰਧੂਆਂ ਦਾ ਵਿਚਾਰ ਹੈ ਕਿ ਉਨ੍ਹਾਂ ਦੇ ਵੱਡੇ-ਵਡੇਰੇ ਮਹਿਮੂਦ ਗਜ਼ਨਵੀ ਨਾਲ ਕੈਦ ਹੋ ਕੇ ਜਾਂ ਕਿਸੇ ਹੋਰ ਤਰ੍ਹਾਂ ਗਜ਼ਨੀ ਵੱਲ ਚਲੇ ਗਏ ਸਨ। ਤੇਰ੍ਹਵੀਂ ਸਦੀ ਵਿਚ ਉਹ ਫੇਰ ਵਾਪਸ ਆ ਗਏ ਜਾਂ ਫਿਰੋਜ ਸ਼ਾਹ ਸਮੇਂ ਅਫਗਾਨਿਸਤਾਨ ਤੋਂ ਭਾਰਤ ਵੱਲ ਆ ਗਏ ਅਤੇ ਮਾਝੇ ਖੇਤਰ ਵਿਚ ਲਾਹੌਰ ਦੇ ਨੇੜੇ ਆਬਾਦ ਹੋ ਗਏ।

ਮਾਝੇ ਵਿਚ ਸਰਹਾਲੀ, ਵਲਟੋਹਾ, ਭੜਾਣਾ, ਮਨਾਵਾਂ ਆਦਿ ਮਝੈਲ ਸੰਧੂਆਂ ਦੇ ਪ੍ਰਸਿੱਧ ਪਿੰਡ ਹਨ। ਸਰਹਾਲੀ ਪਿੰਡ ਦੇ ਨਿਵਾਸੀ ਪੂਹਲੇ ਨੇ ਆ ਕੇ ਆਪਣੇ ਨਾਂ 'ਤੇ ਇਹ ਪਿੰਡ ਪੂਹਲਾ ਆਬਾਦ ਕੀਤਾ ਸੀ। ਇਸ ਸੰਬੰਧ ਵਿਚ ਪ੍ਰਸਿੱਧ ਵਿਦਵਾਨ ਲੇਖਕ ਪ੍ਰਿੰ. ਸਵਰਨ ਸਿੰਘ ਚੂਸਲੇਵੜ ਨੇ ਆਪਣੀ ਪੁਸਤਕ 'ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ' ਵਿਚ ਵੀ ਜ਼ਿਕਰ ਕੀਤਾ ਹੈ। ਇਸ ਪਿੰਡ ਦੇ ਭਾਈ ਜੋਧ ਸਿੰਘ ਜੀ ਦੇ ਘਰ ਭਾਈ ਤਾਰੂ ਸਿੰਘ ਜੀ ਦਾ ਜਨਮ ਹੋਇਆ। ਭਾਈ ਜੋਧ ਸਿੰਘ ਜੀ ਮੁਗ਼ਲ ਫੌਜਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ। ਭਾਈ ਜੋਧ ਸਿੰਘ ਜੀ ਦੀ ਪਤਨੀ ਆਪਣੇ ਪੁੱਤਰ ਭਾਈ ਤਾਰੂ ਸਿੰਘ ਅਤੇ ਇਕ ਵਿਧਵਾ ਪੁੱਤਰੀ ਬੀਬੀ ਤਾਰੋ ਨਾਲ ਪਿੰਡ ਵਿਚ ਰਹਿੰਦੀ ਸੀ।

ਕਈ ਵਿਦਵਾਨਾਂ ਦਾ ਮਤ ਇਹ ਵੀ ਹੈ ਕਿ ਜ਼ਿਲ੍ਹਾ ਬਠਿੰਡਾ ਵਿਚ ਇੱਕ ਪਿੰਡ ਪੂਹਲਾ ਹੈ ਜੋ ਭੁੱਲਰ ਗੋਤ ਦੇ ਕਿਸੇ ਵਡੇਰੇ ਪੂਹਲੇ ਨੇ ਵਸਾਇਆ ਸੀ। ਬਾਹੀਏ ਦੇ ੨੨ ਪਿੰਡਾਂ ਵਿੱਚੋਂ ਇਹ ਪਿੰਡ ਪੂਹਲਾਂ ਵੀ ਮਹਿਰਾਜ ਵਿੱਚੋਂ ਹੀ ਬੱਝਿਆ ਸੀ। ਮਹਿਰਾਜ ਦੇ ਦੀਪੇ ਚੌਧਰੀ ਦੇ ਚਾਰ ਪੁੱਤਰਾਂ— ਸਜਾਦਾ, ਰਾਜਾਦਾ, ਗੁਰਬਖਸ਼ ਅਤੇ ਸਬਲਾ ਨੇ ਭੁੱਲਰਾਂ ਨੂੰ ਜ਼ਬਰਦਸਤੀ ਇੱਥੋਂ ਕੱਢ ਦਿੱਤਾ। ਇਨ੍ਹਾਂ ਨੇ ਇੱਥੋਂ ਜਾ ਕੇ ਜ਼ਿਲ੍ਹਾ ਅੰਮ੍ਰਿਤਸਰ ਵਿਚ ਨਵਾਂ ਪਿੰਡ ਵਸਾ ਲਿਆ ਜਿਸ ਦਾ ਨਾਂ ਇਨ੍ਹਾਂ ਨੇ ਆਪਣੇ ਪੁਰਾਣੇ ਪਿੰਡ ਦੇ ਨਾਂ 'ਤੇ ਪੂਹਲਾ ਹੀ ਰੱਖਿਆ।

ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ੧੭੧੬ ਈ. ਵਿਚ ਅੰਤਾਂ ਦੇ ਤਸੀਹੇ ਦੇ ਕੇ ਮਹਿਰੋਲੀ (ਦਿੱਲੀ) ਵਿਖੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਲਾਹੌਰ ਅਤੇ ਦਿੱਲੀ ਦੇ ਤਖਤ ਵੱਲੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਗਏ ਅਤੇ ਸਿੱਖਾਂ ਨੂੰ ਦੇਖਦਿਆਂ ਹੀ ਮਾਰ ਦੇਣ ਦੇ ਐਲਾਨਾਮੇ ਬਾਰ-ਬਾਰ ਕੀਤੇ ਜਾ ਰਹੇ ਸਨ।

੧੭੨੬ ਈ. ਵਿਚ ਅਬਦੁੱਸਮਦ ਖਾਂ ਨੂੰ ਲਾਹੌਰ ਤੋਂ ਬਦਲ ਕੇ ਮੁਲਤਾਨ ਭੇਜ ਦਿੱਤਾ ਗਿਆ ਅਤੇ ਉਸ ਦੀ ਥਾਂ 'ਤੇ ਉਸ ਦੇ ਪੁੱਤਰ ਜ਼ਕਰੀਆ ਖਾਨ ਨੂੰ ਪੰਜਾਬ ਦਾ ਨਵਾਂ ਸੂਬੇਦਾਰ ਨਿਯੁਕਤ ਕਰ ਦਿੱਤਾ ਗਿਆ। ਜ਼ਕਰੀਆ ਖਾਨ ਸਿੱਖਾਂ ਦਾ ਕੱਟੜ ਵਿਰੋਧੀ ਸੀ। ਪੰਜਾਬ ਦਾ ਸੂਬੇਦਾਰ ਬਣਦੇ ਸਾਰ ਹੀ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਅਨੁਸਾਰ ਜ਼ਕਰੀਆ ਖਾਨ ਨੇ

ਇਕ ਐਲਾਨ ਕੀਤਾ ਕਿ ਸਿੱਖ ਦੇ ਕੇਸ ਕੱਟ ਕੇ ਲਿਆਉਣ ਵਾਲੇ ਨੂੰ ਲੇਫ-ਤਲਾਈ ਅਤੇ ਕੰਬਲ, ਸਿੱਖਾਂ ਬਾਬਤ ਖ਼ਬਰ ਦੇਣ ਵਾਲੇ ਨੂੰ ਦਸ ਰੁਪੈ ਅਤੇ ਜੇ ਕੋਈ ਸਿੱਖ ਨੂੰ ਜਿਉਂਦਾ ਫੜ ਕੇ ਜਾ ਮਾਰ ਕੇ ਲਿਆਵੇਗਾ, ਉਸ ਨੂੰ ਪੰਜਾਹ ਰੁਪੈ ਇਨਾਮ ਦਿੱਤਾ ਜਾਵੇਗਾ। ਸਿੱਖਾਂ ਦੇ ਘਰਾਂ ਨੂੰ ਲੁੱਟਣ ਦੀ ਸਰਕਾਰ ਵੱਲੋਂ ਪੂਰੀ ਸਜ਼ਾ ਮੁਆਫੀ ਅਤੇ ਖੁੱਲ੍ਹ ਸੀ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੀ। ਸਿੱਖਾਂ ਨੂੰ ਦਬਾਉਣ ਲਈ ਥਾਂ-ਥਾਂ 'ਤੇ ਫ਼ੌਜ ਤਾਇਨਾਤ ਕੀਤੀ ਗਈ ਸੀ। ਜ਼ਕਰੀਆ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਆਪਣੇ ਸਾਰੇ ਇਲਾਕੇ ਵਿਚ ਆਪਣੇ ਭਰੋਸੇਯੋਗ ਮੁਖ਼ਬਰ ਤਿਆਰ ਕਰ ਮੁਖ਼ਬਰਾਂ ਦਾ ਜਾਲ ਵਿਛਾ ਦਿੱਤਾ, ਜਿਨ੍ਹਾਂ ਵਿਚ ਚੌਧਰੀ ਰਾਮਾ ਰੰਧਾਵਾ ਘਣੀਏ ਵਾਲਾ, ਛੀਨੇ ਪਿੰਡ ਵਾਲਾ ਕਰਮਾ, ਕਾਨ੍ਹੇ ਪਿੰਡ ਦਾ ਰਾਇ ਖੁਸ਼ਾਲੀ ਸੰਧੂ, ਐਮੇ ਵਾਲਾ ਨੱਥਾ ਉੱਪਲ, ਨੌਸ਼ਹਿਰਾ ਪੰਨੂਆਂ ਪਿੰਡ ਦਾ ਮਾਨਾ, ਚਸ਼ਮੇ ਦਾ ਰਾਇ ਹਰਚੰਦ, ਨੌਸ਼ਹਿਰਾ ਢਾਲਾ ਪਿੰਡ ਦਾ ਸਾਹਿਬ ਰਾਇ ਸੰਧੂ, ਜੋਧਾ ਨਗਰੀਆ ਦਾ ਧਰਮ ਦਾਸ, ਦਿਲਬਾਗ ਸਰਾਉ, ਖੋਖਰ ਵਾਲਾ ਜੋਧ, ਕਸੂਰ ਦਾ ਭੀਮਾ ਢਿੱਲੋਂ, ਧਨੇਸ਼ਟੇ ਵਾਲਾ ਹੈਬਤ ਮੱਲ, ਭਾਗੂਵਾਲ ਪਿੰਡ ਦਾ ਭਾਗੂ ਕਾਹਲੋਂ, ਭਿੱਖੀ ਵਾਲਾ ਲਾਲੂ ਵਿਰਕ, ਬੁੰਦਾਲੀਆ ਦਾ ਮੋਲਕ ਰਾਇ ਸੰਧੂ, ਠੱਠੇ ਪਿੰਡ ਦਾ ਹਯਾਤ ਖਾਂ, ਮਜੀਠੇ ਦਾ ਚੌਧਰੀ ਮੱਦੋ, ਗੁਜਰਾਂਵਾਲੇ ਦਾ ਚੌਧਰੀ ਦਿਆਲਾ ਵੜਾਇਚ, ਸਰਾਂ ਦਾ ਹਸਨਾ ਸੰਧੂ, ਸੈਦੇਵਾਲ ਵਾਲਾ ਦਿਆਲਾ ਕਾਹਲੋਂ, ਘਰਜਾਖ ਪਿੰਡ ਦਾ ਸਯਾਮ ਸ਼ਾਹ ਖੱਤਰੀ, ਮੱਟੂ ਪਿੰਡ ਦਾ ਗੁਰੀਆ, ਅਕਾਲ ਬੱਘਾ, ਰਾਇ ਥਾਨਾਬਾਦ, ਚੱਠੇ ਪਿੰਡ ਦਾ ਪੀਰ ਮੁਹੰਮਦ, ਨੌਸ਼ਹਿਰੇ ਪਿੰਡ ਦਾ ਮੁਲੇਮੀ ਗਿੱਲ, ਇਸਮਾਇਲ ਖਾਂ ਮੰਡਿਆਲਾ ਸਿਆਲਕੋਟ ਦਾ, ਸੋਧਰੇ ਦਾ ਦਿਆਨਤ ਰਾਇ, ਬਟਾਲੇ ਦਾ ਕਜਲਾ ਰੰਧਾਵਾ, ਜੰਡਿਆਲੇ ਦਾ ਹਰਿਭਗਤ ਨਿਰੰਜਨੀਆ, ਫ਼ਤਹ ਖਾਂ ਘੇਬ ਕੋਟ-ਘੇਬ ਪਿੰਡ ਦਾ, ਔਲੀਆ ਘੇਬ ਪਿੰਡੀ-ਘੇਬ ਪਿੰਡ ਦਾ, ਕਾਦਰ ਬਖਸ਼ ਨਿਢਾਲ, ਐਮਨਾਬਾਦ ਦਾ ਉਘਰ ਸੈਨ ਖੱਤਰੀ, ਭੂਰੇ ਪਿੰਡ ਦਾ ਨਿਬਾਹੂ ਸੰਧੂ, ਸਾਹਿਬ ਖਾਂ ਟਿਵਾਣਾ, ਮਾਹਲਪੁਰੀਆ ਗੁਲਾਬ ਰਾਇ ਖੱਤਰੀ, ਕਾਛੇ ਦਾ ਮਿਲਖਾ ਸੰਧੂ ਆਦਿ ਸਰਗਰਮ ਮੁਖ਼ਬਰ ਸਨ। ਇਨ੍ਹਾਂ ਵਿੱਚੋਂ ਲਾਹੌਰ ਦਰਬਾਰ ਵਿਚ ਸਿੱਖਾਂ ਦੀ ਖ਼ਬਰ ਪਹੁੰਚਾਉਣ ਵਾਲਿਆਂ ਵਿਚ ਸਭ ਤੋਂ ਮੋਹਰੀ ਜੰਡਿਆਲੇ ਵਾਲਾ ਹਰਿਭਗਤ ਨਿਰੰਜਨੀਆ ਅਤੇ ਛੀਨੇ ਵਾਲਾ ਕਰਮਾ ਛੀਨਾ ਸਨ, ਇਨ੍ਹਾਂ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਸ. ਰਤਨ ਸਿੰਘ (ਭੰਗੂ) ਉਲੇਖ ਕਰਦੇ ਹਨ:

*ਜੰਡਿਆਲੇ ਵਾਲੇ ਬਹੁਤ ਫੜਾਵੈਂ। ਹੁਤੇ ਗੁਰੂ ਇਕ ਸਿੱਖ ਕਹਾਵੈਂ।*
*ਹਰਭਗਤ ਨਿਰੰਜਨੀਉਂ ਸੋ ਕਹਾਵੈ। ਸੋ ਆਗੇ ਹੁਇ ਸਿੰਘਨ ਫੜਾਵੈ।...*
*ਕਰਮਾ ਛੀਨਾ ਛੀਨੀਂ ਰਹੈ। ਬਿਦੋਸੈ ਸਿੰਘਨ ਮਾਰਤ ਵਹੈ।* *(ਸਫ਼ਾ ੨੩੪)*

ਹਰਿਭਗਤ ਨਿਰੰਜਨੀਆ ਜੰਡਿਆਲੇ ਵਾਲੇ ਭਾਈ ਹੰਦਾਲ ਦੀ ਵੰਸ ਵਿੱਚੋਂ ਸੀ। ਭਾਈ ਹੰਦਾਲ ਸ੍ਰੀ ਗੁਰੂ ਅਮਰਦਾਸ ਜੀ ਦਾ ਅਨਿਨ ਸਿੱਖ ਸੀ, ਜਿਸ ਨੂੰ ਗੁਰੂ ਸਾਹਿਬ ਨੇ ਮੰਜੀ ਬਖਸ਼ ਕੇ ਇਲਾਕੇ ਦਾ ਪ੍ਰਚਾਰਕ ਨਿਯੁਕਤ ਕੀਤਾ ਸੀ। ਇਹ ਹਰ

ਸਮੇਂ 'ਨਿਰੰਜਨ' ਸ਼ਬਦ ਦਾ ਜਾਪ ਕਰਿਆ ਕਰਦਾ ਸੀ, ਇਸ ਕਰਕੇ ਇਸ ਦੀ ਸੰਪ੍ਰਦਾਇ ਦਾ ਨਾਂ 'ਨਿਰੰਜਨੀਏ' ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀ ਚੰਦ ਅਤੇ ਉਸ ਦੀ ਔਲਾਦ ਸਿੱਖਾਂ ਵਿਰੁੱਧ ਕੁਕਰਮ ਕਰਨ ਲੱਗ ਪਈ। ਹਰਿਭਗਤ ਨਿਰੰਜਨੀਏ ਨੇ ਸਿੱਖਾਂ ਨੂੰ ਫੜਾ ਕੇ ਅਤੇ ਉਨ੍ਹਾਂ ਦੀ ਸੂਹ ਦੇ ਕੇ ਸਰਕਾਰ ਤੋਂ ਮੋਟੇ ਇਨਾਮ ਪ੍ਰਾਪਤ ਕਰਨੇ ਸ਼ੁਰੂ ਕਰ ਦਿੱਤੇ ਸਨ।

ਸੰਨ ੧੭੩੯ ਈ. ਵਿਚ ਨਾਦਰਸ਼ਾਹ ਅਫ਼ਗਾਨਿਸਤਾਨ ਤੋਂ ਚੱਲ ਕੇ ਮਾਰ-ਧਾੜ ਅਤੇ ਲੁੱਟ-ਖੋਹ ਕਰਦਾ ਹੋਇਆ ਪੰਜਾਬ ਵਿੱਚੋਂ ਦੀ ਲੰਘ ਸਿੱਧਾ ਹੀ ਦਿੱਲੀ ਪਹੁੰਚ ਗਿਆ। ਕਿਸੇ ਨੇ ਵੀ ਉਸ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ, ਜੇਕਰ ਕੋਈ ਉਸ ਅੱਗੇ ਕੋਈ ਮਾੜਾ-ਮੋਟਾ ਅੜਿਆ ਤਾਂ ਉਹ ਮਾਰਿਆ ਗਿਆ। ਨਾਦਰ ਸ਼ਾਹ ਹਿੰਦੋਸਤਾਨ ਦਾ ਲੁੱਟਿਆ ਧਨ-ਮਾਲ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਬੰਦੀ ਬਣਾਈਆਂ ਇਸਤਰੀਆਂ ਨੂੰ ਲੈ ਕੇ ਜਦੋਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਨਾਲ-ਨਾਲ ਦੀ ਲਾਹੌਰ ਵੱਲ ਨੂੰ ਵਾਪਸ ਜਾ ਰਿਹਾ ਸੀ ਤਾਂ ਸਿੰਘ ਜੰਗਲਾਂ ਵਿੱਚੋਂ ਨਿਕਲ ਕੇ ਉਸ ਉੱਪਰ ਬਾਜ਼ ਵਾਂਗ ਝਪਟ ਪਏ ਅਤੇ ਬਹੁਤ ਸਾਰਾ ਧਨ-ਮਾਲ ਅਤੇ ਬੰਦੀ ਬਣਾਈਆਂ ਇਸਤਰੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋ-ਘਰੀਂ ਪਹੁੰਚਾ ਆਏ। ਨਾਦਰ ਸ਼ਾਹ ਇਹ ਸਭ ਕੁਝ ਹੈਰਾਨ ਹੋ ਕੇ ਦੇਖਦਾ ਹੀ ਰਹਿ ਗਿਆ। ਜਦੋਂ ਉਸ ਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਹ ਕਿਹੜੀ ਮੁਸੀਬਤ ਸੀ ਜੋ ਅਚਾਨਕ ਹੀ ਮੇਰੇ 'ਤੇ ਆ ਪਈ। ਜ਼ਕਰੀਆ ਖਾਨ ਨੇ ਨਾਦਰ ਸ਼ਾਹ ਨੂੰ ਸਿੱਖਾਂ ਬਾਰੇ ਵਿਸਥਾਰ ਨਾਲ ਦੱਸਿਆ। ਜ਼ਕਰੀਆ ਖਾਨ ਦੀਆਂ ਗੱਲਾਂ ਸੁਣ ਕੇ ਨਾਦਰ ਸ਼ਾਹ ਨੇ ਉਸ ਨੂੰ ਸੁਚੇਤ ਕੀਤਾ ਕਿ ਇਨ੍ਹਾਂ ਨੂੰ ਹੁਣੇ ਖ਼ਤਮ ਕਰ ਦੇ, ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਹ ਤੇਰੇ ਤੋਂ ਰਾਜ-ਭਾਗ ਖੋਹ ਲੈਣਗੇ। ਨਾਦਰਸ਼ਾਹ ਮਨ ਹੀ ਮਨ ਵਿਚ ਵਿਸ਼ ਘੋਲਦਾ ਅਫ਼ਗਾਨਿਸਤਾਨ ਨੂੰ ਵਾਪਸ ਚਲਾ ਗਿਆ।

ਨਾਦਰ ਸ਼ਾਹ ਦੇ ਜਾਣ ਤੋਂ ਬਾਅਦ ਜ਼ਕਰੀਆ ਖਾਨ ਨੇ ਸਿੱਖਾਂ 'ਤੇ ਹੋਰ ਸਖ਼ਤੀ ਕਰ ਦਿੱਤੀ। ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਆਲੇ-ਦੁਆਲੇ ਫ਼ੌਜ ਦਾ ਸਖ਼ਤ ਪਹਿਰਾ ਲਾ ਦਿੱਤਾ ਗਿਆ ਸੀ ਤਾਂ ਕਿ ਕੋਈ ਸਿੱਖ ਦਰਸ਼ਨ-ਇਸ਼ਨਾਨ ਨਾ ਕਰ ਸਕੇ। ਇਸ ਬਾਰੇ ਵਿਚ ਸ. ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਵਿਚ ਜ਼ਿਕਰ ਕਰਦੇ ਹਨ:

*ਅੰਮ੍ਰਿਤਸਰ ਨਿੱਤ ਹੋਵੈ ਲੜਾਈ, ਮਾਝੇ ਵਿਚਿ ਫਿਰਨ ਫਉਜਾਂ।*
*ਘਰਿ ਘਰਿ ਦੇਖਣ ਜਾਈ, ਹਲਕਾਰੇ ਛਿਛਰੇ ਢਕ ਦੇਖਦੇ ਫਿਰਨ।*
*ਜੋ ਸਿੱਖ ਹਥਿ ਲਗੇ, ਸੋ ਜਿਬ੍ਹਾ ਕਰਨ।* *(ਸਫਾ ੨੨੨)*

ਇੰਨੇ ਸਖ਼ਤ ਪਹਿਰੇ ਦੇ ਬਾਵਜੂਦ ਵੀ ਸਿੱਖ ਆਪਣੀ ਜਾਨ ਤਲੀ 'ਤੇ ਰੱਖ ਕੇ ਦੁਸ਼ਮਣ ਦੀ ਕਮਜ਼ੋਰ ਬਾਹੀ ਤੋੜ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਜਾਂਦੇ ਸਨ। ਮਾੜੀ ਕੰਬੋ ਵਾਲਾ ਭਾਈ ਸੁੱਖਾ ਸਿੰਘ ਕਈ ਵਾਰ ਵਰ੍ਹਦੀਆਂ ਗੋਲੀਆਂ ਵਿਚ

ਦੁਸ਼ਮਣ ਨੂੰ ਵੰਗਾਰ ਕੇ ਇਸ਼ਨਾਨ ਕਰ ਕੇ ਛੂ-ਮੰਤਰ ਹੋ ਜਾਇਆ ਕਰਦਾ ਸੀ। ਇਹ ਉਹ ਸਮਾਂ ਸੀ ਜਦੋਂ ਜ਼ਾਲਮ ਹਾਕਮਾਂ ਨੂੰ ਭੁਲੇਖਾ ਪੈ ਗਿਆ ਸੀ ਕਿ ਉਨ੍ਹਾਂ ਨੇ ਸਾਰੇ ਸਿੱਖ ਖ਼ਤਮ ਕਰ ਦਿੱਤੇ ਹਨ। ਆਮ ਲੋਕਾਂ ਨੂੰ ਜੇਕਰ ਕਿਸੇ ਥਾਂ 'ਤੇ ਇਕ-ਦੋ ਸਿੱਖ ਦਿਖ ਪੈਂਦੇ ਤਾਂ ਉਹ ਸਮਝਦੇ ਕਿ ਇਹ ਤਾਂ ਬਹੁਰੂਪੀਏ ਹਨ, ਸਿੰਘ ਤਾਂ ਖਾਨ ਨੇ ਖ਼ਤਮ ਕਰ ਦਿੱਤੇ ਹਨ। ਇਸੇ ਤਰ੍ਹਾਂ ਆਪਣੀ ਹੋਂਦ ਨੂੰ ਦਰਸਾਉਣ ਲਈ ਦੋ ਸੂਰਬੀਰ ਸਿੰਘਾਂ ਭਾਈ ਗਰਜਾ ਸਿੰਘ ਅਤੇ ਭਾਈ ਬੋਤਾ ਸਿੰਘ ਨੇ ਜਰਨੈਲੀ ਸੜਕ 'ਤੇ ਨੂਰ ਦੀ ਸਰਾਂ ਕੋਲ ਨਾਕਾ ਲਾ ਕੇ ਮਹਿਸੂਲ ਉਗਰਾਹਿਆ ਅਤੇ ਵਿਅੰਗਮਈ ਢੰਗ ਦੀ ਚਿੱਠੀ ਭੇਜ ਕੇ 'ਭਾਬੀ ਖਾਨੋ' ਨੂੰ ਆਪਣੀ ਤਾਕਤ ਦਾ ਅਹਿਸਾਸ ਕਰਵਾਇਆ।

ਭਾਈ ਤਾਰੂ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੇ ਜਥੇ ਤੋਂ ਅੰਮ੍ਰਿਤ ਛਕ ਕੇ ਪੂਰਨ ਖਾਲਸਾ ਰੂਪ ਧਾਰਨ ਕੀਤਾ ਸੀ। ਭਾਈ ਤਾਰਾ ਸਿੰਘ ਵਾਂ ਅਤੇ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੇ ਆਪ ਦੇ ਜੀਵਨ 'ਤੇ ਬਹੁਤ ਗਹਿਰਾ ਅਸਰ ਪਾਇਆ ਸੀ।

ਭਾਈ ਤਾਰੂ ਸਿੰਘ ਖੇਤੀਬਾੜੀ ਕਰ ਕੇ ਆਪਣੇ ਪਰਵਾਰ ਦਾ ਗੁਜ਼ਾਰਾ ਕਰਦਾ ਸੀ। ਭਾਈ ਤਾਰੂ ਸਿੰਘ ਦੇ ਖੇਤ ਪਿੰਡ ਤੋਂ ਕੋਈ ਡੇਢ ਕਿਲੋਮੀਟਰ ਦੀ ਦੂਰੀ 'ਤੇ ਲਹਿੰਦੇ ਪਹਾੜ ਵਾਲੇ ਪਾਸੇ ਸੀ। ਖੇਤਾਂ ਤੋਂ ਅੱਗੇ ਪਹਾੜ ਵਾਲੇ ਪਾਸੇ ਸੰਘਣੀ ਝਿੜੀ ਸੀ। ਕਿਸੇ ਸਮੇਂ ਇਹ ਜਾਮ੍ਹਣ ਵਾਲੀ ਰੱਖ ਤੇ ਛਾਂਗੇ-ਮਾਂਗੇ ਵਾਲੇ ਜੰਗਲ ਦਾ ਹੀ ਹਿੱਸਾ ਸੀ। ਇਹ ਦੋਵੇਂ ਹੀ ਹੁਣ ਪਾਕਿਸਤਾਨ ਵਿਚ ਚਲੇ ਗਏ ਹਨ। ਉਨ੍ਹਾਂ ਦਿਨਾਂ ਵਿਚ ਮਾਝੇ ਦੇ ਸਿੰਘ ਇਨ੍ਹਾਂ ਜੰਗਲਾਂ ਬੇਲਿਆਂ ਵਿਚ ਹੀ ਵਿਚਰ ਰਹੇ ਸਨ। ਰਾਤ ਨੂੰ ਕੋਈ ਨਾ ਕੋਈ ਸਿੰਘਾਂ ਦਾ ਜਥਾ ਇਸ ਝਿੜੀ ਵਿਚ ਆ ਟਿਕਦਾ ਅਤੇ ਦੋ-ਤਿੰਨ ਦਿਨ ਰਹਿ ਕੇ ਅੱਗੇ ਚਲਾ ਜਾਂਦਾ ਸੀ। ਭਾਈ ਤਾਰੂ ਸਿੰਘ ਜੀ ਰਾਤ ਨੂੰ ਲੰਗਰ ਤਿਆਰ ਕਰ ਕੇ ਬੜੀ ਸ਼ਰਧਾ-ਭਾਵਨਾ ਨਾਲ ਛਕਾਉਂਦਾ ਅਤੇ ਇਨ੍ਹਾਂ ਦੀ ਲੋੜ ਅਨੁਸਾਰ ਕੱਪੜਾ-ਲੀੜੇ ਦਾ ਵੀ ਪ੍ਰਬੰਧ ਕਰ ਦਿੰਦਾ ਸੀ। ਸ. ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ:

*ਤਾਰੂ ਸਿੰਘ ਤਹਿੰ ਖੇਤੀ ਕਰੈ, ਸਾਥ ਪਿੰਡ ਵਹਿ ਹਾਲਾ ਭਰੈ।*
*ਦੇਹ ਹਾਕਮ ਕਛੂ ਥੋੜਾ ਖਾਵੈ, ਬਚੈ ਸਿੰਘਨ ਕੇ ਪਾਸ ਪੁਚਾਵੈ।*
*ਹੈ ਉਸ ਕੇ ਇਕ ਭੈਣ ਅਰ ਮਾਈ, ਪੀਸ ਕੂਟ ਵੈ ਕਰੈਂ ਕਮਾਈ।*
*ਆਪ ਖਾਇ ਵਹਿ ਰੂਖੀ ਮਿੱਸੀ, ਮੋਟਾ ਪਹਿਰ ਆਪ ਰਹਿ ਲਿੱਸੀ।*
*ਜੋਊ ਬਚੇ ਸੋ ਸਿੰਘਨ ਦੇਵੈ, ਉਇ ਬਿਨ ਸਿੰਘਨ ਔਰ ਨ ਸੇਵੈ। (ਸਫਾ ੨੬੯)*

ਪੂਹਲਾ ਪਿੰਡ ਲਾਹੌਰ ਵੱਲ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਹੋਣ ਕਾਰਨ ਆਉਣ ਜਾਣ ਵਾਲੇ ਯਾਤਰੀਆਂ ਨੂੰ ਰਾਤ ਪੈ ਜਾਣ 'ਤੇ ਇਸੇ ਪਿੰਡ ਵਿਚ ਗੁਜ਼ਾਰਨੀ ਪੈਂਦੀ ਸੀ। ਭਾਈ ਤਾਰੂ ਸਿੰਘ ਜੀ ਬਚਪਨ ਤੋਂ ਹੀ ਸਾਧ ਬਿਰਤੀ ਅਤੇ ਸੇਵਾ-ਭਾਵਨਾ ਵਾਲੇ ਸਨ। ਉਨ੍ਹਾਂ ਨੇ ਯਾਤਰੀਆਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਲੰਗਰ ਪਾਣੀ ਦੀ ਸੇਵਾ ਕਰਨੀ ਅਤੇ ਰਾਤ ਕੱਟਣ ਲਈ ਬਿਸਤਰੇ ਮੰਜੇ ਦਾ ਪ੍ਰਬੰਧ ਕਰ ਕੇ ਯਾਤਰੂਆਂ ਦੀ ਸੇਵਾ ਦਾ ਪੁੰਨ

ਖੱਟ ਰਹੇ ਸਨ। ਲਾਹੌਰ ਤੋਂ ਆਉਣ-ਜਾਣ ਵਾਲਿਆਂ ਤੋਂ ਉਸ ਨੂੰ ਲਾਹੌਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਵੀ ਪਤਾ ਲਗਦਾ ਰਹਿੰਦਾ ਸੀ। ਉਨ੍ਹਾਂ ਦਿਨਾਂ ਵਿਚ ਜ਼ਿਆਦਾ ਘਟਨਾਵਾਂ ਸਿੰਘਾਂ ਨਾਲ ਸੰਬੰਧਿਤ ਹੋਇਆ ਕਰਦੀਆਂ ਸਨ। ਭਾਈ ਤਾਰੂ ਸਿੰਘ ਜੀ ਜੰਗਲਾਂ ਵਿਚ ਲੁਕ ਕੇ ਦਿਨ ਕੱਟੀ ਕਰ ਰਹੇ ਸਿੰਘਾਂ ਨੂੰ ਖ਼ਬਰ ਪਹੁੰਚਾ ਦਿੰਦੇ ਸਨ। ਵੇਲੇ ਸਿਰ ਉਨ੍ਹਾਂ ਨੂੰ ਪਤਾ ਲੱਗ ਜਾਣ ਕਾਰਨ ਕਈ ਵਾਰ ਉਨ੍ਹਾਂ ਦਾ ਬਚਾਅ ਹੋ ਜਾਇਆ ਕਰਦਾ ਸੀ। ਸਿੰਘ ਜੋ ਜੰਗਲਾਂ ਵਿਚ ਦਿਨ ਕੱਟੀ ਕਰ ਰਹੇ ਸਨ, ਉਨ੍ਹਾਂ ਪਾਸ ਖ਼ਬਰਾਂ ਪਹੁੰਚਣ ਦੀ ਇਹ ਠਹਿਰ ਤੋਂ ਇਲਾਵਾ ਹੋਰ ਵੀ ਕਈ ਸਾਧਨ ਸਨ।

ਇਕ ਵਾਰ ਪੱਟੀ ਦੇ ਵੱਡੀ ਉਮਰ ਦੇ ਫੌਜਦਾਰ ਜਾਫਰ ਬੇਗ ਨੇ ਰਹੀਮ ਬਖਸ਼ ਮਾਛੀ ਨੂੰ ਧਮਕਾਇਆ ਕਿ ਉਹ ਆਪਣੀ ਨੌਜਵਾਨ ਸੁੰਦਰ ਪੁੱਤਰੀ ਸਲਮਾ ਦਾ ਨਿਕਾਹ ਉਸ ਨਾਲ ਕਰ ਦੇਵੇ। ਜਦੋਂ ਗ਼ਰੀਬ ਬਾਪ ਨੇ ਇਸ ਬਾਰੇ ਆਪਣੀ ਸਿਆਣੀ ਧੀ ਦੀ ਰਜ਼ਾ ਪੁੱਛੀ ਤਾਂ ਉਸ ਨੇ ਸਾਫ ਇਨਕਾਰ ਕਰ ਦਿੱਤਾ। ਫੌਜਦਾਰ ਨੇ ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਅਤੇ ਫੇਰ ਧਮਕੀਆਂ 'ਤੇ ਉਤਰ ਆਇਆ ਪਰ ਜਦ ਉਸ 'ਤੇ ਕੋਈ ਅਸਰ ਨਾ ਹੋਇਆ ਤਾਂ ਆਪਣੇ ਆਦਮੀ ਭੇਜ ਕੇ ਉਸ ਨੂੰ ਚੁਕਵਾ ਲਿਆ। ਜਦੋਂ ਲੜਕੀ ਨੂੰ ਉਸ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਸ ਨੇ ਫਿਰ ਨਿਕਾਹ ਲਈ ਸਾਫ ਇਨਕਾਰ ਕਰ ਦਿੱਤਾ। ਫੌਜਦਾਰ ਨੇ ਉਸ ਨੂੰ ਹਵੇਲੀ ਦੇ ਇਕ ਕਮਰੇ ਵਿਚ ਬੰਦ ਕਰ ਕੇ ਉੱਪਰੋਂ ਸਖ਼ਤ ਪਹਿਰਾ ਲਗਵਾ ਦਿੱਤਾ। ਰਹੀਮ ਬਖਸ਼ ਨੇ ਲਾਹੌਰ ਜਾ ਕੇ ਸ਼ਾਹੀ ਦਰਬਾਰ ਵਿਚ ਖਾਨ ਬਹਾਦਰ ਪਾਸ ਫਰਿਆਦ ਕੀਤੀ ਕਿ ਉਸ ਦੀ ਪੁੱਤਰੀ ਨੂੰ ਫੌਜਦਾਰ ਤੋਂ ਰਿਹਾਅ ਕਰਵਾਇਆ ਜਾਵੇ। ਜਾਫਰ ਬੇਗ, ਖਾਨ ਬਹਾਦਰ ਦਾ ਰਿਸ਼ਤੇਦਾਰ ਸੀ ਅਤੇ ਨਾਲ ਹੀ ਉਸ ਦਾ ਮਿੱਤਰ ਸੀ ਜੋ ਪੱਟੀ ਦੇ ਨੇੜੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਵਿਚ ਨਾਮਣਾ ਖੱਟ ਰਿਹਾ ਸੀ। ਖਾਨ ਬਹਾਦਰ ਨੇ ਰਹੀਮ ਬਖਸ਼ ਦੀ ਫਰਿਆਦ ਵੱਲ ਕੋਈ ਧਿਆਨ ਨਾ ਦਿੱਤਾ। ਕੋਈ ਚਾਰਾ ਨਾ ਚਲਦਾ ਦੇਖ ਕੇ ਰਹੀਮ ਬਖਸ਼ ਵਾਪਸ ਪਿੰਡ ਵੱਲ ਨੂੰ ਚੱਲ ਪਿਆ ਰਸਤੇ ਵਿਚ ਪੂਹਲੇ ਪਿੰਡ ਲਾਗੇ ਉਸ ਨੂੰ ਰਾਤ ਪੈ ਗਈ। ਉਹ ਰਾਤ ਕੱਟਣ ਲਈ ਭਾਈ ਤਾਰੂ ਸਿੰਘ ਦੇ ਘਰ ਰੁਕ ਗਿਆ। ਉਸ ਨੇ ਰਾਤ ਨੂੰ ਸਾਰੀ ਹੱਡ-ਬੀਤੀ ਭਾਈ ਤਾਰੂ ਸਿੰਘ ਜੀ ਨੂੰ ਦੱਸੀ। ਭਾਈ ਤਾਰੂ ਸਿੰਘ ਜੀ ਨੇ ਰਹੀਮ ਬਖਸ਼ ਨੂੰ ਹੌਂਸਲਾ ਦਿੱਤਾ ਅਤੇ ਅਕਾਲ ਪੁਰਖ 'ਤੇ ਭਰੋਸਾ ਰੱਖਣ ਲਈ ਕਿਹਾ। ਉਨ੍ਹਾਂ ਦਿਨਾਂ ਵਿਚ ਝਿੜੀ ਵਿਚ ੧੦ ਕੁ ਸਿੰਘਾਂ ਦਾ ਜਥਾ ਠਹਿਰਿਆ ਹੋਇਆ ਸੀ, ਜਿਨ੍ਹਾਂ ਲਈ ਲੰਗਰ ਪਾਣੀ ਭਾਈ ਸਾਹਿਬ ਜੀ ਦੇ ਘਰੋਂ ਹੀ ਜਾਂਦਾ ਸੀ। ਭਾਈ ਤਾਰੂ ਸਿੰਘ ਨੇ ਰਹੀਮ ਬਖਸ਼ ਦੀ ਦੁੱਖ ਭਰੀ ਕਹਾਣੀ ਉਨ੍ਹਾਂ ਜੁਝਾਰੂ ਸਿੰਘਾਂ ਨੂੰ ਦੱਸੀ। ਸਿੰਘਾਂ ਨੇ ਵਾਰਤਾ ਸੁਣ ਕੇ ਉਸੇ ਸਮੇਂ ਅਰਦਾਸਾ ਸੋਧ ਕੇ ਪੱਟੀ ਸ਼ਹਿਰ ਵੱਲ ਨੂੰ ਚਾਲੇ ਪਾ ਦਿੱਤੇ ਅਤੇ ਸਲਮਾ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਪੂਹਲੇ ਪਿੰਡ ਲੈ ਆਏ। ਰਹੀਮ ਬਖਸ਼ ਦੋ ਦਿਨ ਭਾਈ ਤਾਰੂ ਸਿੰਘ ਜੀ ਪਾਸ ਰਹਿ ਕੇ ਆਪਣੀ ਪੁੱਤਰੀ ਨੂੰ ਲੈ ਕੇ ਆਪਣੇ ਰਿਸ਼ਤੇਦਾਰਾਂ ਕੋਲ ਕਸੂਰ ਵੱਲ ਨੂੰ ਚਲਾ ਗਿਆ।

ਅੰਮ੍ਰਿਤਸਰ ਦੇ ਕੋਤਵਾਲ ਕਾਜ਼ੀ ਅਬਦੁਲ ਰਹਿਮਾਨ ਦੀ ਮੌਤ ਤੋਂ ਬਾਅਦ ਜ਼ਕਰੀਆ ਖਾਨ ਨੇ ਆਪਣੇ ਖਾਸਮ-ਖਾਸ ਪਿੰਡ ਮੰਡਿਆਲੀ ਦੇ ਰਹਿਣ ਵਾਲੇ ਮੱਸਾ ਖਾਨ ਰੰਘੜ ਨੂੰ ਅੰਮ੍ਰਿਤਸਰ ਦਾ ਕੋਤਵਾਲ ਨਿਯੁਕਤ ਕਰ ਦਿੱਤਾ। ਪਿੰਡ ਮੰਡਿਆਲੀ ਸ੍ਰੀ ਅੰਮ੍ਰਿਤਸਰ ਤੋਂ ੮ ਕਿਲੋਮੀਟਰ ਦੱਖਣ ਵੱਲ ਸਥਿਤ ਹੈ। ਇਸ ਲਈ ਵਿਸ਼ੇਸ਼ ਕੰਮ ਇਹ ਸੀ ਕਿ ਕਿਸੇ ਵੀ ਸਿੱਖ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਦਾਖ਼ਲ ਨਾ ਹੋਣ ਦਿੱਤਾ ਜਾਵੇ। ਇਸ ਨੇ ਸ੍ਰੀ ਦਰਬਾਰ ਸਾਹਿਬ ਵਿਚ ਹੀ ਆਪਣੇ ਅਮਲੇ ਫੈਲੇ ਨਾਲ ਪੱਕਾ ਡੇਰਾ ਜਮਾ ਲਿਆ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਦਾ ਖਿਆਲ ਕਰੇ ਬਿਨਾਂ ਇਸ ਨੇ ਆਪਣਾ ਸਿੰਘਾਸਨ ਜਮਾ ਕੇ ਨਾਮ ਬਾਣੀ ਦੇ ਕੀਰਤਨ ਦੀ ਥਾਂ 'ਤੇ ਨਿੱਤ ਵੇਸਵਾ ਦਾ ਨਾਚ ਕਰਵਾਉਣ ਲੱਗਾ ਅਤੇ ਸ਼ਰਾਬ ਤੰਬਾਕੂ ਦੀ ਸ਼ਰ-ਏ-ਆਮ ਵਰਤੋਂ ਕਰਨ ਲੱਗ ਪਿਆ। ਮੱਸੇ ਰੰਘੜ ਦੀਆਂ ਇਨ੍ਹਾਂ ਕਾਰਵਾਈਆਂ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਜਦੋਂ ਇਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਹੋ ਰਹੇ ਅਪਮਾਨ ਦਾ ਪਤਾ ਸ. ਸ਼ਿਆਮ ਸਿੰਘ ਦੇ ਜਥੇ ਨੂੰ ਲੱਗਿਆ ਜੋ ਉਸ ਸਮੇਂ ਰਾਜਸਥਾਨ ਦੇ ਮਾਰੂਥਲ ਵਿਚ ਪਨਾਹ ਲਈ ਬੈਠਾ ਸੀ ਤਾਂ ਉਸ ਨੇ ਸ. ਮਹਿਤਾਬ ਸਿੰਘ ਮੀਰਾਂਕੋਟੀਏ ਅਤੇ ਸ. ਸੁੱਖਾ ਸਿੰਘ ਮਾੜੀ ਕੰਬੋ ਵਾਲੇ ਨੂੰ ਦੁਸ਼ਟਾਂ ਨੂੰ ਸੋਧਣ ਲਈ ਭੇਜਿਆ। ਇਨ੍ਹਾਂ ਦੋਵੇਂ ਸੂਰਬੀਰ ਯੋਧਿਆਂ ਨੇ ਕਿਸਾਨਾਂ ਦਾ ਰੂਪ ਧਾਰ ਕੇ ਮਾਲੀਆ ਤਾਰਨ ਦੇ ਬਹਾਨੇ ਸ੍ਰੀ ਦਰਬਾਰ ਸਾਹਿਬ ਅੰਦਰ ਪ੍ਰਵੇਸ਼ ਕਰ ਕੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਇਸ ਤਰ੍ਹਾਂ ਸੰਨ ੧੭੪੦ ਈ. ਵਿਚ ਮੱਸੇ ਰੰਘੜ ਦਾ ਕਤਲ ਕਰ ਕੇ ਸਿੰਘਾਂ ਨੇ ਉਸ ਨੂੰ ਉਸ ਦੇ ਕੀਤੇ ਦੀ ਸਜ਼ਾ ਦਿੱਤੀ।

ਮੱਸੇ ਰੰਘੜ ਦੇ ਕਤਲ ਪਿੱਛੋਂ ਖਾਨ ਬਹਾਦਰ ਦਾ ਆਪਣੇ ਗੁੱਸੇ 'ਤੇ ਕਾਬੂ ਨਾ ਰਿਹਾ। ਹਕੂਮਤ ਵੱਲੋਂ ਸਿੰਘਾਂ ਉੱਪਰ ਹੱਦ ਦਰਜੇ ਦੀ ਸਖ਼ਤੀ ਸ਼ੁਰੂ ਹੋ ਗਈ। ਮੁਖਬਰਾਂ ਨੂੰ ਲਾਹੌਰ ਸੱਦ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਤਾੜਨਾ ਕੀਤੀ ਗਈ ਜਿਸ ਨਾਲ ਮੁਖਬਰਾਂ ਨੇ ਹਾਕਮਾਂ ਦੀਆਂ ਨਜ਼ਰਾਂ ਵਿਚ ਆਪਣੀ ਸ਼ਾਖ ਬਣਾਉਣ ਲਈ ਸਿੰਘਾਂ ਨੂੰ ਫੜਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਦਿੱਤਾ। ਹਕੂਮਤ ਵੱਲੋਂ ੧੭੨੬ ਈ. ਵਾਲੇ ਹੁਕਮ ਫਿਰ ਤੋਂ ਲਾਗੂ ਕਰ ਦਿੱਤੇ ਗਏ। ਸਿੱਖਾਂ ਨੂੰ ਪਨਾਹ ਦੇਣ ਵਾਲੇ ਲਈ ਮੌਤ ਦੀ ਸਜ਼ਾ ਮੁਕੱਰਰ ਕਰ ਦਿੱਤੀ ਗਈ। ਸੂਬਾ ਲਾਹੌਰ ਦੀਆਂ ਸਖ਼ਤੀਆਂ ਕਾਰਨ ਸਿੱਖ ਘਰ-ਘਾਟ ਛੱਡ ਕੇ ਸ਼ਿਵਾਲਕ ਦੀਆਂ ਪਹਾੜੀਆਂ, ਰਾਜਸਥਾਨ ਦੇ ਮਾਰੂਥਲਾਂ ਅਤੇ ਲੱਖੀ ਜੰਗਲ ਆਦਿ ਦੀਆਂ ਸੁਰੱਖਿਅਤ ਥਾਵਾਂ 'ਤੇ ਚਲੇ ਗਏ। ਇਸ ਸਬੰਧ ਵਿਚ ਡਾ. ਹਰੀ ਰਾਮ ਗੁਪਤਾ ਦਾ ਜ਼ਿਕਰ ਹੈ ਕਿ ਜਿਹੜੇ ਸਿੱਖ ਅਜਿਹਾ ਨਾ ਕਰ ਸਕੇ ਉਹ ਸਰਕਾਰੀ ਅਫਸਰਾਂ ਦੇ ਜ਼ੁਲਮ ਜਾਂ ਇਨਾਮ ਹਾਸਲ ਕਰਨ ਵਾਲੇ ਲਾਲਚੀ ਗੁਆਂਢੀਆਂ ਦਾ ਸ਼ਿਕਾਰ ਹੋ ਗਏ।

ਚੈਂਚਲ ਸੰਧੂ ਚੀਚੇ ਵਾਲੇ, ਹੈਬਤ ਮੱਲ ਨੇਸ਼ਟੇ ਵਾਲੇ ਪੂਹਲੇ ਪਿੰਡ ਨਾਲ ਦੇ ਇਲਾਕੇ ਦੀ ਸੂਹ ਰੱਖ ਰਹੇ ਸਨ। ਇਨ੍ਹਾਂ ਨੂੰ ਸੂਹ ਲੱਗ ਗਈ ਸੀ ਕਿ ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਕਿੱਥੇ ਲੁਕਿਆ ਹੈ ਅਤੇ ਉਹ ਭਾਈ ਤਾਰੂ ਸਿੰਘ ਜੀ ਦਾ ਪੁਰਾਣਾ

ਮਿੱਤਰ ਹੈ। ਜਦੋਂ ਹਰਿਭਗਤ ਨਿਰੰਜਨੀਏ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਭਾਵੇਂ ਪੂਹਲੇ ਪਿੰਡ ਦੀ ਚੌਧਰਾਇਤ ਉਸ ਦੇ ਅਧਿਕਾਰ ਵਿਚ ਨਹੀਂ ਸੀ ਪਰ ਫਿਰ ਵੀ ਉਸ ਨੇ ਜ਼ਕਰੀਆ ਖਾਨ ਪਾਸ ਜਾ ਮੁਖ਼ਬਰੀ ਕੀਤੀ ਕਿ ਪੂਹਲੇ ਪਿੰਡ ਦਾ ਭਾਈ ਤਾਰੂ ਸਿੰਘ ਜੰਗਲਾਂ ਵਿਚ ਲੁਕੇ ਸਿੱਖਾਂ ਦੀ ਮਦਦ ਕਰਦਾ ਹੈ ਅਤੇ ਉਹ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ। ਗਿਆਨੀ ਗਿਆਨ ਸਿੰਘ ਜੀ ਨੇ ਇਸ ਦਾ ਜ਼ਿਕਰ 'ਪੰਥ ਪ੍ਰਕਾਸ਼' ਵਿਚ ਬੜੇ ਵਿਸਥਾਰ ਨਾਲ ਕੀਤਾ ਹੈ:

*ਪੂਲੇ ਵਾਰੋ ਤਾਰੂ ਸਿੰਘ ਭਗਤ ਸਦਾਵੈ ਜੋਊ,*
*ਸਿੰਘਨ ਕੇ ਪਾਸ ਸੋਊ ਖਰਚ ਪੁਚਾਇ ਹੈ।*
*ਆਪ ਦੂਖ ਭੂਖ ਸੈਹੈਂ, ਸਿੰਘਨ ਕੋ ਸੁਖ ਦੈਹੈਂ,*
*ਭੁਜੇ ਚਣੇ ਚਾਬੈ ਆਪ, ਰੋਟੀ ਉਨੈਂ ਦਾਇ ਹੈਂ।*
*ਜਾਨਕੈ ਭਗਤ ਤਾਂਕਾ ਮਾਨਹੈ ਬਚਨ ਲੋਗ,*
*ਭੋਗਸ਼ਾਹੀ ਚੋਰਨ ਕੋ ਹੋਰਨ ਤੇ ਦਯਾਇ ਹੈ।*
*ਔਰ ਮੀਰਾਂਕੋਟੀਆ ਮਤਾਬ ਸਿੰਘ ਤਾਂਕੋ ਯਾਰ,*
*ਰਾਖਤ ਪਯਾਰਵੇ ਸੁਨੈਰੀਏ ਸਦਾਇ ਹੈ।*
*ਸਿੰਘ ਤਾਂਕੇ ਸਾਥ ਬਹੁ ਧਾੜਾ ਚੋਰੀ ਹੈ ਕਰਾਤ,*
*ਆਤ ਧਨ ਜੋਊ ਤਾਰੂ ਸਿੰਘ ਕੋ ਦੈ ਜਾਇ ਹੈ।*

ਜ਼ਕਰੀਆ ਖਾਨ ਨੇ ਹਰਿਭਗਤ ਨਿਰੰਜਨੀਏ ਦੀ ਗੱਲ ਸੁਣ ਕੇ ਮੋਮਨ ਖਾਨ ਦੀ ਕਮਾਂਡ ਹੇਠ ੨੦ ਸਿਪਾਹੀਆਂ ਨੂੰ ਭਾਈ ਤਾਰੂ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਪੂਹਲੇ ਪਿੰਡ ਭੇਜ ਦਿੱਤਾ ਅਤੇ ਹਰਿਭਗਤ ਨਿਰੰਜਨੀਏ ਦੀ ਜ਼ਿੰਮੇਵਾਰੀ ਭਾਈ ਮਹਿਤਾਬ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੀ ਲਾ ਦਿੱਤੀ।

ਮੋਮਨ ਖਾਨ ਨੇ ਪੂਹਲੇ ਪਿੰਡ ਪਹੁੰਚ ਕੇ ਭਾਈ ਤਾਰੂ ਸਿੰਘ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ ਅਤੇ ਭਾਈ ਤਾਰੂ ਸਿੰਘ ਅਤੇ ਉਸ ਦੀ ਭੈਣ ਬੀਬੀ ਤਾਰੋ ਨੂੰ ਗ੍ਰਿਫ਼ਤਾਰ ਕਰ ਹੱਥਕੜੀਆਂ ਤੇ ਬੇੜੀਆਂ ਨਾਲ ਬੰਨ੍ਹ ਕੇ ਲਾਹੌਰ ਵੱਲ ਨੂੰ ਚੱਲ ਪਿਆ। ਭਾਈ ਤਾਰੂ ਸਿੰਘ ਜੀ ਗ੍ਰਿਫਤਾਰ ਕਰ ਕੇ ਲਿਜਾ ਰਹੀ ਫ਼ੌਜ ਨੂੰ ਪਿੰਡ ਭੜਾਣਾ ਵਿਖੇ ਰਾਤ ਪੈ ਗਈ। ਭੜਾਣਾ ਪਿੰਡ ਲਾਹੌਰ ਤੋਂ ੩੨-੩੩ ਕਿਲੋਮੀਟਰ ਦੂਰ ਚੜ੍ਹਦੇ ਦੱਖਣ ਵਾਲੇ ਪਾਸੇ ਵਾਕਿਆ ਹੈ। ਭਾਈ ਆਲੀ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਇਸੇ ਪਿੰਡ ਦੇ ਨਿਵਾਸੀ ਸਨ, ਜਿਨ੍ਹਾਂ ਦੀਆਂ ਫਸਲਾਂ ਨੌਸ਼ਹਿਰੇ ਵਾਲੇ ਚੌਧਰੀ ਦੀਆਂ ਘੋੜੀਆਂ ਨੇ ਉਜਾੜ ਦਿੱਤੀਆਂ ਸਨ, ਜਿਸ ਦਾ ਵਿਰੋਧ ਕਰਨ ਤੋਂ ਗੱਲ ਵਧ ਕੇ ਜੰਗ ਤਕ ਪਹੁੰਚੀ ਸੀ ਅਤੇ ਭਾਈ ਤਾਰਾ ਸਿੰਘ ਵਾਂ ਨਾਲ ਲਾਹੌਰ ਦੀ ਫ਼ੌਜ ਦੀ ਲੜਾਈ ਹੋਈ ਅਤੇ ਇਹ ਦੋਵੇਂ ਸਿੰਘ ਵਾਂ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਸੇ ਪਿੰਡ ਭੜਾਣਾ (ਪਢਾਣਾ) ਵਿਖੇ ਸ਼ਾਹੀ ਸੈਨਾ ਵੱਲੋਂ ਰਾਤ ਠਹਿਰਣ ਦੀ ਯੋਜਨਾ ਬਣਾਈ ਗਈ। ਪਿੰਡ

ਦੇ ਲੋਕ ਇਕੱਠੇ ਹੋਣੇ ਸ਼ੁਰੂ ਹੋ ਗਏ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਜੀ ਅਤੇ ਉਨ੍ਹਾਂ ਦੀ ਭੈਣ ਬੀਬੀ ਤਾਰੋ ਨੂੰ ਲਾਹੌਰ ਦੀ ਫ਼ੌਜ ਗ੍ਰਿਫ਼ਤਾਰ ਕਰ ਕੇ ਲਿਜਾ ਰਹੀ ਹੈ ਤਾਂ ਉਹ ਗੁੱਸੇ ਨਾਲ ਭਰ ਗਏ। ਉਨ੍ਹਾਂ ਨੇ ਬਿਨਾਂ ਕਿਸੇ ਨਤੀਜੇ ਦੀ ਪਰਵਾਹ ਕੀਤਿਆਂ ਸ਼ਾਹੀ ਸੈਨਾ 'ਤੇ ਹਮਲਾ ਕਰ ਕੇ ਭਾਈ ਸਾਹਿਬ ਅਤੇ ਉਨ੍ਹਾਂ ਦੀ ਭੈਣ ਨੂੰ ਛੁਡਾਉਣ ਦੀ ਯੋਜਨਾ ਬਣਾਈ। ਸ. ਰਤਨ ਸਿੰਘ ਭੰਗੂ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ:

*ਹੁਤੀ ਭੜਾਣੇ ਗੁਰਸਿਖੀ ਤਿਨ ਲਖ ਆਯੋ ਰੋਹੁ।*
*ਤਾਰੂ ਸਿੰਘ ਛੁਡਾਈਏ ਹੋਣੀ ਹੋਇ ਸੁ ਹੋਇ।*

ਜਦੋਂ ਭਾਈ ਤਾਰੂ ਸਿੰਘ ਜੀ ਪਾਸ ਪਿੰਡ ਵਾਲੇ ਆਪਣੀ ਇਹ ਯੋਜਨਾ ਦੱਸਣ ਗਏ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਰੋਕ ਦਿੱਤਾ ਅਤੇ ਕਿਹਾ ਇਸ ਤਰ੍ਹਾਂ ਕਰਨ ਨਾਲ ਲੋਕ ਕਹਿਣਗੇ ਕਿ ਇਕ ਗੁਰੂ ਦਾ ਸਿੱਖ ਮੌਤ ਤੋਂ ਡਰਦਾ ਮਾਰਾ ਸਾਰੇ ਪਿੰਡ ਨੂੰ ਮੁਸੀਬਤ ਵਿਚ ਪਾ ਕੇ ਆਪ ਦੌੜ ਗਿਆ ਹੈ।

ਭਾਈ ਤਾਰੂ ਸਿੰਘ ਦੇ ਵਿਚਾਰ ਸੁਣ ਕੇ ਪਿੰਡ ਵਾਲਿਆਂ ਨੇ ਸ਼ਾਹੀ ਸੈਨਾ ਨਾਲ ਲੜਨ ਦਾ ਇਰਾਦਾ ਤਿਆਗ ਦਿੱਤਾ। ਉਨ੍ਹਾਂ ਨੇ ਸ਼ਾਹੀ ਸੈਨਾ ਨੂੰ ਮੋਟੀ ਰਕਮ ਦੇ ਕੇ ਭਾਈ ਤਾਰੂ ਸਿੰਘ ਦੀ ਭੈਣ ਨੂੰ ਛੁਡਵਾ ਲਿਆ। ਇਸ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਜ਼ਿਕਰ ਹੈ ਕਿ:

*ਅਹਿਦੀਅਨ ਕੋ ਕੁਛ ਦੇ ਕੈ ਦਾਮ, ਦਰਸ਼ਨ ਕਰਯੋ ਤਾਰੂ ਸਿੰਘ ਗ੍ਰਾਮ।*
*ਭੈਣ ਸਾਥ ਥੀ ਸੋ ਫੜੀ ਆਈ, ਸੋ ਦੰਮ ਦੇ ਲੋਕਨ ਛਡਵਾਈ।*

ਦੂਸਰੇ ਦਿਨ ਸਿਪਾਹੀ ਭਾਈ ਤਾਰੂ ਸਿੰਘ ਜੀ ਨਾਲ ਲੈ ਕੇ ਲਾਹੌਰ ਵੱਲ ਨੂੰ ਚੱਲ ਪਏ। ਨਖਾਸ ਚੌਂਕ ਲਾਹੌਰ ਵਿਖੇ ਨਾਜ਼ਮ ਲਾਹੌਰ ਜ਼ਕਰੀਆ ਖਾਨ ਦੀ ਕਚਹਿਰੀ ਸੀ ਜਿਸ ਆਲੇ-ਦੁਆਲੇ ਸੁਰੱਖਿਆ ਲਈ ਇਕ ਡੂੰਘੀ ਖਾਈ ਬਣੀ ਹੋਈ ਸੀ। ਡਾ. ਹਰੀ ਰਾਮ ਗੁਪਤਾ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਬਹੁਤ ਸਾਰੇ ਸਿੱਖਾਂ ਨੂੰ ਲੱਭ-ਲੱਭ ਕੇ ਮਾਰਿਆ ਗਿਆ, ਬਹੁਤ ਸਾਰੇ ਗੋਲੀ ਦਾ ਨਿਸ਼ਾਨਾ ਬਣਾਏ ਗਏ, ਬਹੁਤ ਸਾਰੇ ਜ਼ੰਜੀਰਾਂ ਪਾ ਕੇ ਲਾਹੌਰ ਲਿਆਂਦੇ ਗਏ। ਜਿਨ੍ਹਾਂ ਨੂੰ ਇਸੇ ਨਖਾਸ ਚੌਂਕ ਵਿਚ ਸ਼ਹੀਦ ਕੀਤਾ ਜਾਂਦਾ ਸੀ। ਸ. ਰਤਨ ਸਿੰਘ ਭੰਗੂ ਇਸ ਬਾਰੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ ਕਿ:

*ਕਈ ਚਰਖ ਕਈ ਫਾਂਸੀ ਮਾਰੇ। ਕਈ ਤੋਪਨ ਕਈ ਛੁਰੀ ਕਟਾਰੇ।*
*ਕਈਅਨ ਕੈ ਸਿਰ ਮੁੰਗਲੀਂ ਕੁੱਟੇ। ਕਈ ਡੋਬੇ ਕਈ ਘਸੀਟ ਸੁ ਸੁੱਟੇ।*
*ਦੱਬੇ ਟੰਗੇ ਬੰਦੂਖਨ ਦਏ ਮਾਰ। ਕੌਨ ਗਨੈ ਜੇ ਮਾਰੇ ਹਜ਼ਾਰ।*
*ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇਗ਼ਨ ਕੇ ਸਸਿ ਉਡਵਾਏ।*
*ਕਿਸੇ ਹੱਥ ਕਿਸੇ ਟੰਗ ਕਟਵਾਇ। ਅੱਖ ਕੱਢ ਕਿਸੈ ਖਲ ਕਢਵਾਇ।*

*ਕੇਸ਼ਨ ਵਾਲੋ ਜੌ ਨਰ ਹੋਇ। ਬਾਲ ਬਿਰਧ ਲਭ ਛਡੈ ਨ ਕੋਈ।*

*(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੨੮)*

ਮੋਮਨ ਖਾਨ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਇੱਥੇ ਜ਼ਕਰੀਆ ਖਾਨ ਅੱਗੇ ਪੇਸ਼ ਕੀਤਾ। ਲਾਹੌਰ ਵਿਚ ਭਾਈ ਤਾਰੂ ਸਿੰਘ ਨੂੰ ਕਈ ਦਿਨ ਜੇਲ੍ਹ ਵਿਚ ਰੱਖ ਕੇ ਕਈ ਦਿਨਾਂ ਤਕ ਤਸੀਹੇ ਦਿੱਤੇ ਜਾਂਦੇ ਰਹੇ।

ਭਾਈ ਤਾਰੂ ਸਿੰਘ 'ਤੇ ਬਾਗੀਆਂ ਨੂੰ ਸ਼ਰਨ ਦੇਣ ਅਤੇ ਉਨ੍ਹਾਂ ਲਈ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਰ ਕੇ ਦੇਣ ਦੇ ਦੋਸ਼ ਲਾਏ ਗਏ। ਜ਼ਕਰੀਆ ਖਾਨ ਨੇ ਭਾਈ ਤਾਰੂ ਸਿੰਘ ਅੱਗੇ ਦੋ ਸ਼ਰਤਾਂ ਰੱਖੀਆਂ— ਇਸਲਾਮ ਕਬੂਲ ਕਰੋ ਜਾਂ ਮੌਤ। ਭਾਈ ਤਾਰੂ ਸਿੰਘ ਜੀ ਨੇ ਜ਼ਕਰੀਆ ਖਾਨ ਨੂੰ ਪੁੱਛਿਆ ਕਿ ਇਸਲਾਮ ਧਾਰਨ ਕਰਨ ਨਾਲ ਮੌਤ ਨਹੀਂ ਆਏਗੀ, ਜੇਕਰ ਮੇਰੇ ਧਰਮ ਬਦਲਣ ਨਾਲ ਵੀ ਮੈਨੂੰ ਮੌਤ ਨੇ ਕਦੇ ਨਾ ਕਦੇ ਆ ਦਬੋਚਣਾ ਹੀ ਹੈ ਤਾਂ ਮੈਂ ਆਪਣੇ ਧਰਮ ਵਿਚ ਪੱਕਾ ਰਹਿ ਕੇ ਹੀ ਕਿਉਂ ਨਾ ਮਰਾਂ। ਭਾਈ ਤਾਰੂ ਸਿੰਘ ਜੀ ਦਾ ਜਵਾਬ ਸੁਣ ਕੇ ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਭਾਈ ਤਾਰੂ ਸਿੰਘ ਜੀ ਨੂੰ ਚਰਖੜੀਆਂ 'ਤੇ ਚਾੜ੍ਹਣ ਦਾ ਫਤਵਾ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਓਨਾ ਸਮਾਂ ਚਰਖੜੀਆਂ ਨੂੰ ਘੁਮਾਇਆ ਜਾਵੇ ਜਦੋਂ ਤਕ ਇਹ ਸਿੱਖ ਧਰਮ ਤਿਆਗ ਕੇ ਇਸਲਾਮ ਕਬੂਲ ਨਹੀਂ ਕਰ ਲੈਂਦਾ। ਹਾਕਮ ਭਾਈ ਤਾਰੂ ਸਿੰਘ ਜੀ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕੀਤਾ ਜਾ ਸਕੇ ਅਤੇ ਇਸ ਦਾ ਪ੍ਰਚਾਰ ਕਰ ਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਡਾ. ਹਰੀ ਰਾਮ ਗੁਪਤਾ ਲਿਖਦੇ ਹਨ ਕਿ ਜ਼ਕਰੀਆ ਖਾਨ ਨੇ ਆਪਣੀ ਗੱਲ ਮਨਵਾਉਣ ਲਈ ਭਾਈ ਤਾਰੂ ਸਿੰਘ ਜੀ ਨੂੰ ਚਰਖੜੀ 'ਤੇ ਚਾੜ੍ਹਨ ਦਾ ਹੁਕਮ ਦਿੱਤਾ ਤਾਂ ਕਿ ਉਸ ਦੀ ਛਾਤੀ ਅਤੇ ਪਸਲੀ ਦੀਆਂ ਹੱਡੀਆਂ ਨੂੰ ਤੋੜ ਦਿੱਤਾ ਜਾਵੇ।

ਜਿਉਂ-ਜਿਉਂ ਭਾਈ ਤਾਰੂ ਸਿੰਘ ਤੇ ਸਖ਼ਤੀਆਂ ਵਧਾਈਆਂ ਗਈਆਂ ਭਾਈ ਸਾਹਿਬ ਚੜ੍ਹਦੀ ਕਲਾ ਵਿਚ ਹੁੰਦੇ ਗਏ। ਭਾਈ ਰਤਨ ਸਿੰਘ ਭੰਗੂ ਅਨੁਸਾਰ:

*ਜਿਮ ਜਿਮ ਸਿੰਘ ਕੋ ਤੁਰਕ ਸਤਾਵੈ, ਤਿਮ ਤਿਮ ਮੁਖ ਸਿੰਘ ਲਾਲੀ ਆਵੈ।*
*ਜਿਮ ਜਿਮ ਸਿੰਘ ਕਛੁ ਪੀਏ ਨਾ ਖਾਇ, ਤਿਮ ਤਿਮ ਸਿੰਘ ਸੰਤੋਖ ਹ੍ਵੈ ਆਇ।*
*ਜੀਵਨ ਤੇ ਸਿੰਘ ਆਸ ਚੁਕਾਈ, ਨਹਿੰ ਉਸ ਚਿੰਤ ਸੁ ਮਰਨੇ ਕਾਈ।*
*ਸਤ ਸੰਤੋਖ ਧੀਰ ਮਨ ਤਾਂਕੇ, ਗੁਰ ਕਾ ਭਾਣਾ ਸਿਰ ਪਰ ਜਾਂਕੇ।*

*(ਪ੍ਰਾਚੀਨ ਪੰਥ ਪ੍ਰਕਾਸ਼, ਸਫ਼ਾ ੨੮੭)*

ਭਾਈ ਸਾਹਿਬ ਨੇ ਸਿੱਖੀ ਵਿਚ ਅਟੱਲ ਵਿਸ਼ਵਾਸ ਰੱਖਦਿਆਂ ਅਕਾਲ ਪੁਰਖ ਅੱਗੇ ਸਿੱਖੀ ਕੇਸਾਂ-ਸੁਆਸਾਂ ਸੰਗ ਨਿਭ ਜਾਣ ਦੀ ਅਰਦਾਸ ਕੀਤੀ। ਜਦੋਂ ਇਸ ਗੱਲ ਦਾ ਪਤਾ ਜ਼ਕਰੀਆ ਖਾਨ ਨੂੰ ਲੱਗਾ ਤਾਂ ਉਸ ਨੇ ਹੰਕਾਰ ਵਿਚ ਆ ਕੇ ਸਿੱਖੀ ਦੀ

ਨਿਸ਼ਾਨੀ ਗੁਰੂ ਦੀ ਮੋਹਰ ਕੇਸਾਂ ਨੂੰ ਕਤਲ ਕਰਨ ਦਾ ਸੁਝਾਓ ਕਾਜ਼ੀ ਨੂੰ ਦਿੱਤਾ। ਦਰਬਾਰ ਵਿਚ ਕਾਜ਼ੀ ਵੱਲੋਂ ਫਤਵਾ ਜਾਰੀ ਕਰਨ ਮਗਰੋਂ ਭਾਈ ਤਾਰੂ ਸਿੰਘ ਦੇ ਕੇਸ ਕਤਲ ਕਰਨ ਲਈ ਨਾਈਆਂ ਨੂੰ ਸੱਦਿਆ ਗਿਆ। ਭਾਈ ਸਾਹਿਬ ਦੇ ਚਿਹਰੇ ਦਾ ਜਲਾਲ ਦੇਖ ਕਿਸੇ ਦੀ ਵੀ ਭਾਈ ਸਾਹਿਬ ਦੇ ਕੇਸਾਂ ਨੂੰ ਹੱਥ ਲਾਉਣ ਦੀ ਹਿੰਮਤ ਨਾ ਪਈ। ਸ. ਰਤਨ ਸਿੰਘ ਭੰਗੂ ਇਸ ਘਟਨਾ ਦਾ ਵਿਸਥਾਰ ਕਰਦੇ ਹੋਏ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

*ਤਬ ਨਵਾਬ ਨੇ ਨਊਏ ਲਗਾਏ, ਉਨ ਕੇ ਸੰਦ ਖੁੰਢੇ ਹੋ ਆਏ।*
*ਜਿਮ ਜਿਮ ਨਊਏ ਫੇਰ ਲਗਾਵੈਂ, ਤਿਮ ਤਿਮ ਉਨ ਹਥ ਭੈੜੇ ਪਾਵੈਂ।*
*ਜਿਮ ਜਿਮ ਨਊਅਨ ਨਵਾਬ ਡਰਾਵੈ, ਤਿਮ ਤਿਮ ਨਊਅਨ ਹਥ ਕੰਪਾਵੈਂ।*
*ਕਲਾ ਖਾਲਸੇ ਤਬ ਐਸੀ ਕਈ, ਨਊਅਨ ਦ੍ਰਿਸ਼ਟੀ ਮੰਦ ਤਬ ਭਈ।*
*ਨਵਾਬ ਕਹਯੋਂ ਇਨ ਜਾਦੂ ਚਲਾਯਾ, ਕੈ ਨਊਅਨ ਕੁਛ ਲੱਬ ਦਿਵਾਯਾ।*
*ਅਬ ਲਯਾਵੋ ਮੋਚੀ ਦੋ ਚਾਰ, ਖੋਪਰੀ ਸਾਥ ਦਿਹੁ ਬਾਲ ਉਤਾਰ। (ਸਫਾ ੨੯੦)*

ਜ਼ਕਰੀਆ ਖਾਨ ਨੇ ਹੁਕਮ ਕੀਤਾ ਇਸ ਦੇ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨਾ ਸਕਣ ਸੋ ਮੋਚੀਆਂ ਨੂੰ ਬੁਲਾ ਕੇ ਭਾਈ ਤਾਰੂ ਸਿੰਘ ਜੀ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਕੀਤਾ ਗਿਆ:

*ਤਬ ਨਵਾਬ ਬਹੁ ਕ੍ਰੋਧਿਹਿ ਭਰਾ, ਸੋਊ ਹੁਕਮ ਉਨ ਮੋਚਿਅਨ ਕਰਾ।*
*ਇਸ ਕੀ ਖੋਪਰੀ ਸਾਥੇ ਬਾਲ, ਕਾਟ ਉਤਾਰੋ ਰੰਬੀ ਨਾਲ।*

*(ਸ. ਰਤਨ ਸਿੰਘ ਭੰਗੂ, ਪੰਨਾ ੨੯੦)*

ਵਹਿਸ਼ੀਆਨਾ ਢੰਗ ਦੇ ਨਾਲ ਜ਼ਾਲਮਾਂ ਨੇ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ। ਤਮਾਸ਼ਾ ਦੇਖਣ ਵਾਲੇ ਹੈਰਾਨ ਹੋਏ ਦੇਖ ਰਹੇ ਸਨ ਕਿ ਇਕ ਗੁਰੂ ਦਾ ਸਿੱਖ ਬਿਨਾਂ ਸੀਅ ਤਕ ਕੀਤਿਆਂ ਕਿਵੇਂ ਅੰਤਾਂ ਦੇ ਤਸੀਹੇ ਝੱਲ ਰਿਹਾ ਹੈ:

*ਸਿੰਘ ਜੀ ਮੁਖ ਤੇ ਸੀ ਨਾ ਕਰੀ, ਧੰਨ ਧੰਨ ਗੁਰ ਮੁਖ ਕਹਾਣੀ ਸਰੀ।*
*ਹਕਾਰੋ ਦੇਖ ਲੋਕ ਬਹੁ ਭਰੇ, ਜੋ ਸੋਅ ਸੁਨੈਂ ਸੁ ਹੈ ਹੈ ਕਰੇ।*
*ਲੋਕ ਸਿਆਣੇ ਐਸੇ ਕਹੈਂ, ਪਾਤਸ਼ਾਹੀ ਇਨ ਕੀ ਨ ਰਹੈ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੯੧)*

ਨਖਾਸ ਚੌਂਕ ਵਿਚ ਜਿੱਥੇ ਇਹ ਸਾਕਾ ਵਰਤਿਆ ਉਹ ਸਥਾਨ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ। ਇਸ ਸਥਾਨ ਨੂੰ ਲੰਡਾ ਬਜ਼ਾਰ ਵੀ ਕਿਹਾ ਜਾਂਦਾ ਹੈ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਗਿਆਨੀ ਗਿਆਨ ਸਿੰਘ ਜੀ ਨੇ ਖਾਫ਼ੀ ਖਾਨ ਦਾ ਹਵਾਲਾ ਦੇ ਕੇ

ਲਿਖਿਆ ਹੈ ਕਿ ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰ ਦੇਣ ਪਿੱਛੋਂ ਜ਼ਕਰੀਆ ਖਾਨ ਨੇ ਉਨ੍ਹਾਂ ਨੂੰ ਖੱਡ ਵਿਚ ਸੁਟਵਾ ਦਿੱਤਾ ਤਾਂ ਕਿ ਉਨ੍ਹਾਂ ਦਾ ਮਾਸ ਗਿੱਦੜ, ਕੁੱਤੇ ਆਦਿ ਜਾਨਵਰ ਖਾ ਜਾਣ। ਪਰ ਭਾਈ ਤਾਰੂ ਸਿੰਘ ਜੀ ਜ਼ਖ਼ਮੀ ਹਾਲਤ ਵਿਚ ਵੀ ਗੁਰਬਾਣੀ ਪੜ੍ਹਦੇ ਰਹੇ। ਤੀਸਰੇ ਦਿਨ ਜਦੋਂ ਨਵਾਬ ਉੱਥੋਂ ਦੀ ਲੰਘਿਆ ਤਾਂ ਭਾਈ ਸਾਹਿਬ ਦੇ ਮੂੰਹੋਂ ਆ ਰਹੀ ਬਾਣੀ ਦੀ ਅਵਾਜ਼ ਸੁਣ ਕੇ ਬੋਲਿਆ, 'ਉਇ ਸਿੱਖਾ! ਤੂੰ ਅਜੇ ਵੀ ਜਿਉਂਦਾ ਹੈਂ ਮਰਿਆ ਨਹੀਂ?' ਭਾਈ ਤਾਰੂ ਸਿੰਘ ਜੀ ਨੇ ਜਵਾਬ ਦਿੱਤਾ, 'ਜ਼ਕਰੀਆ ਖਾਨ ਮੈਂ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਹੀ ਮਰਾਂਗਾ।'

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹੇ ਜਾਣ ਤੋਂ ਕੁਝ ਦਿਨ ਬਾਅਦ ਹੀ ਜ਼ਕਰੀਆ ਖਾਨ ਪਿਸ਼ਾਬ ਦੇ ਬੰਨ੍ਹ ਦੇ ਰੋਗ ਨਾਲ ਮਰ ਗਿਆ ਅਤੇ ਉਸ ਦਾ ਪੁੱਤਰ ਸ਼ਿਕਾਰ ਖੇਡਣ ਗਿਆ ਘੋੜੇ ਤੋਂ ਡਿੱਗ ਕੇ ਮਰ ਗਿਆ।

ਭਾਈ ਤਾਰੂ ਸਿੰਘ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ ੨੨ ਦਿਨਾਂ ਤਕ ਜ਼ਿੰਦਾ ਰਹੇ ਅਤੇ ਗੁਰੂ ਦੀ ਬਾਣੀ ਦਾ ਨਾਮ ਸਿਮਰਨ ਕਰਦੇ ਰਹੇ। ਗਿਆਨੀ ਗਿਆਨ ਸਿੰਘ ਜੀ ਜ਼ਿਕਰ ਕਰਦੇ ਹਨ ਕਿ ਇਨ੍ਹਾਂ ਦਿਨਾਂ ਵਿਚ ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਆਦਿ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਆਖਿਰ ਭਾਈ ਤਾਰੂ ਸਿੰਘ ਜੀ ੨੫ ਸਾਲ ਦੀ ਉਮਰ ਵਿਚ ੧ ਜੁਲਾਈ ਸੰਨ ੧੭੪੫ ਈ. ਨੂੰ ਸ਼ਹੀਦੀ ਪਾ ਗਏ। ਸ. ਰਤਨ ਸਿੰਘ ਭੰਗੂ ਨੇ ਇਸ ਘਟਨਾ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ:

*ਠਾਰਾਂ ਸੈ ਊਪਰ ਦੁਇ ਸਾਲ, ਸਾਕਾ ਕੀਯੋ ਤਾਰੂ ਸਿੰਘ ਨਾਲ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੨੯੧)*

ਭਾਈ ਸਾਹਿਬ ਦੇ ਸਰੀਰ ਦਾ ਅੰਤਿਮ ਸਸਕਾਰ ਲਾਹੌਰ ਦੇ ਦਿੱਲੀ ਦਰਵਾਜੇ ਤੋਂ ਬਾਹਰ ਕੀਤਾ ਗਿਆ। ਸਸਕਾਰ ਕਰਨ ਤੋਂ ਪਹਿਲਾਂ ਉਨ੍ਹਾਂ ਦਾ ਅੰਤਿਮ ਇਸ਼ਨਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਪਵਿੱਤਰ ਜਲ ਮੰਗਵਾ ਕੇ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਭਾਈ ਸੁਬੇਗ ਸਿੰਘ ਜੰਬਰ ਨੇ ਦਿੱਤੀ। ਜਪੁ ਜੀ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਪੜ੍ਹ ਕੇ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਸੰਬੰਧ ਵਿਚ ਸ. ਰਤਨ ਸਿੰਘ ਭੰਗੂ ਲਿਖਦੇ ਹਨ ਕਿ:

*ਹੁਤੋ ਅੰਮ੍ਰਿਤਸਰ ਜਲ ਜੁ ਮੰਗਾਯੋ, ਆਪ ਸਿੰਘ ਅਸ਼ਨਾਨ ਕਰਾਯੋ।*
*ਕੜਾਹ ਪ੍ਰਸ਼ਾਦਿ ਕਰਯੋ ਤਬ ਹੀ, ਸ਼ਬਦ ਪੜ੍ਹਾਯੋ ਜਪੁਜੀ ਸਭ ਹੀ।*
*ਅਨੰਦ ਪੜ੍ਹਾਇ ਕਰ ਅਰਦਾਸ, ਸਿੰਘ ਸਬਹੂੰ ਠਾਂਡੇ ਤਿਸ ਪਾਸ।*

*(ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੩੦੧)*

ਪਿਛਲੇ ਦਿਨੀਂ ਪ੍ਰਸਿੱਧ ਸਿੱਖ ਵਿਦਵਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ-ਕੁਲਪਤੀ ਸ. ਜਸਪਾਲ ਸਿੰਘ ਜੀ ਨਾਲ ਮੇਰਾ ਮੇਲ ਹੋਇਆ ਤਾਂ ਉਨ੍ਹਾਂ ਨੇ

ਦੱਸਿਆ ਕਿ ਪ੍ਰਸਿੱਧ ਬੰਗਾਲੀ ਵਿਦਵਾਨ ਰਬਿੰਦਰ ਨਾਥ ਟੈਗੋਰ ਨੇ ਭਾਈ ਤਾਰੂ ਸਿੰਘ ਜੀ ਬਾਰੇ ਬਹੁਤ ਹੀ ਸ਼ਰਧਾ-ਪੂਰਵਕ ਢੰਗ ਨਾਲ ਕਵਿਤਾ ਰੂਪੀ ਸ਼ਰਧਾਂਜਲੀ ਭੇਂਟ ਕੀਤੀ ਹੈ। ਕਵਿਤਾ ਦਾ ਸਿਰਲੇਖ 'ਪ੍ਰਾਰਥਨਾ ਓਤੀ ਦਾਨ' ਹੈ ਜਿਸ ਦੇ ਅਰਥ 'ਮੰਗਣ ਵਾਲੇ ਦੀ ਇੱਛਾ ਤੋਂ ਵੱਧ ਦਿੱਤਾ ਗਿਆ ਦਾਨ' ਕੀਤੇ ਜਾਂਦੇ ਹਨ। ਕਵਿਤਾ ਵਿਚ ਰਵਿੰਦਰ ਨਾਥ ਟੈਗੋਰ ਬਿਆਨ ਕਰਦੇ ਹਨ:

*"ਸ਼ਹੀਦ ਗੰਜ ਦੀ ਧਰਤੀ ਲਹੂ-ਲੁਹਾਨ ਹੋ ਗਈ ਸੀ। ਪਠਾਣਾਂ ਨੇ ਬਹੁਤ ਸਾਰੇ ਸਿੱਖਾਂ ਨੂੰ ਕੈਦ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਸੀ। ਹੁਣ ਨਵਾਬ ਤਾਰੂ ਸਿੰਘ ਵੱਲ ਮੁੜਿਆ ਅਤੇ ਕਹਿਣ ਲੱਗਾ, 'ਮੈਨੂੰ ਤੇਰੇ 'ਤੇ ਰਹਿਮ ਆ ਰਿਹਾ ਹੈ, ਮੈਂ ਤੇਰੀ ਜਾਨ ਬਖਸ਼ ਦੇਣਾ ਚਾਹੁੰਦਾ ਹਾਂ।'*

*'ਪਰ ਮੇਰਾ ਏਨਾ ਅਪਮਾਨ ਕਿਉਂ?' ਤਾਰੂ ਸਿੰਘ ਨੇ ਕਿਹਾ।*

*ਨਵਾਬ ਕਹਿਣ ਲੱਗਾ, 'ਤੂੰ ਬਹੁਤ ਬਹਾਦਰ ਏਂ, ਮੈਂ ਆਪਣਾ ਗੁੱਸਾ ਤੇਰੇ 'ਤੇ ਨਹੀਂ ਕੱਢਣਾ ਚਾਹੁੰਦਾ, ਬਸ ਮੈਂ ਏਨਾ ਚਾਹੁੰਦਾ ਹਾਂ ਕਿ ਤੂੰ ਆਪਣੇ ਕੇਸ ਮੈਨੂੰ ਦੇ ਦੇ।'*

*ਤਾਰੂ ਸਿੰਘ ਨੇ ਜਵਾਬ ਦਿੱਤਾ, 'ਮੈਂ ਤੇਰੀ ਨਰਮਦਿਲੀ ਯਾਦ ਰੱਖਾਂਗਾ, ਮੈਂ ਤੈਨੂੰ ਉਸ ਤੋਂ ਵੱਧ ਦੇਣਾ ਚਾਹੁੰਦਾ ਹਾਂ ਜੋ ਤੂੰ ਮੇਰੇ ਕੋਲੋਂ ਮੰਗਿਆ ਹੈ। (ਮੇਰੇ ਕੇਸਾਂ ਨੂੰ ਹੱਥ ਨਾ ਲਾਈਂ) ਮੇਰਾ ਸਾਬਤ-ਸੂਰਤ ਸਿਰ ਲੈ ਲੈ।'* ■

---

ਕਵਿਤਾ

# ਭਾਈ ਤਾਰੂ ਸਿੰਘ

*-ਸ੍ਰੀ ਰਵਿੰਦਰ ਨਾਥ ਟੈਗੋਰ*

ਮੈਨੂੰ ਤੇਰੀ ਭਰੀ ਜਵਾਨੀ ਤੇ ਰਹਿਮ ਆਉਂਦਾ ਹੈ
ਜਾਹ ਮੈਂ ਬਖ਼ਸ਼ਦਾ ਹਾਂ ਤੇਰੀ ਜਾਨ
ਬੱਸ ਇਸ ਦੇ ਇਵਜ਼ ਵਿਚ ਮੈਨੂੰ ਤੂੰ ਇਕ ਤੋਹਫ਼ਾ ਦੇ ਜਾ
ਜਾਣ ਲੱਗਿਆਂ
ਤੋਹਫ਼ਾ ਦੇ ਜਾ ਆਪਣੇ ਖ਼ੂਬਸੂਰਤ ਲੰਮੇ ਵਾਲ
ਮਨਜ਼ੂਰ ਹੈ ਬਾਦਸ਼ਾਹ, ਭਾਈ ਤਾਰੂ ਸਿੰਘ ਨੇ ਕਿਹਾ,
ਤੂੰ ਵੀ ਕੀ ਕਰੇਂਗਾ ਯਾਦ
ਕਿਸੇ ਸਿੱਖ ਕੋਲੋਂ ਕੁਝ ਮੰਗਿਆ ਸੀ
ਦੇ ਜਾਵਾਂਗਾ ਤੈਨੂੰ ਆਪਣੇ ਸੁਹਣੇ ਲੰਮੇ ਵਾਲ
ਪਰ ਇਕੱਲੇ ਵਾਲ ਨਹੀਂ
ਆਪਣਾ ਸਿਰ ਵੀ ਦੇ ਕੇ ਜਾਵਾਂਗਾ ਨਾਲ।

ਪੰਜਾਬੀ ਅਨੁਵਾਦ : ਜੰਗ ਬਹਾਦਰ ਗੋਇਲ

# ਵਾਰ ਮਾਝ ਵਿਚ ਨੈਤਿਕ ਤੇ ਰਾਜਨੀਤਿਕ ਚੇਤਨਾ

*-ਡਾ. ਰਾਜਿੰਦਰ ਸਿੰਘ ਕੁਰਾਲੀ**

ਗੁਰੂ ਨਾਨਕ ਸਾਹਿਬ ਦਾ ਸਮਕਾਲ ਬੇਰਹਿਮੀ, ਲੁੱਟਮਾਰ, ਸ਼ੋਸ਼ਣ, ਵਿਤਕਰੇ, ਭਰਮ, ਪਾਖੰਡ, ਇਸਤਰੀ ਦੇ ਅਪਮਾਨ, ਨਫ਼ਰਤ, ਅਗਿਆਨਤਾ, ਭਰਮ ਤੇ ਵਿਲਾਸਤਾ ਨਾਲ ਭਰਿਆ ਹੋਇਆ ਸੀ। ਭ੍ਰਿਸ਼ਟਾਚਾਰ ਦੀ ਕਮਾਈ ਨਾਲ ਕਿਤੇ ਮਲਿਕ ਭਾਗੋ ਜਿਹੇ ਵਿਅਕਤੀ ਉਭਰ ਰਹੇ ਸਨ ਤੇ ਕਿਧਰੇ ਸੱਜਣ ਵਰਗੇ ਠੱਗਾਂ ਦੀ ਦਹਿਸ਼ਤ ਸੀ। ਭਾਈ ਲਾਲੋ ਦੀ ਸੁੱਚੀ ਕਿਰਤ ਕਰਨ ਵਾਲੇ ਸਾਜ਼ਾਂ ਵਰਗੇ ਸੰਦ ਪ੍ਰੇਮ ਦੀ ਰਬਾਬ ਸੁਣਨ ਲਈ ਬੇਤਾਬ ਸਨ। ਸਮੇਂ ਦੇ ਹਾਕਮ ਜਨਤਾ ਦਾ ਖ਼ੂਨ ਪੀਣ ਤੇ ਭੋਗ-ਵਿਲਾਸ ਵਿਚ ਗ਼ਲਤਾਨ ਸਨ। ਬਾਬਰ ਦੀ ਕਤਲ-ਓ-ਗਾਰਤ ਕਹਿਰ ਢਾਹ ਰਹੀ ਸੀ। ਹਿੰਦੂ ਤੇ ਮੁਸਲਮਾਨ ਧਰਮ ਦੀ ਪਾਲਣਾ ਕਰਨ ਦੀ ਥਾਂ ਇਕ-ਦੂਜੇ ਨੂੰ ਨਫ਼ਰਤ ਦੀ ਲਾਲ ਅੱਖ ਨਾਲ ਦੇਖ ਰਹੇ ਸਨ।

ਅਜਿਹੇ ਬਿਖੜੇ ਸਮੇਂ ਵਿਚ ਗੁਰੂ ਨਾਨਕ ਸਾਹਿਬ ਦੀ 'ਨਿਰਭਉ ਨਿਰਵੈਰੁ' ਰਬਾਬ ਨੇ ਅਕਾਲ ਫਤਿਹ ਦਾ ਰਾਗ ਅਲਾਪਿਆ। ਜ਼ੁਲਮ ਦੇ ਝੰਬੇ ਹੋਏ ਲੋਕਾਂ ਨੂੰ ਜ਼ਿੰਦਗੀ ਦੇ ਸਹੀ ਅਰਥ ਸਮਝਾਏ। ਜ਼ਾਲਮ ਹਾਕਮਾਂ ਨੂੰ 'ਰਤੁ ਪੀਣੇ ਰਾਜੇ' ਆਖ ਕੇ ਆਇਨਾ ਦਿਖਾਉਣ ਦੀ ਦਲੇਰੀ ਕੀਤੀ। ਹਿੰਦੂ ਤੇ ਮੁਸਲਮਾਨਾਂ ਨੂੰ ਆਪਸੀ ਪਿਆਰ ਤੇ ਮਿਲਵਰਤਨ ਦਾ ਪਾਠ ਪੜ੍ਹਾਇਆ। ਹੰਕਾਰ ਤੇ ਧੱਕੇਸ਼ਾਹੀ ਦੇ ਨੰਗੇ ਨਾਚ ਨੂੰ ਵੰਗਾਰ ਪਾਈ। ਮਾਨਵਤਾ ਨੂੰ ਨਾਮ ਜਪੋ, ਸੁੱਚੀ ਕਿਰਤ ਕਰੋ ਤੇ ਵੰਡ ਕੇ ਛਕੋ ਦਾ ਸੱਭਿਆਚਾਰ ਦਿੱਤਾ। ਜਾਤ ਦੀ ਥਾਂ ਨਿਰਮਲ ਆਚਾਰ ਨੂੰ ਸਤਿਕਾਰ ਬਖ਼ਸ਼ਿਆ। ਭਾਈ ਮਰਦਾਨਾ ਜੀ ਨੂੰ ਉੱਚੇ ਮੁਕਾਮ ਤਕ ਪਹੁੰਚਾ ਦਿੱਤਾ। ਦੁਖੀਆਂ ਕੋਲ ਆਪ ਜਾਣ ਲਈ *ਉਦਾਸੀ ਕੀ ਰੀਤਿ ਚਲਾਈ* ਅਤੇ ਜਨਤਾ ਦੀ ਸੇਵਾ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਧਰਮ ਦੀ ਇਬਾਦਤ ਵਿਚ ਪਲਟ ਦਿੱਤਾ। ਇਸਤਰੀ ਦੀ ਰਿਸ਼ਤਿਆਂ ਵਿਚ ਅਹਿਮੀਅਤ ਦੀ ਖ਼ੂਬਸੂਰਤੀ ਦਰਸਾ ਕੇ ਉਸ ਨੂੰ ਸਨਮਾਨ ਦੇ ਤਖਤ 'ਤੇ ਬਿਠਾ ਦਿੱਤਾ। ਆਤਮ-ਸਨਮਾਨ, ਸਹਿਯੋਗ, ਸਦਭਾਵਨਾ ਤੇ ਸੁੱਚੀ ਕਿਰਤ ਨਾਲ ਭਰੇ ਸਮਾਜ ਦੀ ਸਥਾਪਨਾ ਕਰ ਕੇ 'ਨਾਨਕ ਨਿਰਮਲ ਪੰਥ' ਦਾ ਅਗ਼ਾਜ਼ ਕੀਤਾ।

'ਆਸਾ ਕੀ ਵਾਰ' ਵਿਚ ਖਾਸ ਕਰਕੇ ਹਿੰਦੂ ਸਮਾਜ ਵਿਚ ਆਈਆਂ ਕੁਰੀਤੀਆਂ ਦਾ ਵਿਰੋਧ ਕਰਦਿਆਂ ਇਨਸਾਨੀਅਤ ਦੇ ਉੱਚੇ ਮਿਆਰ ਸਿਰਜੇ ਗਏ ਹਨ। ਵਾਰ ਮਾਝ ਵਿਚ ਮੁਸਲਿਮ ਹਾਕਮ ਜਮਾਤ ਦੇ ਨਿਘਾਰ ਤੇ ਸ਼ੋਸ਼ਣ ਦੀ ਬਿਰਤੀ 'ਤੇ ਨਿਰਭੈਤਾ

*ਟੀਚਰ ਕਾਲੋਨੀ, ਵਾਰਡ ਨੰਬਰ ੧੧, ਕੁਰਾਲੀ ਜ਼ਿਲ੍ਹਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮੋਹਾਲੀ— ੧੪੦੧੦੩; ਮੋ. ੭੦੦੯੩੫੬੬੦੭*

ਨਾਲ ਪ੍ਰਹਾਰ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਨਿਰਕੁੰਸ਼ ਬਾਦਸ਼ਾਹ ਦੀ ਦਹਿਸ਼ਤ ਤੋਂ ਲੋਕਾਂ ਨੂੰ ਕੱਢਣ ਲਈ ਅਕਾਲ ਪੁਰਖ ਦੀ ਬੇਅੰਤਤਾ ਦਾ ਅਹਿਸਾਸ ਕਰਵਾਇਆ। 'ਅਕਾਲ ਪੁਰਖ ਸ਼ੇਰਾਂ, ਬਾਜ਼ਾਂ ਵਰਗੇ ਖੂੰਖਾਰ ਜੀਵਾਂ ਨੂੰ ਘਾਹ ਖਵਾ ਸਕਦਾ ਹੈ। ਸ਼ਾਕਾਹਾਰੀ ਪ੍ਰਾਣੀਆਂ ਨੂੰ ਮਾਸਖੋਰੇ ਬਣਾ ਸਕਦਾ ਹੈ। ਨਦੀਆਂ ਵਿਚ ਟਿੱਬੇ ਤੇ ਮਾਰੂਥਲ ਨੂੰ ਵਿਸ਼ਾਲ ਸਾਗਰਾਂ ਵਿਚ ਤਬਦੀਲ ਕਰ ਸਕਦਾ ਹੈ। ਕੀੜਾ ਅਰਥਾਤ ਸਧਾਰਨ ਮਨੁੱਖ 'ਤੇ ਕਿਰਪਾ ਕਰਦਿਆਂ ਉਸ ਤੋਂ ਬਾਦਸ਼ਾਹ ਤੇ ਉਸ ਦੇ ਤਕੜੇ ਲਸ਼ਕਰ ਨੂੰ ਤਬਾਹ ਕਰਵਾ ਸਕਦਾ ਹੈ— *ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥* ਇਸ ਤਰ੍ਹਾਂ ਗੁਰੂ ਸਾਹਿਬ ਨੇ ਕੀੜੇ ਸਮਾਨ ਸਮਝੇ ਜਾਂਦੇ ਸਧਾਰਨ ਲੋਕਾਂ ਨੂੰ ਅਕਾਲ ਪੁਰਖ ਦੀਆਂ ਅਪਾਰ ਸ਼ਕਤੀਆਂ ਦੀ ਯਾਦ ਦਿਵਾ ਕੇ ਜ਼ਬਰ ਦੇ ਵਿਰੋਧ ਤੇ ਨੈਤਿਕ ਉੱਚਤਾ ਦੇ ਮੰਡਲਾਂ ਵਿਚ ਸੂਰਮਿਆਂ ਵਾਂਗ ਖੜ੍ਹੇ ਕਰ ਦਿੱਤਾ। ਉਹ ਸਮਾਜ ਦੀ ਤਸਵੀਰ ਬਦਲਣ ਲਈ ਆਤਮਿਕ ਬਲ ਨਾਲ ਵਕਤ ਦੇ ਸੰਗਰਾਮ ਵਿਚ ਪਰ ਤੋਲਣ ਲੱਗੇ।

ਗੁਰੂ ਸਾਹਿਬ ਕਿਸੇ ਵਿਅਕਤੀ ਜਾਂ ਧਰਮ ਦੇ ਵਿਰੋਧੀ ਨਹੀਂ। ਉਹ ਸਮਾਜ ਦੇ ਨਿਰਮਲ ਪਾਣੀਆਂ ਵਿਚ ਵਿਕਾਰਾਂ ਦੀ ਜ਼ਹਿਰ ਘੋਲਣ ਵਾਲੀ ਸੋਚ ਨੂੰ ਸੁਧਾਰਨ ਲਈ ਪ੍ਰਤੀਬੱਧ ਹਨ। ਗੁਰੂ ਸਾਹਿਬ ਲਈ ਇਨਸਾਨ ਨਾਲੋਂ ਇਨਸਾਨੀਅਤ ਕੀਮਤੀ ਹੈ। 'ਮੈਂ' ਦੀ ਥਾਂ 'ਸਰਬੱਤ' ਮਹੱਤਵਪੂਰਨ ਹੈ। ਵਾਰ ਮਾਝ ਵਿਚ ਗੁਰੂ ਦੀ ਜ਼ਰੂਰਤ ਨੂੰ ਵਿਸ਼ੇਸ਼ ਤੌਰ 'ਤੇ ਰੂਪਮਾਨ ਕੀਤਾ ਗਿਆ ਹੈ। 'ਗੁਰੂ ਸੰਤੋਖ ਦਾ ਰੁੱਖ ਹੈ ਜਿਸ ਨੂੰ ਧਰਮ ਦਾ ਫੁੱਲ ਤੇ ਗਿਆਨ ਦਾ ਫ਼ਲ ਲੱਗਦਾ ਹੈ। ਇਹ ਪ੍ਰਭੂ ਪ੍ਰੇਮ ਨਾਲ ਸਿੰਜਿਆ ਹੋਇਆ ਸਦਾ ਹਰਾ-ਭਰਾ ਰਹਿੰਦਾ ਹੈ। 'ਗੁਰੂ ਦਾਤਾਂ ਦੇਣ ਵਾਲਾ ਸ਼ਾਂਤੀ ਤੇ ਗਿਆਨ ਦਾ ਪਰਮ ਸ੍ਰੋਤ ਹੈ। ਸੁਖਾਂ ਦੀ ਪ੍ਰਾਪਤੀ ਦਾ ਆਧਾਰ 'ਨਾਮ' ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ। ਗੁਰੂ ਮਨੁੱਖ ਅੰਦਰ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਤੇ ਦ੍ਰਿਸ਼ਟੀਕੋਣ ਨੂੰ ਵਿਸ਼ਾਲ ਕਰਦਾ ਹੈ:

*ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥*
*ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭)*

ਬੱਚੇ ਲਈ ਸਭ ਤੋਂ ਪਹਿਲਾਂ ਮਾਂ ਦੇ ਦੁੱਧ ਦੀ ਲੋੜ ਹੁੰਦੀ ਹੈ। ਫਿਰ ਮਾਤਾ ਪਿਤਾ, ਭਰਾ ਤੇ ਭਰਜਾਈ ਜਿਹੇ ਰਿਸ਼ਤਿਆਂ ਦੀ ਪਛਾਣ ਹੁੰਦੀ ਹੈ। ਬਚਪਨ ਦੀਆਂ ਖੇਡਾਂ ਤੇ ਖਾਣ-ਪੀਣ ਦੇ ਚਾਅ ਉਪਜਦੇ ਹਨ। ਜੁਆਨੀ ਵਿਚ ਧਨ ਤੇ ਇਸਤਰੀ ਦੇ ਰੂਪ ਪ੍ਰਤੀ ਜ਼ੋਰਦਾਰ ਆਕਰਸ਼ਣ ਜਾਗਦਾ ਹੈ। ਮਨੋਕਾਮਨਾਵਾਂ ਪੂਰੀਆਂ ਨਾ ਹੋਣ 'ਤੇ ਸਰੀਰ ਦਾ ਨਾਸ਼ ਕਰਨ ਵਾਲਾ ਕ੍ਰੋਧ ਠਾਠਾਂ ਮਾਰਨ ਲਗਦਾ ਹੈ। ਸਮਾਂ ਪਾ ਕੇ ਬੁਢਾਪਾ ਤੇ ਮੌਤ ਦਸਤਕ ਦਿੰਦੀ ਹੈ। ਗੁਰੂ ਦੀ ਸਿੱਖਿਆ ਦੀ ਅਣਹੋਂਦ ਵਿਚ ਮਨੁੱਖ ਸਮਾਜ ਲਈ

ਉਸਾਰੂ ਯੋਗਦਾਨ ਪਾਉਣ ਦੀ ਥਾਂ ਮਹਿਜ਼ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਭੱਜ-ਨੱਠ ਕਰਦਿਆਂ— *ਬਾਝੁ ਗੁਰੂ ਡੁਬਾ ਸੰਸਾਰੁ॥* ਦੀ ਦਸ਼ਾ ਨੂੰ ਪ੍ਰਾਪਤ ਹੁੰਦਾ ਹੈ।

ਮਨੁੱਖ ਧਰਮ ਦਾ ਸਹਾਰਾ ਲੈ ਕੇ ਪਾਪਾਂ ਤੋਂ ਮੁਕਤੀ ਦੀ ਆਸ ਕਰਦਾ ਹੈ। ਇਸ ਲਈ ਉਹ ਗੁਰੂਆਂ ਤੇ ਪੀਰਾਂ ਦਾ ਆਸਰਾ ਤੱਕਦਾ ਹੈ, ਪਰ ਆਪਣੇ ਵਿਵਹਾਰ ਨੂੰ ਨਹੀਂ ਸੁਧਾਰਦਾ। ਭਟਕਣ ਤੇ ਪਾਪਾਂ ਤੋਂ ਮੁਕਤੀ ਲਈ ਕਿਰਦਾਰ ਦੀ ਨਿਰਮਲਤਾ ਜ਼ਰੂਰੀ ਹੈ। ਅਨੈਤਿਕ ਕਾਰਜ ਹਰ ਹਾਲ ਵਿਚ ਤਿਆਗਣੇ ਪੈਂਦੇ ਹਨ। ਚੰਗੀਆਂ ਗੱਲਾਂ ਨਾਲ ਨਹੀਂ ਬਲਕਿ ਵਿਕਾਰਾਂ ਤੋਂ ਉੱਪਰ ਉੱਠ ਕੇ ਚੰਗੇ ਕਰਮ ਕਰਨ ਨਾਲ ਮੁਕਤੀ ਮਿਲਦੀ ਹੈ। ਹਿੰਦੂ ਲਈ ਪਰਾਇਆ ਹੱਕ ਖਾਣਾ ਗਊ ਖਾਣ ਤੇ ਮੁਸਲਮਾਨ ਲਈ ਸੂਰ ਖਾਣ ਦੇ ਸਮਾਨ ਅਤਿ ਗਿਲਾਨੀ ਭਰਿਆ ਪਾਪ ਹੈ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
*ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥*
*ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧)*

ਮਨੁੱਖ ਬਾਹਰੀ ਸੁੱਚਤਾ ਨੂੰ ਧਰਮ ਸਮਝਣ ਦਾ ਭਰਮ ਪਾਲਦਾ ਹੈ। ਧਰਮ ਦਾ ਸੱਚ ਨੈਤਿਕਤਾ ਦੇ ਜਿਸਮ ਵਿਚ ਵਿਆਪਕ ਹੈ। ਸਦਾਚਾਰ ਧਰਮ ਦਾ ਅਨਿੱਖੜਵਾਂ ਅੰਗ ਹੈ। ਸ਼ਰਧਾ ਤੇ ਸਦਾਚਾਰ ਦਾ ਮੇਲ ਪਰਉਪਕਾਰ ਦੇ ਹੁਸਨ ਵਿਚ ਬਦਲ ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ— "ਮੁਸਲਮਾਨ ਪਾਵਨ ਜਾਮਾ ਪਹਿਨ ਕੇ ਨਮਾਜ਼ ਅਦਾ ਕਰਦਾ ਹੈ। ਜੇ ਇਸ ਜਾਮੇ ਨੂੰ ਰੱਤ ਲੱਗ ਜਾਵੇ ਤਾਂ ਇਹ ਪਲੀਤ ਤੇ ਨਮਾਜ਼ ਅਦਾ ਕਰਨ ਲਈ ਅਯੋਗ ਸਮਝਿਆ ਜਾਂਦਾ ਹੈ। ਜੋ ਵਿਅਕਤੀ ਦੂਜਿਆਂ ਦਾ ਸ਼ੋਸ਼ਣ ਕਰ ਕੇ ਰੱਤ ਪੀ ਰਹੇ ਹਨ ਉਨ੍ਹਾਂ ਦੇ ਹਿਰਦੇ ਨਮਾਜ਼ ਅਦਾ ਕਰਨ ਲਈ ਕਿਸ ਤਰ੍ਹਾਂ ਨਿਰਮਲ ਹੋ ਸਕਦੇ ਹਨ ?" ਅਨੈਤਿਕਤਾ ਤੇ ਸ਼ੋਸ਼ਣ ਵਿਚ ਗ਼ਲਤਾਨ ਮਨੁੱਖ ਦੇ ਧਾਰਮਿਕ ਕਾਰਜ ਅਰਥਹੀਣ ਤੇ ਪਾਖੰਡ ਬਣ ਕੇ ਰਹਿ ਜਾਂਦੇ ਹਨ। ਮਨੁੱਖੀ ਸੋਚ ਤੇ ਵਿਵਹਾਰ ਦੀ ਸ਼ੁੱਧਤਾ ਉਸ ਨੂੰ ਧਰਮ ਨਾਲ ਜੁੜਨ ਦਾ ਪਾਤਰ ਬਣਾਉਂਦੀ ਹੈ। ਮੁਸਲਮਾਨ ਲਈ ਮਿਹਰ (ਦੂਜਿਆਂ ਪ੍ਰਤੀ ਦਇਆ) ਦੀ ਮਸੀਤ, ਰੱਬੀ ਯਕੀਨ ਦਾ ਮੁਸੱਲਾ ਤੇ ਨੇਕ ਕਮਾਈ ਕੁਰਾਨ ਬਣਦੀ ਹੈ। ਵਿਕਾਰਾਂ ਤੋਂ ਸ਼ਰਮ ਮਹਿਸੂਸ ਕਰ ਕੇ ਇਨ੍ਹਾਂ ਨੂੰ ਤਿਲਾਂਜਲੀ ਦਿੰਦਿਆਂ ਸਦਾਚਾਰ ਨੂੰ ਰੋਜ਼ਾ ਬਣਾਉਣਾ ਸੱਚੇ ਮੁਸਲਮਾਨ ਦੀ ਪਛਾਣ ਹੈ :

*ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥*
*ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੦)*

ਮਨੁੱਖ ਅੰਦਰ ਭੋਗ-ਵਿਲਾਸ ਦੀਆਂ ਰੁਚੀਆਂ ਤੇ ਪਦਾਰਥਾਂ ਦੇ ਭੰਡਾਰ ਦੀ ਤਮੰਨਾ ਹੁੰਦੀ ਹੈ। ਮਨੁੱਖ ਗੈਬੀ ਸ਼ਕਤੀਆਂ ਦੀ ਪ੍ਰਾਪਤੀ ਲਈ ਵੀ ਯਤਨਸ਼ੀਲ ਰਹਿੰਦਾ ਹੈ ਤਾਂ ਜੋ ਮਨਮਰਜ਼ੀਆਂ ਕਰ ਸਕੇ। ਖਾਸ ਕਰਕੇ ਪੁਰਾਣੇ ਸਮੇਂ ਵਿਚ ਇਸ ਦੀ

ਜਬਰਦਸਤ ਲਾਲਸਾ ਸੀ। ਗੁਰੂ ਸਾਹਿਬ ਅਨੁਸਾਰ ਜੇ ਮਨੁੱਖ ਅੱਗ ਤੇ ਪਾਲੇ ਦੇ ਕੱਪੜੇ ਬਣਾ ਲੈਣ ਜਿਹੀਆਂ ਅਦਭੁੱਤ ਸ਼ਕਤੀਆਂ ਦਾ ਮਾਲਕ ਬਣ ਬੈਠੇ ਤੇ ਸਵਰਗ ਦੀਆਂ ਬੇਹੱਦ ਖ਼ੂਬਸੂਰਤ ਇਸਤਰੀਆਂ ਦਾ ਸਾਥ ਪ੍ਰਾਪਤ ਹੋ ਜਾਵੇ ਤਾਂ ਵੀ ਉਸ ਨੂੰ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਸਦੀਵੀ ਅਨੰਦ ਦੀ ਪ੍ਰਾਪਤੀ ਦਾ ਆਧਾਰ ਵਿਕਾਰ-ਮੁਕਤ ਨਿਰਮਲ ਜੀਵਨ ਤੇ ਅਕਾਲ ਪੁਰਖ ਦੀ ਸੱਚੀ ਅਰਾਧਨਾ ਹੈ।

ਸੰਸਾਰਕ ਉਥਲ-ਪੁਥਲ ਦਾ ਇੱਕ ਵੱਡਾ ਕਾਰਨ ਅਗਿਆਨਤਾ ਹੈ। ਇਹ ਮੂਰਖਤਾ ਦਾ ਰੂਪ ਧਾਰ ਲੈਂਦੀ ਹੈ। ਮੂਰਖ ਨੂੰ ਅਨੈਤਿਕਤਾ ਕਾਰਨ ਪੈਦਾ ਹੋ ਰਹੇ ਸੰਕਟ ਦਾ ਅਹਿਸਾਸ ਹੀ ਨਹੀਂ ਹੁੰਦਾ। ਉਹ ਪਸ਼ੂ ਵਾਂਗ ਗ਼ਲਤ ਰਾਹ 'ਤੇ ਨੱਕ ਦੀ ਸੇਧ ਤੁਰਿਆ ਜਾਂਦਾ ਹੈ। ਮੱਛੀ ਲਈ ਪਾਣੀ ਦੀ ਗਹਿਰਾਈ ਤੇ ਪੰਛੀ ਲਈ ਅਕਾਸ਼ ਦੀ ਉਚਾਈ ਕੋਈ ਮੁਸ਼ਕਲ ਪੈਦਾ ਨਹੀਂ ਕਰਦੀ। ਪੱਥਰ 'ਤੇ ਪਾਲੇ ਦਾ ਕੋਈ ਅਸਰ ਨਹੀਂ ਪੈਂਦਾ। ਖੁਸਰੇ ਲਈ ਵਿਆਹ ਤੇ ਗ੍ਰਿਹਸਥ ਦੀ ਦੁਨੀਆ ਦਾ ਵਜੂਦ ਨਹੀਂ ਹੁੰਦਾ। ਕੁੱਤੇ ਲਈ ਚੰਦਨ ਤੇ ਬੋਲ਼ੇ ਲਈ ਸਿਮ੍ਰਿਤੀਆਂ ਦੇ ਪਾਠ ਦਾ ਕੋਈ ਅਰਥ ਨਹੀਂ ਹੁੰਦਾ। ਅੰਨ੍ਹੇ ਅੱਗੇ ਅਨੇਕ ਦੀਵੇ ਜਗਾਉਣ ਦਾ ਕੋਈ ਲਾਭ ਨਹੀਂ ਹੁੰਦਾ। ਪਸ਼ੂਆਂ ਲਈ ਸੋਨਾ ਕੀਮਤੀ ਨਹੀਂ ਘਾਹ ਵਡਮੁੱਲਾ ਹੁੰਦਾ ਹੈ। ਲੋਹਾ ਕੁੱਟੇ ਜਾਣ 'ਤੇ ਵੀ ਕਪਾਹ ਵਾਂਗ ਨਰਮ ਨਹੀਂ ਹੁੰਦਾ। ਇਸੇ ਪ੍ਰਕਾਰ ਮੂਰਖ ਵੀ ਆਪਣੀ ਮੂਰਖਤਾ ਨਹੀਂ ਛੱਡਦਾ ਉਸ ਲਈ ਗਿਆਨ ਪ੍ਰਸੰਗਿਕ ਨਹੀਂ ਉਹ ਬੇਕਾਰ ਦੇ ਕਰੁੱਖਤ ਬੋਲਾਂ ਰਾਹੀਂ ਸਮਾਜ ਅੰਦਰ ਉਲਾਰ ਪੈਦਾ ਕਰਦਾ ਹੈ।

ਮਨੁੱਖੀ ਚਰਿੱਤਰ ਤੇ ਵਿਵਹਾਰ 'ਤੇ ਰਾਜਨੀਤਿਕ ਹਲਾਤਾਂ ਦਾ ਬਹੁਤ ਗਹਿਰਾ ਅਸਰ ਪੈਂਦਾ ਹੈ। ਹਾਕਮ ਧਿਰਾਂ ਜਨਤਾ ਦੇ ਕਲਿਆਣ ਦੀ ਥਾਂ ਸ਼ੋਸ਼ਣ ਦਾ ਰਾਹ ਚੁਣ ਲੈਂਦੀਆਂ ਹਨ। ਆਪਣੇ ਹਿੱਤਾਂ ਦੀ ਰਾਖੀ ਲਈ ਜ਼ਬਰ ਦਾ ਹਥਿਆਰ ਵਰਤਦੀਆਂ ਹਨ। ਆਪਣੀ ਤਾਨਾਸ਼ਾਹੀ ਲਈ ਬਕਾਇਦਾ ਸਿਸਟਮ ਉਸਾਰਦੀਆਂ ਹਨ ਤੇ ਆਪਣੇ ਲਈ ਲੋਕ-ਵਿਰੋਧੀ ਅਹਿਲਕਾਰਾਂ ਦਾ ਵਰਗ ਖੜ੍ਹਾ ਕਰਦੀਆਂ ਹਨ। ਇਸ ਸਿਸਟਮ ਵਿੱਚੋਂ ਜਨਤਾ ਦਾ ਬਾਹਰ ਨਿਕਲਣਾ ਮੁਸ਼ਕਿਲ ਹੁੰਦਾ ਹੈ। ਹਕੂਮਤ ਵਿਰੁੱਧ ਉੱਠੀ ਜਾਇਜ਼ ਹੱਕ ਮੰਗਦੀ ਹਰ ਅਵਾਜ਼ ਬੇਰਹਿਮੀ ਭਰੀ ਤਾਕਤ ਨਾਲ ਦਬਾ ਦਿੱਤੀ ਜਾਂਦੀ ਹੈ। ਸੱਚ ਬੋਲਣਾ ਗੁਨਾਹ ਬਣ ਜਾਂਦਾ ਹੈ। ਦੁਖੀ ਲੋਕਾਂ ਦੀ ਬਾਂਹ ਫੜਨੀ ਅਪਰਾਧ ਤੇ ਰਾਜਧ੍ਰੋਹ ਗਰਦਾਨਿਆ ਜਾਂਦਾ ਹੈ। ਅਜਿਹੇ ਬਿਖੜੇ ਸਮੇਂ ਸ੍ਰੀ ਗੁਰੂ ਨਾਨਕ ਸਾਹਿਬ ਸ਼ੋਸ਼ਣ ਦਾ ਸ਼ਿਕਾਰ ਬਣੀ ਪਰਜਾ ਦੀ ਭਲਾਈ ਲਈ ਮਸੀਹਾ ਬਣ ਕੇ ਸਾਹਮਣੇ ਆਏ। ਉਨ੍ਹਾਂ ਨੇ ਰਾਜਿਆਂ ਨੂੰ ਕਸਾਈ ਕਹਿਣ ਦੀ ਜੁਰਅੱਤ ਦਿਖਾਈ। ਰਾਜਨੀਤਿਕ ਭ੍ਰਿਸ਼ਟਾਚਾਰ ਧਰਮ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਹਾਕਮ ਧਰਮ ਆਗੂਆਂ ਨੂੰ ਰਿਆਇਤਾਂ ਦੇ ਕੇ ਜਾਂ ਡਰਾ ਕੇ ਆਪਣੇ ਹੱਕ ਵਿਚ ਭੁਗਤਾਉਂਦੇ ਹਨ। ਇਸ ਨਾਲ ਧਰਮ ਪੰਖ ਲਾ ਕੇ ਉੱਡ ਜਾਂਦਾ ਹੈ। ਪਿੱਛੇ ਰਸਮਾਂ ਤੇ ਪਖੰਡ ਰਹਿ ਜਾਂਦੇ ਹਨ। ਕੂੜ ਦੀ

ਅਮਾਵਸ ਸੱਚ ਤੇ ਇਨਸਾਫ਼ ਦੇ ਚੰਦ ਨੂੰ ਢੱਕ ਲੈਂਦੀ ਹੈ :

*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੫)*

ਮਨੁੱਖ ਦੇ ਉੱਚੇ ਕਿਰਦਾਰ ਲਈ ਉਸ ਅੰਦਰ ਆਤਮ-ਸਨਮਾਨ ਹੋਣਾ ਅਤਿਅੰਤ ਜ਼ਰੂਰੀ ਹੈ। ਜ਼ਮੀਰ ਨਾਲ ਸਮਝੌਤਾ ਕਰਨ ਵਾਲੇ ਲੋਕ ਇਤਿਹਾਸ ਨਹੀਂ ਸਿਰਜ ਸਕਦੇ। ਅਜਿਹੇ ਲੋਕਾਂ ਦੀ ਥੋੜ੍ਹਾ ਸਮਾਂ ਗੁੱਡੀ ਚੜ੍ਹਦੀ ਹੈ ਫਿਰ ਪੱਤ ਗੁਆ ਕੇ ਸਮੇਂ ਦੀ ਧੂੜ ਵਿਚ ਰੁਲ ਜਾਂਦੇ ਹਨ। ਨਾਮ ਰੱਤੀਆਂ ਰੂਹਾਂ ਦੀ ਤਰਜ਼-ਏ-ਜ਼ਿੰਦਗੀ ਦਾ ਵੱਖਰਾ ਹੀ ਰੰਗ ਹੁੰਦਾ ਹੈ। ਇੱਥੇ ਹੰਕਾਰ ਨਹੀਂ ਅਕਾਲ ਪੁਰਖ ਅੱਗੇ ਸਮਰਪਣ ਤੇ ਸਮੁੱਚੀ ਕਾਇਨਾਤ ਪ੍ਰਤੀ ਪ੍ਰੇਮ ਤੇ ਜ਼ਿੰਮੇਵਾਰੀ ਦਾ ਅਹਿਸਾਸ ਹੁੰਦਾ ਹੈ। ਅਜਿਹੇ ਇਨਸਾਨ ਹੀ ਅਸਲ ਵਿਚ ਜਿਊਂਦੇ ਜਾਗਦੇ ਕਹੇ ਜਾ ਸਕਦੇ ਹਨ। ਜਨਤਾ ਦੇ ਹਿੱਤਾਂ ਤੇ ਦੁੱਖਾਂ ਨੂੰ ਨਜ਼ਰ-ਅੰਦਾਜ਼ ਕਰ ਕੇ ਰਾਜ-ਰੰਗ ਤੇ ਮਾਲ-ਰੰਗ ਦੀ ਵਿਲਾਸਤਾ ਨੂੰ ਇੱਥੇ ਕੋਈ ਸਥਾਨ ਨਹੀਂ। ਵਿਲਾਸੀ ਮਾਨਸਿਕਤਾ 'ਪਤਿ' ਗਵਾ ਕੇ ਰਸਾਤਲ ਨੂੰ ਪ੍ਰਾਪਤ ਹੁੰਦੀ ਹੈ :

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥*
*ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*
*ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥*
*ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨)*

ਮਾਝ ਰਾਗ ਪੰਜਾਬ ਦਾ ਹਰਮਨ-ਪਿਆਰਾ ਰਾਗ ਹੈ। ਇਸੇ ਲਈ ਹਾਕਮ ਜਮਾਤ ਤੇ ਉਸ ਨਾਲ ਸੰਬੰਧਿਤ ਮੁਸਲਿਮ ਸਮਾਜ ਅੰਦਰ ਆਈਆਂ ਕੁਰੀਤੀਆਂ ਦੇ ਸੁਧਾਰ ਲਈ ਗੁਰੂ ਸਾਹਿਬ ਨੇ ਇਸ ਰਾਗ ਦੀ ਚੋਣ ਕੀਤੀ। ਮੁਸਲਿਮ ਸਮਾਜ ਅੰਦਰ ਜੀਵਨ ਮੁੱਲਾਂ ਦੇ ਸੰਚਾਰ ਲਈ ਇਸਲਾਮ ਨਾਲ ਸੰਬੰਧਿਤ ਸ਼ਬਦਾਵਲੀ ਤੇ ਰਹੁ-ਰੀਤਾਂ ਦੀ ਉਚੇਚੇ ਤੌਰ 'ਤੇ ਵਰਤੋਂ ਕੀਤੀ ਗਈ ਹੈ ਤੇ ਇਸ ਦਾ ਰੂਪਾਂਤਰਨ ਜੀਵਨ ਮੁੱਲਾਂ ਨਾਲ ਜੋੜ ਕੇ ਕੀਤਾ ਗਿਆ ਹੈ। ਨਫ਼ਰਤ ਤੇ ਤੰਗ-ਦਿਲੀ ਗੁਰੂ ਲਿਵ ਦੇ ਪ੍ਰੇਮ ਮੰਡਲ ਵਿਚ ਘੁਸਪੈਠ ਕਰਨ ਤੋਂ ਕੰਬਦੀਆਂ ਹਨ। ਇੱਥੇ ਕੋਈ ਬਿਗਾਨਾ— ਨਹੀਂ *ਸਭਨਾ ਜੀਆ ਕਾ ਇਕੁ ਦਾਤਾ* ਦੀ ਮਹਿਕਦੀ ਉਦਾਰਤਾ ਹੈ। ਗੁਰੂ ਸਾਹਿਬ ਇਕ ਚੰਗੇ ਇਨਸਾਨ, ਸੱਚੇ ਮੁਸਲਮਾਨ ਤੇ ਯੋਗ ਸ਼ਾਸਕ ਦੀ ਨਿਸ਼ਾਨਦੇਹੀ ਕਰਦੇ ਹਨ ਅਤੇ ਉਸਾਰੂ ਸਮਾਜ ਦਾ ਸੁਹਾਵਣਾ ਚਿਹਰਾ ਉਭਾਰ ਕੇ ਮਨੁੱਖੀ ਅਧਿਕਾਰਾਂ ਦੀ ਰਾਖੀ ਤੇ ਆਪਸੀ ਸੰਬੰਧਾਂ ਦੇ ਉੱਚੇ ਮਿਆਰ ਸਥਾਪਿਤ ਕਰਦੇ ਹਨ। ■

# ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਜੈਤਸਰੀ ਕੀ ਵਾਰ ਦਾ ਰਸ ਵਿਧਾਨ

*-ਡਾ. ਜਸਕਿਰਨ ਕੌਰ**

'ਵਾਰ' ਪੰਜਾਬੀ ਸਾਹਿਤ ਦਾ ਮੌਲਿਕ ਕਾਵਿ ਰੂਪ ਹੈ। ਇਸ ਵਿਚ ਮੁੱਖ ਤੌਰ 'ਤੇ ਬੀਰ ਰਸ ਪ੍ਰਧਾਨ ਹੁੰਦਾ ਹੈ। ਇਹ ਉਹ ਕਾਵਿਮਈ ਵਾਰਤਾ ਹੈ ਜਿਸ ਵਿਚ ਕਿਸੇ ਯੁੱਧ ਜਾਂ ਸੰਘਰਸ਼ ਦੇ ਪ੍ਰਕਰਣ ਵਿਚ ਸੂਰਬੀਰ ਯੋਧੇ ਦੀ ਬਹਾਦਰੀ ਦਾ ਗੁਣਗਾਨ ਹੋਵੇ, ਜਿਸ ਵਿਚ ਪੜ੍ਹਨ ਜਾਂ ਸੁਣਨ ਦੌਰਾਨ ਪਾਠਕ/ਸਰੋਤੇ 'ਤੇ ਪ੍ਰਭਾਵ ਪਾਉਣ ਤੇ ਜੋਸ਼ ਪੈਦਾ ਕਰਨ ਦੀ ਤਾਕਤ ਹੋਵੇ। ਗੁਰਮਤਿ ਸਾਹਿਤ ਅੰਦਰ ਅਨੇਕਾਂ ਹੀ ਵਾਰ ਰੂਪ ਮਿਲਦੇ ਹਨ ਜਿਸ ਵਿਚ ਲੜਾਈ ਦੌਰਾਨ ਯੋਧਿਆਂ ਦੇ ਜੀਵਨ ਦੀਆਂ ਗਾਥਾਵਾਂ ਨੂੰ ਬਹੁਤ ਜੋਸ਼ੀਲੇ ਢੰਗ ਨਾਲ ਵਿਅਕਤ ਕੀਤਾ ਹੁੰਦਾ ਹੈ ਅਤੇ ਆਮ ਤੌਰ 'ਤੇ ਧਾਰਮਿਕ ਮੇਲਿਆਂ ਜਾਂ ਗੁਰਪੁਰਬਾਂ 'ਤੇ ਢਾਡੀ ਲੋਕ ਪੇਸ਼ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਨੂੰ ਬੀਰ ਰਸ ਦੇ ਘੇਰੇ 'ਚੋਂ ਕੱਢ ਕੇ ਭਗਤੀ-ਭਾਵਨਾ ਨਾਲ ਵਾਰ ਸਾਹਿਤ ਦੀ ਰਚਨਾ ਕੀਤੀ ਅਤੇ ਇਸ ਪਰੰਪਰਾ ਦੀ ਪਾਲਣਾ ਕਰਦੇ ਹੋਏ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਵਾਰਾਂ ਦੀ ਰਚਨਾ ਕੀਤੀ ਹੈ।[੧]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਛੇ ਅਧਿਆਤਮਿਕ ਵਾਰਾਂ ਦਰਜ ਹਨ। ਇਨ੍ਹਾਂ ਵਾਰਾਂ ਵਿੱਚੋਂ ਹੀ ਇਕ ਵਾਰ ਜੈਤਸਰੀ ਰਾਗ ਵਿਚ ਹੈ। 'ਜੈਤਸਰੀ' ਸ਼ਬਦ ਨੂੰ 'ਜੈਤਸ੍ਰੀ' ਕਰਕੇ ਵੀ ਲਿਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਨੂੰ 'ਜੈਤਸਰੀ' ਕਰਕੇ ਵਰਤਿਆ ਜਾਂਦਾ ਹੈ। 'ਜੈਤ' ਤੋਂ ਭਾਵ ਫਤੇ (ਫਤਿਹ) ਅਤੇ 'ਸਿਰੀ' ਦਾ ਭਾਵ ਅਕਾਲ ਪੁਰਖ ਤੋਂ ਹੈ। ਇਸ ਵਿਚ ਉਸ ਅਕਾਲ ਪੁਰਖ ਦੀ ਫਤੇ (ਫਤਿਹ) ਜਾਂ ਜਿੱਤ ਨੂੰ ਲਿਆ ਗਿਆ ਹੈ।[੨] ਵਾਰ ਜੈਤਸਰੀ ਦੀਆਂ ਕੁੱਲ ੨੦ ਪਉੜੀਆਂ ਹਨ। ਹਰ ਪਉੜੀ ਵਿਚ ਪੰਜ-ਪੰਜ ਤੁਕਾਂ ਹਨ। ਹਰ ਇਕ ਪਉੜੀ ਨਾਲ ਦੋ-ਦੋ ਸਲੋਕ ਹਨ। ਵਾਰ ਵਿਚਲਾ ਨਿਰੰਤਰ ਵਹਾਓ ਮਾਲਾ ਦੇ ਮਣਕਿਆਂ ਵਾਂਗ ਬੱਝਿਆ ਹੋਇਆ ਨਜ਼ਰ ਆਉਂਦਾ ਹੈ। ਪਉੜੀ ਤੋਂ ਪਹਿਲਾਂ ਆਉਣ ਵਾਲੇ ਸਲੋਕ ਪਉੜੀ ਦਾ ਸਮੁੱਚਾ ਭਾਵ ਆਪਣੇ ਅੰਦਰ ਸਮੋਈ ਬੈਠੇ ਹਨ। ਅਨੇਕ ਵਿਸ਼ਿਆਂ ਨੂੰ ਬਿਆਨਦਿਆਂ ਹੋਇਆਂ ਵੀ ਖਿਆਲਾਂ ਨੂੰ ਇੱਕੋ ਮਾਲਾ ਦੇ ਮਣਕਿਆਂ ਵਾਂਗ ਪਰੋ ਕੇ ਰੱਖਿਆ ਗਿਆ ਹੈ, ਜਿਸ ਕਰਕੇ ਗੁਰੂ ਸਾਹਿਬ ਦੀ ਇਹ ਵਾਰ ਹੁਨਰੀ ਸੂਝ-ਬੂਝ ਵਿਚ ਨਿਪੁੰਨਤਾ ਦੀ ਪ੍ਰਤੀਕ ਹੋ ਨਿਬੜਦੀ ਹੈ।

*\#੫੭੯, ਬੀ-੧੨ ਕਾਮਰਾਨ ਰੋਡ, ਨੇੜੇ ਗੁਰਦੁਆਰਾ ਕਲਗੀਧਰ ਸਿੰਘ ਸਭਾ, ਲੁਧਿਆਣਾ-੧੪੧੦੦੮; ਮੋ: +੯੧੯੫੬੭੯-੦੪੪੧੬*

ਇਸ ਵਾਰ ਵਿਚ ਮਨ ਨੂੰ ਸਿੱਖਿਆ ਦਿੱਤੀ ਗਈ ਹੈ ਕਿ ਸੁਪਨ ਮਨੋਰਥ ਚੀਜ਼ਾਂ ਵਿਚ ਦਿਲ ਲਗਾਉਣ ਦੀ ਥਾਂ ਇਕ ਹਰੀ (ਪਰਮਾਤਮਾ) ਵਿਚ ਧਿਆਨ ਜੋੜਨਾ ਚਾਹੀਦਾ ਹੈ, ਕਿਉਂਕਿ ਇਸ ਵਿਚ ਸਭ ਸੁਖ ਮਿਲ ਜਾਂਦੇ ਹਨ। ਅਕਾਲ ਪੁਰਖ ਨੂੰ ਬੇਅੰਤ ਤੇ ਸਰਬ-ਸ਼ਕਤੀਮਾਨ ਜਾਣ ਕੇ ਉਸ ਦੇ ਨਾਮ ਸਿਮਰਨ ਦਾ ਅਭਿਆਸ ਕਰਨਾ ਤੇ ਭਾਣਾ ਮੰਨਣ ਦੀ ਸਮਰੱਥਾ ਪੈਦਾ ਕਰਨਾ ਇਸ ਵਾਰ ਦਾ ਮਨੋਰਥ ਹੈ। ਸੰਸਾਰਿਕਤਾ ਅਤੇ ਅਧਿਆਤਮਿਕਤਾ ਨੂੰ ਸਪੱਸ਼ਟ ਕਰਦਿਆਂ ਅਧਿਆਤਮਿਕ ਮਾਰਗ ਉੱਤੇ ਚੱਲਣ ਦਾ ਉਪਦੇਸ਼ ਦਿੱਤਾ ਗਿਆ ਹੈ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੁਆਰਾ ਸਭ ਤੋਂ ਪਹਿਲਾਂ ਇਸ ਵਾਰ ਵਿਚ ਪ੍ਰਭੂ ਉਸਤਤੀ ਰਾਹੀਂ ਉਸ ਪਰਮਾਤਮਾ ਦੇ ਉਪਜਾਏ ਜਗਤ ਅਤੇ ਮਾਇਆ ਨੂੰ ਬਿਆਨਿਆ ਗਿਆ ਹੈ ਕਿ ਕਿਸ ਤਰ੍ਹਾਂ ਸੰਸਾਰ ਦੇ ਪਖੰਡੀ ਅਤੇ ਝੂਠੇ ਦਿਖਾਵੇ ਵਾਲੇ ਰੂਪ ਤੋਂ ਬਚਣ ਲਈ ਨਾਮ ਰੂਪੀ ਸਾਧਨ ਹੀ ਭਵ ਸਾਗਰ ਤੋਂ ਪਾਰ ਕਰਵਾ ਸਕਦਾ ਹੈ। ਨਾਮ ਦੀ ਪ੍ਰਾਪਤੀ ਸਾਧ-ਸੰਗਤ ਰਾਹੀਂ ਪ੍ਰਾਪਤ ਹੋ ਸਕਦੀ ਹੈ। ਗੁਰੂ ਸਾਹਿਬ ਨੇ ਜੀਵ ਨੂੰ ਭਲੇ ਪੁਰਸ਼ਾਂ ਦੀ ਸੰਗਤ ਕਰਨ ਅਤੇ ਨੇਕ ਵਿਚਾਰ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਹੈ। ਇਹ ਵਾਰ ਪ੍ਰਭੂ-ਉਸਤਤੀ ਨੂੰ ਬਿਆਨਦੀ, ਬ੍ਰਹਮ ਅਤੇ ਜਗਤ ਦੇ ਪਸਾਰੇ ਦਾ ਵਰਣਨ ਕਰਦੀ, ਸਾਧ-ਸੰਗਤ ਅਤੇ ਨਾਮ ਦੀ ਪ੍ਰਾਪਤੀ ਦੁਆਰਾ ਦਰਸ਼ਨ-ਅਭਿਲਾਸ਼ਾ ਦੀ ਖਿੱਚ ਪੂਰਨ ਕਰਨ ਦੀ ਲੋਚਾ ਨੂੰ ਪ੍ਰਗਟ ਕਰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਨੁਸਾਰ ਅਧਿਆਤਮਿਕ ਮਾਰਗ ਲਈ ਸੰਗਤ ਇਕ ਸਾਰਥਕ ਜੀਵਨ-ਜੁਗਤ ਹੈ। ਗੁਰਬਾਣੀ ਵਿਚ ਸੰਗਤ ਦਾ ਸੰਕਲਪ ਸਮਾਜਿਕ ਕਲਿਆਣ ਦਾ ਭਾਵ ਰੱਖਦਾ ਹੈ। ਸੰਗਤ ਅਸਲ ਵਿਚ ਵਿਲੱਖਣ ਭਾਈਚਾਰਾ ਹੈ। ਇਸ ਵਿਚ ਹਰ ਮਨੁੱਖ ਨੂੰ ਸ਼ਾਮਿਲ ਹੋਣ ਦੀ ਆਗਿਆ ਹੈ। ਹਰ ਕੋਈ ਸਤਿਗੁਰੂ ਦੀ ਸ਼ਰਨ ਗ੍ਰਹਿਣ ਕਰ ਸਕਦਾ ਹੈ। ਸਰਬੱਤ ਦਾ ਭਲਾ ਮੰਗਣਾ ਸੰਗਤ ਦਾ ਮੂਲ ਉਦੇਸ਼ ਹੈ।[੩]

ਮਾਇਆ ਵਿਚ ਰਹਿੰਦਿਆਂ ਹੋਇਆਂ ਉਸ ਤੋਂ ਨਿਰਲੇਪ ਰਹਿਣਾ, ਮਨ 'ਤੇ ਕਾਬੂ ਪਾਉਣਾ, ਨੇਕ ਸੰਗਤ ਕਰਨਾ ਅਤੇ ਗੁਰੂ ਦੀ ਸਿੱਖਿਆ 'ਤੇ ਚੱਲਦਿਆਂ ਹੋਇਆਂ ਆਤਮਾ ਤੋਂ ਪਰਮਾਤਮਾ ਤਕ ਦਾ ਪੈਂਡਾ ਸਰ ਕਰਨਾ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੁੱਖ ਉਦੇਸ਼, ਮੁੱਖ ਸਿਧਾਂਤ ਰਿਹਾ ਹੈ। 'ਜੈਤਸਰੀ ਕੀ ਵਾਰ' ਜਿੱਥੇ ਵਿਸ਼ੇ-ਵਸਤੂ ਦੇ ਪੱਖ ਤੋਂ ਮਹੱਤਵਪੂਰਨ ਬਾਣੀ ਹੈ, ਉੱਥੇ ਕਲਾਤਮਕ ਤੌਰ 'ਤੇ ਵੀ ਉੱਚ ਪੱਧਰ ਦੀ ਸਾਹਿਤਕ ਕਿਰਤ ਹੈ। ਗੁਰੂ ਸਾਹਿਬ ਰਚਿਤ ਇਸ ਵਾਰ ਵਿਚ ਰਸ ਵਿਧਾਨ ਦਾ ਉੱਚਤਮ ਵਰਣਨ ਮਿਲਦਾ ਹੈ, ਜੋ ਸਮਕਾਲੀ ਸਮੇਂ ਦੀ ਉੱਤਮ ਉਦਾਹਰਨ ਹੈ। ਕਵਿਤਾ ਦੇ ਆਮ ਤੌਰ 'ਤੇ ਦੋ ਪੱਖ ਮੰਨੇ ਗਏ ਹਨ— ਭਾਵ ਪੱਖ ਅਤੇ ਕਲਾ ਪੱਖ। ਭਾਵ ਪੱਖ ਵਿਚ ਵਿਸ਼ੇ ਨਾਲ ਸੰਬੰਧਿਤ ਅਤੇ ਕਲਾ ਪੱਖ ਵਿਚ ਕਵੀ ਦੀ ਰਚਨਾ ਦਾ ਪ੍ਰਗਟਾਉ ਢੰਗ ਹੁੰਦਾ ਹੈ। ਇਸ ਪ੍ਰਕਾਰ ਇਹ ਦੋਵੇਂ ਹੀ ਰਸ ਦੇ ਨੇੜੇ ਹਨ। ਦੋਨਾਂ ਢੰਗਾਂ

ਨਾਲ ਹੀ ਕਵੀ ਆਪਣੇ ਮਨੋਭਾਵਾਂ ਦਾ ਸੰਚਾਰ ਪਾਠਕ/ਸਰੋਤੇ ਦੇ ਮਨਾਂ ਵਿਚ ਕਰਦਾ ਹੈ। ਰਸ ਕਿਸੇ ਕਾਵਿ ਰਚਨਾ ਦਾ ਅਜਿਹਾ ਪ੍ਰਗਟਾਅ ਹੈ ਜੋ ਪੜ੍ਹਨ ਵਾਲੇ ਦੇ ਮਨ 'ਤੇ ਪੈਂਦਾ, ਉਸ ਦੇ ਅੰਦਰੂਨੀ ਮਨ ਨੂੰ ਟੁੰਬਦਾ, ਜਗਾਉਂਦਾ ਅਤੇ ਗਰਮਾਉਂਦਾ ਹੋਇਆ ਇਕ ਸੁਹਜਮਈ, ਅਨੰਦਮਈ ਅਵਸਥਾ ਤਕ ਪਹੁੰਚਾਅ ਦਿੰਦਾ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ-ਸਰੋਤੇ ਜਾਂ ਦਰਸ਼ਨ ਨੂੰ ਫੋਲਣ ਵਾਲਾ ਜਾਂ ਹਿਲੋਰਾ ਦੇਣ ਵਾਲਾ ਜੋ ਸੁਹਜ ਸੁਆਦ ਜਾਂ ਆਨੰਦ ਮਹਿਸੂਸ ਹੁੰਦਾ ਹੈ ਉਹ ਕਾਵਿ ਸ਼ਾਸਤ੍ਰੀ ਸ਼ਬਦਾਵਲੀ ਵਿਚ ਰਸ ਅਖਵਾਉਂਦਾ ਹੈ।[੪] ਸਾਹਿਤ ਵਿਚ ੯ ਰਸ ਮੰਨੇ ਗਏ ਹਨ— ਸ਼ਿੰਗਾਰ ਰਸ, ਬੀਰ ਰਸ, ਸ਼ਾਂਤ ਰਸ, ਰੌਦਰ ਰਸ, ਕਰੁਣਾ ਰਸ, ਅਦਭੁਤ ਰਸ, ਵੀਭਤਸ ਰਸ, ਭਿਆਨਕ ਰਸ ਅਤੇ ਹਾਸ ਰਸ ਆਦਿਕ। ਸ਼ਿੰਗਾਰ ਰਸ, ਸ਼ਾਂਤ ਰਸ ਅਤੇ ਕਰੁਣਾ ਰਸ ਮਨ ਅੰਦਰ ਕੋਮਲਤਾ ਪੈਦਾ ਕਰਦੇ ਹਨ। ਬੀਰ ਰਸ, ਰੌਦਰ ਰਸ ਅਤੇ ਭਿਆਨਕ ਰਸ ਮਨ ਵਿਚ ਜੋਸ਼ ਪੈਦਾ ਕਰਦੇ ਹਨ। ਹਾਸ ਰਸ, ਵੀਭਤਸ ਰਸ ਅਤੇ ਅਦਭੁਤ ਰਸ ਨਾਲ ਮਨ ਵਿਚ ਵਿਸਮਾਦ ਭਰ ਜਾਂਦਾ ਹੈ। ਗੁਰੂ ਸਾਹਿਬਾਨ ਦੁਆਰਾ ਰਚਿਤ ਗੁਰਬਾਣੀ ਸ਼ਾਂਤ ਰਸ ਦਾ ਉਤਕ੍ਰਿਸ਼ਟ ਨਮੂਨਾ ਹੈ। ਗੁਰੂ ਸਾਹਿਬਾਨ ਨੇ ਸੰਸਾਰਿਕ ਬੰਧਨਾਂ ਦਾ ਤਿਆਗ ਕਰਨ ਲਈ ਮਨ ਵਿਚ ਇਕਾਗਰਤਾ ਅਤੇ ਵੈਰਾਗ ਪੈਦਾ ਕਰਨ ਲਈ ਸ਼ਾਂਤ ਰਸ ਦੀ ਵਰਤੋਂ ਕੀਤੀ ਜਿਸ ਨਾਲ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ ਅਤੇ ਮਨ ਸ਼ਾਂਤ ਚਿੱਤ ਹੋ ਜਾਂਦਾ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ ਸੰਸਾਰਿਕ ਅਸਥਿਰਤਾ ਦੇ ਕਾਰਨ ਜਾਂ ਤੱਤ ਗਿਆਨ ਦੇ ਕਾਰਨ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ, ਉੱਥੇ ਸ਼ਾਂਤ ਰਸ ਦੀ ਸਥਿਤੀ ਬਣ ਜਾਂਦੀ ਹੈ।[੫]

ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਜੈਤਸਰੀ ਵਾਰ ਵਿਚ ਸ਼ਾਂਤ ਰਸ ਪ੍ਰਧਾਨ ਹੈ, ਪਰ ਇਸ ਰਸ ਦੇ ਨਾਲ ਗੁਰੂ ਸਾਹਿਬ ਨੇ ਬਾਕੀ ਰਸਾਂ ਦੀ ਵੀ ਵਰਤੋਂ ਕੀਤੀ ਹੈ। ਸ਼ਾਂਤ ਰਸ ਦੇ ਮਾਧਿਅਮ ਦੁਆਰਾ ਭਗਤ ਅਤੇ ਪਰਮਾਤਮਾ ਦੇ ਰਿਸ਼ਤੇ ਦੀ ਪੇਸ਼ਕਾਰੀ ਅਤੇ ਸਾਧ-ਸੰਗਤ ਦੇ ਮਹੱਤਵ ਦੀ ਪੇਸ਼ਕਾਰੀ ਹੋਈ ਹੈ :

*-ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ ॥*
*ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)*
*-ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥*
*ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥*
*ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ ॥*
*ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੭)*

ਸ਼ਿੰਗਾਰ ਰਸ : ਸ਼ਿੰਗਾਰ ਰਸ ਦਾ ਮੂਲ ਤੇ ਮੁੱਖ ਅਰਥ ਉਹ ਰਤੀ ਜਾਂ ਸਨੇਹ ਹੈ ਜਿਸ ਦਾ ਸੁਹਜਾਤਮਕ ਤਰੀਕੇ ਨਾਲ ਅਨੁਭਵ ਕੀਤਾ ਜਾਵੇ। ਅਧਿਆਤਮਿਕ ਕਾਵਿ ਵਿਚ ਸ਼ਿੰਗਾਰ

ਰਸ ਦੁਆਰਾ ਜੀਵਾਤਮਾ ਅਤੇ ਪਰਮਾਤਮਾ ਦੇ ਸਥਾਈ ਸੰਯੋਗ ਦਾ ਵਰਣਨ ਹੈ :

*-ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥*
*ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੦)*
*-ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥੧॥*
*ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੦)*

ਅਦਭੁਤ ਰਸ : ਅਨੋਖੀ ਅਤੇ ਵਿਚਿੱਤਰ ਵਸਤੂ ਦੇ ਵੇਖਣ ਅਤੇ ਸੁਣਨ ਤੋਂ ਜਦੋਂ ਅਸਚਰਜ ਭਾਵ ਦੀ ਪੁਸ਼ਟੀ ਹੋਵੇ, ਉਦੋਂ ਅਦਭੁਤ ਰਸ ਪ੍ਰਤੀਤਮਾਨ ਹੁੰਦਾ ਹੈ। ਪਰਮਾਤਮਾ ਦੇ ਸਰਵ-ਸ਼ਕਤੀਮਾਨ ਸਰੂਪ ਅਤੇ ਸਰਬ ਥਾਂ ਵਿਆਪਕ ਅਤੇ ਵੈਰਾਟ ਸਰੂਪ ਨੂੰ ਅਦਭੁਤ ਰਸ ਵਿਚ ਪ੍ਰਗਟਾਇਆ ਗਿਆ ਹੈ :

*-ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥*
*ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥*
*ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥*
*ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੫-੦੬)*
*-ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥*
*ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੬)*

ਕਰੁਣਾ ਰਸ : ਮਨਚਾਹੀ ਵਸਤੂ ਦੀ ਹਾਨੀ ਅਤੇ ਵਸਤੂ ਦੀ ਪ੍ਰਾਪਤੀ ਹੋਣ 'ਤੇ ਜਿੱਥੇ ਸ਼ੋਕ ਭਾਵ ਦੀ ਪੁਸ਼ਟੀ ਹੋਵੇ, ਉੱਥੇ ਕਰੁਣਾ ਰਸ ਹੁੰਦਾ ਹੈ। ਗੁਰਮਤਿ ਕਾਵਿ ਵਿਚ ਪਰਮਾਤਮਾ ਦੇ ਵਿਛੋੜੇ ਤੋਂ ਪੈਦਾ ਹੋਏ ਬਿਹਬਲਤਾ ਦੇ ਭਾਵ ਨੂੰ ਕਰੁਣਾ ਰਸ ਵਿਚ ਪ੍ਰਗਟਾਇਆ ਗਿਆ ਹੈ। ਜੈਤਸਰੀ ਕੀ ਵਾਰ ਵਿਚ ਵੀ ਇਸ ਦਾ ਵਰਣਨ ਹੋਇਆ ਹੈ :

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਆਰਜਾ ਗਈ ਵਿਹਾਇ ਧੰਧੈ ਧਾਇਆ ॥*
*ਪੂਰਨ ਭਏ ਨ ਕਾਮ ਮੋਹਿਆ ਮਾਇਆ ॥*
*ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੭)*

ਵੀਭਤਸ ਰਸ : ਇਸ ਦੀ ਉਪਜ ਘ੍ਰਿਣਾ ਤੋਂ ਹੁੰਦੀ ਹੈ। ਕਿਸੇ ਚੀਜ਼ ਦਾ ਚਿੱਤਰ ਇਸ ਤਰ੍ਹਾਂ ਖਿੱਚਣਾ ਕਿ ਇਸ ਤੋਂ ਘ੍ਰਿਣਾ ਉਪਜੇ। ਇਸ ਵਾਰ ਵਿਚ ਸੰਸਾਰਕ ਨਾਸ਼ਮਾਨਤਾ, ਗੁਰੂ ਦੀ ਸ਼ਰਨ ਅਤੇ ਸਰੀਰਕ ਨਾਸ਼ਮਾਨਤਾ ਦੇ ਭਾਵਾਂ ਨੂੰ ਬੜੇ ਵਧੀਆ ਢੰਗ ਨਾਲ ਗੁਰੂ

ਸਾਹਿਬ ਨੇ ਵੀਭਤਸ ਰਸ ਦੀ ਵਰਤੋਂ ਕਰਕੇ ਪ੍ਰਗਟਾਇਆ ਹੈ :

*ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥*
*ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥*
*ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥*
*ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥*
*ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੦੭-੦੮)*

ਭਿਆਨਕ ਰਸ : ਭੈਅ ਇਸ ਦਾ ਸਥਾਈ ਹੈ। ਡਰਾਉਣੇ ਦ੍ਰਿਸ਼ ਬਿਆਨ ਕਰ ਕੇ ਡਰ ਦੀ ਸਥਿਤੀ ਪੈਦਾ ਕਰਦਾ ਹੈ। ਸੰਸਾਰ ਸਮੁੰਦਰ ਬੜਾ ਭਿਆਨਕ ਤੇ ਅਥਾਹ ਹੈ, ਪਰ ਗੁਰੂ ਰੂਪ ਜਹਾਜ਼ ਜੀਵਾਂ ਨੂੰ ਇਸ ਵਿੱਚੋਂ ਆਪ ਹੀ ਬਚਾਉਂਦਾ ਹੈ । ਵਾਰ ਵਿਚ ਇਸ ਰਸ ਦੀ ਵਰਤੋਂ ਦਾ ਪ੍ਰਗਟਾਵਾ ਇਸ ਪ੍ਰਕਾਰ ਹੈ :

*ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥*
*ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥*
*ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ॥*
*ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੦)*

ਨਿਰਸੰਦੇਹ ਇਹ ਵਾਰ ਗੁਰਮਤਿ ਕਾਵਿ ਦੇ ਵਿਸ਼ੇਸ਼ਕਰ ਪੰਜਾਬੀ ਵਾਰ ਕਾਵਿ ਵਿਚ ਇਕ ਨਿਵੇਕਲੀ ਰੂਪਾਕਾਰਕ ਹਸਤੀ ਵਜੋਂ ਉਜਾਗਰ ਹੁੰਦੀ ਹੈ। ਇਸ 'ਵਾਰ' ਸਿਰਲੇਖ ਤੋਂ ਸਪੱਸ਼ਟ ਹੈ ਕਿ ਪਉੜੀਆਂ ਵਿਚ ਰਚਿਤ ਇਹ ਬਾਣੀ ਰੂਪਾਕਾਰ ਵਜੋਂ ਪੰਜਾਬੀ ਦੇ ਪ੍ਰਸਿੱਧ ਕਾਵਿ ਰੂਪ 'ਵਾਰ' ਦਾ ਅਨੁਸਰਨ ਕਰਦੀ ਹੈ, ਪਰੰਤੂ ਆਪਣੀਆਂ ਸਮਕਾਲੀ ਤੇ ਪੂਰਬਕਾਲੀ ਸਾਹਿਤ ਰੂੜ੍ਹੀਆਂ ਦਾ ਅਨੁਸਰਨ ਕਰਦਿਆਂ ਵੀ ਆਪਣਾ ਵਿਲੱਖਣ ਚਰਿੱਤਰ ਸਥਾਪਿਤ ਕਰਦੀ ਨਜ਼ਰ ਆਉਂਦੀ ਹੈ। ਗੁਰੂ ਸਾਹਿਬਾਨ ਅਤੇ ਸਿੱਖ ਧਰਮ ਪਰੰਪਰਾ ਦਾ ਸਾਰਥਕ ਚਿਤਰਨ ਕਰਦੀ ਹੈ। ਅਲੱਗ-ਅਲੱਗ ਭਾਵਾਂ ਨੂੰ ਪ੍ਰਗਟਾਉਣ ਲਈ ਰਸਾਂ ਦੀ ਢੁਕਵੀਂ ਵਰਤੋਂ ਵਾਰ ਜੈਤਸਰੀ ਦੇ ਕਾਵਿ-ਸੁਹਜ ਨੂੰ ਉਜਾਗਰ ਕਰਨ ਵਿਚ ਸਹਾਈ ਸਿੱਧ ਹੁੰਦੀ ਹੈ।

ਹਵਾਲੇ

੧. ਬੀਬੀ ਪਰਮਜੀਤ ਕੌਰ, *ਨਾਨਕ ਪ੍ਰਕਾਸ਼ ਪਤ੍ਰਿਕਾ*, ਜੂਨ-੨੦੦੬-ਅੰਕ ਪਹਿਲਾ, ਪੰਨਾ ੩੩੫
੨. ਸਾਹਿਬ ਸਿੰਘ ਅਰਸ਼ੀ, *ਜੈਤਸਰੀ ਕੀ ਵਾਰ*, ਪੰਨਾ ੧੦
੩. ਸਾਹਿਬ ਸਿੰਘ ਅਰਸ਼ੀ, *ਜੈਤਸਰੀ ਕੀ ਵਾਰ*, ਪੰਨਾ ੩੨
੪. ਪ੍ਰੇਮ ਪ੍ਰਕਾਸ਼ ਸਿੰਘ, *ਭਾਰਤੀ ਕਾਵਿ-ਸ਼ਾਸਤਰ*, ਪੰਨਾ ੧੦੧
੫. *ਉਹੀ*, ਪੰਨਾ ੨੫੧

# ਭਾਈ ਗੁਰਦਾਸ ਅਧਿਐਨ ਵਿਚ ਭਾਈ ਵੀਰ ਸਿੰਘ ਜੀ ਦਾ ਯੋਗਦਾਨ

*-ਸ. ਜਤਿੰਦਰ ਪਾਲ ਸਿੰਘ**

ਭਾਈ ਵੀਰ ਸਿੰਘ ਨੇ ਸਿੱਖ ਸਾਹਿਤ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪੰਜਾਬੀ ਸਾਹਿਤ ਦੇ ਹਰ ਖੇਤਰ ਵਿਚ ਭਾਈ ਵੀਰ ਸਿੰਘ ਦਾ ਯੋਗਦਾਨ ਵਡਮੁੱਲਾ ਰਿਹਾ ਹੈ। ਉਨਾਂ ਨੂੰ ਵਾਸਤਵਿਕ ਰੂਪ ਵਿਚ ਆਧੁਨਿਕ ਪੰਜਾਬੀ ਸਾਹਿਤ ਦੇ ਜਨਮ-ਦਾਤਾ ਹੋਣ ਦਾ ਮਾਣ ਮਿਲਿਆ ਹੈ। ਸਾਹਿਤ ਦੇ ਸਾਰੇ ਇਤਿਹਾਸਕਾਰ ਭਾਈ ਸਾਹਿਬ ਨੂੰ ਪੰਜਾਬੀ ਵਾਰਤਕ, ਨਾਵਲ, ਸਰੋਦੀ ਕਾਵਿ, ਮਹਾਂ-ਕਾਵਿ, ਨਾਟਕ ਅਤੇ ਇਤਿਹਾਸਿਕ ਖੋਜ ਦਾ ਮੋਢੀ ਮੰਨਦੇ ਹਨ।

ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਇੰਨੀ ਵਿਸ਼ਾਲ ਹੈ ਕਿ ਵਰਣਨ ਕਰਨਾ ਸੰਭਵ ਨਹੀਂ। ਆਪ ਇਕ ਉੱਚ ਚੋਟੀ ਦੇ ਕਵੀ, ਨਾਵਲਕਾਰ, ਜੀਵਨੀਕਾਰ, ਸਾਹਿਤਕਾਰ, ਵਿਆਖਿਆਕਾਰ, ਇਤਿਹਾਸਕ- ਖੋਜਕਾਰ, ਵਾਰਤਕਕਾਰ, ਅਖ਼ਬਾਰ-ਨਵੀਸ, ਧਾਰਮਿਕ ਆਗੂ ਅਤੇ ਇਕ ਪ੍ਰਚਾਰਕ ਸਨ।

ਅਸੀਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦੀ ਸ਼ਖ਼ਸੀਅਤ ਮਿਕਨਾਤੀਸੀ ਅਸਰ ਰੱਖਦੀ ਸੀ। ਉਸ ਵਿਚ ਕੋਈ ਅਜਿਹੀ ਖਿੱਚ ਸੀ ਜੋ ਜਾਦੂ ਵਾਂਗ ਦੂਜੇ 'ਤੇ ਪ੍ਰਭਾਵ ਛੱਡਦੀ ਸੀ, ਜੋ ਵੀ ਉਨ੍ਹਾਂ ਦੀ ਸੰਗਤ ਵਿਚ ਆਇਆ ਉਸ 'ਤੇ ਸ਼ਖ਼ਸੀਅਤ ਦੀ ਅਮਿਟ ਛਾਪ ਛਪ ਜਾਂਦੀ ਸੀ। ਪ੍ਰੋ. ਪੂਰਨ ਸਿੰਘ ਵਰਗੇ ਕਵੀ ਤੇ ਲਿਖਾਰੀ ਉਨ੍ਹਾਂ ਦੀ ਸੰਗਤ ਦੇ ਪ੍ਰਭਾਵ ਸਦਕਾ ਹੀ ਧਰਮ ਸਬੰਧੀ ਡੂੰਘੀਆਂ ਵਿਚਾਰਾਂ 'ਤੇ ਕਈ ਗੁੰਝਲਾਂ ਖੋਲਣ ਲੱਗੇ।

ਭਾਈ ਗੁਰਦਾਸ ਜੀ ਤੋਂ ਪਿੱਛੋਂ ਭਾਈ ਵੀਰ ਸਿੰਘ ਦਾ ਹੀ ਨਾਮ ਆਉਂਦਾ ਹੈ।[੧] ਹਥਲੇ ਲੇਖ ਦਾ ਉਦੇਸ਼ ਭਾਈ ਵੀਰ ਸਿੰਘ ਦੁਆਰਾ ਭਾਈ ਗੁਰਦਾਸ ਅਧਿਐਨ ਵਿਚ ਦਿੱਤੇ ਯੋਗਦਾਨ ਦਾ ਉਲੇਖ ਕਰਨਾ ਹੈ। ਵਾਰਾਂ ਭਾਈ ਗੁਰਦਾਸ ਜੀ ਸਟੀਕ, ਕਬਿਤ ਭਾਈ ਗੁਰਦਾਸ ਜੀ-ਦੂਸਰਾ ਸਕੰਧ ਅਤੇ ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਉੱਤੇ ਆਧਾਰਿਤ ਸਿੱਖਾਂ ਦੀ ਭਗਤ ਮਾਲਾ ਨੂੰ ਸੰਪਾਦਨ ਕਰਨ ਦਾ ਮੁੱਢਲਾ ਕੰਮ ਭਾਈ ਵੀਰ ਸਿੰਘ ਜੀ ਨੇ ਹੀ ਕੀਤਾ। ਭਾਈ ਵੀਰ ਸਿੰਘ ਦੇ ਇਸ ਯੋਗਦਾਨ ਨੂੰ ਹੇਠ ਲਿਖੇ ਚਾਰ ਹਿੱਸਿਆਂ ਵਿਚ ਵੰਡਿਆ ਗਿਆ ਹੈ:-

੧. ਜੀਵਨੀ-ਮੂਲਕ

*ਲੈਕਚਰਾਰ (ਪੰਜਾਬੀ), ਮੈਰੀਟੋਰੀਅਸ ਸਕੂਲ, ਨੇੜੇ ਸਪੋਰਟਸ ਕਾਲਜ, ਕਪੂਰਥਲਾ ਰੋਡ, ਜਲੰਧਰ- ੧੪੪੦੦੧; ਮੋ. ੯੯੧੫੧-੪੮੫੫੫

੨. ਸੰਪਾਦਨਾ

੩. ਇਤਿਹਾਸਕ ਖੋਜੀ

੪. ਵਿਆਖਿਆਕਾਰ

੧. ਜੀਵਨੀ-ਮੂਲਕ

ਭਾਈ ਗੁਰਦਾਸ ਜੀ ਦੇ ਜਨਮ ਦਾ ਸੰਮਤ ਉਨ੍ਹਾਂ ਦੇ ਵਿਆਹ, ਸੰਤਾਨ ਆਦਿ ਦਾ ਕੋਈ ਪਤਾ ਨਹੀਂ ਮਿਲਦਾ, ਉਨ੍ਹਾਂ ਦੀਆਂ ਵਾਰਾਂ ਵਿਚ ਵੀ ਕਿਸੇ ਪ੍ਰਕਾਰ ਦਾ ਕੋਈ ਸੰਕੇਤ ਨਹੀਂ, ਜੋ ਉਨ੍ਹਾਂ ਦੇ ਜੀਵਨ ਝਾਕੀ ਉੱਪਰ ਕੋਈ ਝਾਤ ਪਾ ਸਕੇ, ਪਰ ਖੋਜ ਕੀਤਿਆਂ ਕੁਝ ਅਨੁਮਾਨ ਹੀ ਹੁੰਦੇ ਹਨ। ਭਾਈ ਵੀਰ ਸਿੰਘ ਜੀ ਨੇ ਅਜਿਹੇ ਕਈ ਅਨੁਮਾਨ ਲਗਾਏ ਹਨ, ਜਿਨ੍ਹਾਂ ਤੋਂ ਭਾਈ ਗੁਰਦਾਸ ਜੀ ਦੇ ਜਨਮ, ਅਕਾਲ ਚਲਾਣਾ ਅਤੇ ਜੀਵਨ ਦੀਆਂ ਕੁਝ ਘਟਨਾਵਾਂ ਬਾਰੇ ਜਾਣਿਆ ਜਾ ਸਕਦਾ ਹੈ।

ਭਾਈ ਵੀਰ ਸਿੰਘ ਭਾਈ ਸਾਹਿਬ ਦੇ ਪਰਵਾਰ ਬਾਰੇ ਲਿਖਦੇ ਹਨ ਕਿ ਇਸ ਪਰਵਾਰ ਦਾ ਇਤਨਾ ਕੁ ਪਤਾ ਚਲਦਾ ਹੈ ਕਿ ਬਾਸਰਕੇ ਵਿਚ ਬਾਬਾ ਤੇਜੋ ਨਾਮ ਦਾ ਇਕ ਸੁਹਿਰਦ ਪੁਰਖ ਵਸਦਾ ਸੀ, ਜੋ ਆਪਣਾ ਬ੍ਰਿਧ ਅਵਸਥਾ ਦਾ ਸਮਾਂ ਭਜਨ ਵਿਚ ਗੁਜਾਰਦਾ ਸੀ। ਉਨਾਂ ਦੇ ਚਾਰ ਪੁੱਤਰ ਸਨ। ਵੱਡੇ ਸਪੁੱਤਰ ਦਾ ਨਾਮ ਸ੍ਰੀ ਅਮਰਦਾਸ ਸੀ, ਜੋ 'ਗੁਰੂ ਅਮਰ ਦਾਸ' ਜੀ (ਸ੍ਰੀ ਗੁਰੂ ਅਮਰਦਾਸ ਜੀ) ਹੋ ਕੇ ਗੁਰੂ ਬਣੇ। ਬਾਕੀ ਤਿੰਨਾਂ ਵਿੱਚੋਂ ਇਕ ਦਾ ਨਾਮ ਦਾਤਾਰ ਚੰਦ ਸੀ, ਜਿਸ ਦੇ ਪੁੱਤਰ ਭਾਈ ਗੁਰਦਾਸ ਜੀ ਸਨ।[੨]

ਪਰ ਕੇਸਰ ਸਿੰਘ ਛਿਬਰ[੩], ਡਾ. ਰਤਨ ਸਿੰਘ ਜੱਗੀ[੪], ਡਾ. ਦਰਸ਼ਨ ਸਿੰਘ[੫] ਆਦਿ ਤੋਂ ਇਲਾਵਾ ਹੋਰ ਕਈ ਵਿਦਵਾਨਾਂ ਨੇ ਭਾਈ ਗੁਰਦਾਸ ਜੀ ਦੇ ਪਿਤਾ ਦਾ ਨਾਮ ਈਸ਼ਰ ਦਾਸ ਦੱਸਿਆ ਹੈ।

ਸ੍ਰੀ ਗੁਰੂ ਅਮਰਦਾਸ ਜੀ ਬੀਬੀ ਅਮਰੋ ਜੀ ਤੋਂ ਸ਼ਬਦ ਸੁਣ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਾਕਫ਼ੀ ਤੇ ਪਤੇ ਜਿਵੇਂ ਪੁੱਛਦੇ ਸਨ, ਉਨਾਂ ਤੋਂ ਸਹੀ ਹੁੰਦਾ ਹੈ ਕਿ ਬਾਵਜੂਦ ਰਿਸ਼ਤੇਦਾਰੀ ਦੇ ਗੁਰੂ-ਘਰ ਨਾਲ ਸ਼ਰਧਾ ਵਾਲੀ ਸਿਆਣ ਹੈ ਨਹੀਂ ਸੀ। ਉਸ ਪਰਵਾਰ ਵਿਚ ਉਸ ਸਮੇਂ ਕਿਸੇ ਬੱਚੇ ਦਾ ਨਾਉ 'ਗੁਰਦਾਸ' ਰੱਖਿਆ ਜਾਣਾ ਸੰਭਾਵਤ ਨਹੀਂ ਹੁੰਦਾ। ਸ੍ਰੀ ਗੁਰੂ ਅਮਰਦਾਸ ਜੀ ਉੱਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਦੈਵੀ ਪ੍ਰਭਾਵ ਪਿਆ ਅਤੇ ਉਹ ਸਿੱਖ ਸਜੇ। ਹੁਣ ਸ਼ਰਧਾਵਾਨ ਹੋ ਕੇ ਕਿਸੇ ਬਚੇ ਦਾ ਨਾਉਂ ਗੁਰਦਾਸ ਰੱਖਣਾ ਠੀਕ ਜਾਪਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਮਿਲਣ ਤੋਂ ਪਹਿਲਾਂ ਗੋਇੰਦਵਾਲ ਵਸ ਚੁੱਕਾ ਸੀ, ਸੋ ਇਸ ਸਮੇਂ ਬਾਸਰਕੇ ਜਾਂ ਗੋਇੰਦਵਾਲ ਪੁੱਜ ਕੇ ਆਪ ਦਾ ਜਨਮ ਹੋਇਆ ਤਾਂ ਨਾਉ 'ਗੁਰ+ਦਾਸ = ਗੁਰਦਾਸ ਰੱਖਿਆ ਜਾਣਾ ਕਰੀਨੇ ਕਿਆਸ ਹੈ।[੬]

ਭਾਈ ਵੀਰ ਸਿੰਘ ਜੀ ਭਾਈ ਸਾਹਿਬ ਦੇ ਜਨਮ ਬਾਰੇ ਅਨੁਮਾਨ ਲਗਾਉਂਦੇ

ਹਨ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਿਆਈ ਧਾਰਨ ਕਰਨ ਤੋਂ ਬਾਅਦ ਜਦ ਭਾਈ ਸਾਹਿਬ ਅੰਮ੍ਰਿਤਸਰ ਆਏ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਬੀਬੀ ਭਾਨੀ ਜੀ, ਜੋ ਉਨ੍ਹਾਂ ਦੀ ਭੈਣ ਸੀ; ਨੂੰ ਮੱਥਾ ਟੇਕਿਆ। ਇਸ ਤੋਂ ਇਹ ਸਿੱਧ ਹੋਇਆ ਕਿ ਉਹ ਬੀਬੀ ਭਾਨੀ ਜੀ ਤੋਂ ਨਿੱਕੇ ਸਨ ਅਤੇ ਬੀਬੀ ਜੀ ਦਾ ਜਨਮ ੧੫੯੦-੯੧ ਬਿ. ਦਾ ਪਤਾ ਲਗਦਾ ਹੈ।[੭] ਭਾਈ ਸਾਹਿਬ ਦੁਆਰਾ ਬੀਬੀ ਭਾਨੀ ਜੀ ਨੂੰ ਮੱਥਾ ਟੇਕਣ ਦੀ ਇਕ ਹੋਰ ਉਦਾਹਰਨ ਮਿਲਦੀ ਹੈ, ਜਦੋਂ ਭਾਈ ਗੁਰਦਾਸ ਜੀ ਨੂੰ ਮਿੱਸੇ ਪਰਸ਼ਾਦੇ ਲੰਗਰ ਵਿੱਚੋਂ ਮਿਲੇ ਤੇ ਆਪ ਦੇ ਪੁੱਛਣ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਲੰਗਰ ਮਾਤਾ ਜੀ ਦੇ ਹੱਥ ਹੈ, ਉਨ੍ਹਾਂ ਤੋਂ ਪੁੱਛ ਲਵੋ, ਤਾਂ ਭਾਈ ਸਾਹਿਬ ਨੇ ਜਾ ਕੇ ਆਪਣੀ ਭੈਣ ਬੀਬੀ ਭਾਨੀ ਜੀ ਨੂੰ ਮੱਥਾ ਟੇਕਿਆ ਤੇ ਸਾਰਾ ਹਾਲ ਪੁੱਛਿਆ।[੮]

ਭਾਈ ਵੀਰ ਸਿੰਘ ਜੀ ਨੇ ਭਾਈ ਸਾਹਿਬ ਦਾ ਜਨਮ ਸੰਮਤ ੧੬੦੦ (੧੫੪੩ ਈ.) ਤੋਂ ੧੬੧੦ (੧੫੫੩ ਈ.) ਦੇ ਦਰਮਿਆਨ ਮੰਨਿਆ ਹੈ। ਇਸ ਸੰਬੰਧੀ ਆਪਣੀ ਧਾਰਨਾ ਨੂੰ ਸਪੱਸ਼ਟ ਕਰਦੇ ਹੋਏ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਭੱਲਾ ਵੰਸ਼ ਵਿੱਚੋਂ ਸਭ ਤੋਂ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ੧੫੯੭ ਬਿ. ਵਿਚ ਗੁਰੂ-ਘਰ ਵਿਖੇ ਹਾਜ਼ਰ ਹੋਏ। ਇਸ ਤੋਂ ਪਿੱਛੋਂ ਹੀ ਇਸ ਵੰਸ਼ ਵਿਚ ਗੁਰੂ-ਘਰ ਪ੍ਰਤੀ ਸ਼ਰਧਾ ਜਾਗ੍ਰਿਤ ਹੋਈ। ਸ੍ਰੀ ਗੁਰੂ ਅਮਰਦਾਸ ਜੀ ੧੬੦੯ ਬਿ. ਵਿਚ ਗੁਰਗੱਦੀ ਉੱਪਰ ਸੁਸ਼ੋਭਿਤ ਹੋਏ। ਇੱਥੋਂ ਭਾਈ ਵੀਰ ਸਿੰਘ ਇਹ ਅਨੁਮਾਨ ਲਾਉਂਦੇ ਹਨ ਕਿ ਭਾਈ ਗੁਰਦਾਸ ਜੀ ਦਾ ਜਨਮ ੧੬੦੦-੧੬੧੦ ਬਿ. ਦੇ ਦਰਮਿਆਨ ਹੀ ਹੋਇਆ ਹੋਵੇਗਾ। ਬਹੁਤੇ ਵਿਦਵਾਨਾਂ ਦਾ ਮਤ ਇਸੇ ਕਥਨ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਭਾਈ ਗੁਰਦਾਸ ਜੀ ਦਾ ਜਨਮ ੧੬੦੮ ਬਿ. (ਈਸਵੀ ਸੰਨ ਮੁਤਾਬਕ ੧੫੫੧ ਈ.) ਵਿਚ ਹੋਇਆ। ਉਦਾਹਰਨ ਵਜੋਂ ਡਾ. ਰਤਨ ਸਿੰਘ ਜੱਗੀ[੯], ਭਾਈ ਰਣਧੀਰ ਸਿੰਘ[੧੦], ਪ੍ਰੋ. ਸਰਦੂਲ ਸਿੰਘ[੧੧], ਸੰਤ ਸਿੰਘ ਸੇਖੋਂ[੧੨] ਆਦਿ। ਭਾਈ ਗੁਰਦਾਸ ਜੀ ਦੇ ਜੀਵਨ ਦਾ ਪਹਿਲਾ ਹਿੱਸਾ ਗੋਇੰਦਵਾਲ ਵਿਚ ਹੀ ਬੀਤਿਆ। ਭਾਈ ਸਾਹਿਬ ਨੇ ਮੁੱਢਲੀ ਵਿੱਦਿਆ ਇੱਥੇ ਰਹਿ ਕੇ ਹੀ ਪ੍ਰਾਪਤ ਕੀਤੀ। ਇਸ ਸੰਬੰਧੀ ਭਾਈ ਵੀਰ ਸਿੰਘ ਲਿਖਦੇ ਹਨ ਕਿ— ਇੱਥੇ ਇਹ ਹੋਣਹਾਰ ਬਿਰਵਾ ਫੁਟਦੀ ਮਸੁ ਭੇ ਦੀ ਉਮਰੇ ਗੁਰਮੁਖੀ, ਹਿੰਦੀ, ਸੰਸਕ੍ਰਿਤ ਤੇ ਫ਼ਾਰਸੀ ਆਦਿ ਵਿਦਯਾ ਨਾਲ ਹਰਿਆਵਲਾ ਹੋ ਗਿਆ ਤੇ ਸ਼ਾਸਤ੍ਰਾਂ, ਉਪਨਿਸ਼ਦਾਂ, ਪੁਰਾਣਾਂ ਦੀ ਚੋਖੀ ਵਾਕਫ਼ੀਅਤ ਨਾਲ ਪ੍ਰਫੁਲਿਤ ਹੋ ਗਿਆ।[੧੩]

ਇਸ ਪ੍ਰਕਾਰ ਭਾਈ ਵੀਰ ਸਿੰਘ ਕਬਿਤ ਭਾਈ ਗੁਰਦਾਸ - ਦੂਸਰਾ ਸਕੰਧ ਵਿਚ ਭਾਈ ਸਾਹਿਬ ਦੇ ਜੀਵਨ ਬਾਰੇ ਚਰਚਾ ਕਰਦੇ ਹੋਏ, ਉਨ੍ਹਾਂ ਦੇ ਜੀਵਨ ਨੂੰ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ

ਹਜ਼ੂਰੀ ਵਿਚ ਵਾਚਿਆ ਗਿਆ ਹੈ। ਭਾਈ ਵੀਰ ਸਿੰਘ, ਭਾਈ ਗੁਰਦਾਸ ਜੀ ਦੇ ਜੀਵਨ ਨੂੰ ਭਾਵੇਂ ਦੂਜੇ ਗੁਰੂ ਜੀ ਦੇ ਸਮੇਂ ਤੋਂ ਵਾਚਣ ਦਾ ਕੰਮ ਅਰੰਭਦੇ ਹਨ, ਪਰ ਉਨ੍ਹਾਂ ਦੇ ਸਮੇਂ ਵਿਚ ਭਾਈ ਗੁਰਦਾਸ ਜੀ ਨਾਲ ਸੰਬੰਧਿਤ ਕੋਈ ਜਾਣਕਾਰੀ ਨਹੀਂ ਮਿਲਦੀ। ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਹੀ ਭਾਈ ਗੁਰਦਾਸ ਜੀ ਨੇ ਸਿਖੀ ਧਾਰਨ ਕੀਤੀ। ਸਿੱਖ ਵਿਚਾਰਧਾਰਾ ਨੂੰ ਸਮਝ ਕੇ ਉਹ ਇਸ ਦੇ ਦ੍ਰਿੜ੍ਹ ਵਿਸ਼ਵਾਸੀ ਬਣ ਚੁਕੇ ਸਨ।

ਸੰਮਤ ੧੬੩੧ ਵਿਚ ਜਦ ਸ੍ਰੀ ਗੁਰੂ ਰਾਮਦਾਸ ਜੀ ਗੱਦੀ 'ਤੇ ਬੈਠੇ ਉਸ ਸਮੇਂ ਭਾਈ ਸਾਹਿਬ ਗੋਇੰਦਵਾਲ ਨਹੀਂ ਸਨ। ਪ੍ਰਚਾਰ ਲਈ ਜੰਮੂ ਆਦਿ ਵੱਲ ਜਾਂ ਕਿਤੇ ਹੋਰ ਸੇਵਾ ਲਈ ਬਾਹਰ ਗਏ ਹੋਏ ਸਨ। ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਗੱਦੀ 'ਤੇ ਬੈਠਣ ਤੋਂ ਬਾਅਦ ਭਾਈ ਗੁਰਦਾਸ ਜੀ ਨਵੀਂ ਗੁਰ-ਜਯੋਤੀ ਦੇ ਦਰਸ਼ਨਾਂ ਲਈ ਤੁਰ ਪਏ ਅਤੇ ਸ਼ਰਨ ਪ੍ਰਾਪਤ ਹੋਏ ਤਾਂ ਇਹ ਵਾਕ ਕਹੇ :

*ਮੋਕਉ ਸਿਖੀ ਦੇਹੁ ਮਹਾਨੀ* *(ਸ੍ਰੀ ਗੁ. ਪ੍ਰ. ਸੂ. ਗ੍ਰੰਥ)*

ਭਾਈ ਵੀਰ ਸਿੰਘ ਜੀ ਨੇ ਇਸ ਸ਼ਬਦ ਦੇ ਭੁਲੇਖੇ ਦੂਰ ਕਰਨ ਲਈ ਬੜੇ ਵਿਸਥਾਰ ਨਾਲ ਸਮਝਾਇਆ ਹੈ।[੧੪]

ਉਸ ਤੋਂ ਬਾਅਦ ਗੁਰੂ ਸਾਹਿਬ ਨੇ ਆਪ ਨੂੰ ਆਗਰੇ ਤੋਰ ਦਿੱਤਾ ਜੋ ਹਿੰਦੁਸਤਾਨ ਦੀ ਸਿੱਖੀ ਦਾ ਪ੍ਰਬੰਧ ਕਰਨ। ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਆਪ ਗੋਇੰਦਵਾਲ ਵਾਪਸ ਆ ਗਏ। ਫਿਰ ਰਾਮਦਾਸਪੁਰੇ ਪਹੁੰਚ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਪਏ। ਇੱਥੇ ਆਪ ਨੂੰ ਪ੍ਰਿਥੀਏ ਦੇ ਧਨ ਧਾਮ ਬਜ਼ਾਰ ਉੱਤੇ ਕਬਜ਼ਾ ਕਰਨ ਦਾ ਪਤਾ ਲਗਿਆ ਤਾਂ ਆਪ ਨੇ ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਸੰਗਤ ਦਾ ਮਾਰਗ-ਦਰਸ਼ਨ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੇ ਸੰਕਲਨ ਦਾ ਸੰਕਲਪ ਧਾਰਿਆ ਅਤੇ ਲਿਖਾਰੀ ਭਾਈ ਗੁਰਦਾਸ ਜੀ ਨੂੰ ਮੁਕੱਰਰ ਕੀਤਾ। ਇਹ ਮਹਾਨ ਕਾਰਜ ੧੬੦੧-੧੬੦੪ ਈ. ਤਕ ਸਮਾਪਤ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਪਾਠ ਦੇ ਭੋਗ ਬਾਬਾ ਬੁੱਢਾ ਜੀ ਨੇ ਪਾਏ ਅਤੇ ਅਰਦਾਸਾ ਭਾਈ ਗੁਰਦਾਸ ਜੀ ਨੇ ਸੋਧਿਆ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਦੀਆਂ ਕਿਰਪਾਨਾਂ ਧਾਰਨ ਕਰਨ 'ਤੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਸੱਜੇ ਅਤੇ ਖੱਬੇ ਬੈਠੇ ਲਿਖੇ ਹਨ। 'ਗੁਰਬਿਲਾਸ ਪਾ. ੬ਵੀਂ' ਅਨੁਸਾਰ ਅਕਾਲ ਤਖਤ ਸਾਹਿਬ ਦੇ ਪਹਿਲੇ ਸੇਵਾਦਾਰ ਭਾਈ ਗੁਰਦਾਸ ਜੀ ਸਥਾਪਿਤ ਕੀਤੇ ਗਏ :

*ਤਖਤ ਪੂਜ ਕਰਿਬੇ ਨਮਿਤ ਗੁਰਦਾਸ ਭਾਈ ਠਹਿਰਾਇ॥*

ਇਸ ਪ੍ਰਕਾਰ ਭਾਈ ਸਾਹਿਬ ਨੇ ਆਪਣੀ ਸਾਰੀ ਉਮਰ ਸਿੱਖੀ ਦੇ ਪ੍ਰਚਾਰ ਅਤੇ ਸੇਵਾ ਵਿਚ ਗੁਜ਼ਾਰ ਦਿੱਤੀ। ਬਾਬਾ ਬੁੱਢਾ ਜੀ ਦੇ ਅਕਾਲ ਚਲਾਣੇ ਦਾ ਪਾਠ ਭਾਈ

ਗੁਰਦਾਸ ਜੀ ਨੇ ਹੀ ਕੀਤਾ। ਗੋਇੰਦਵਾਲ ਸਾਹਿਬ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਈ ਗੁਰਸਿੱਖਾਂ ਨਾਲ ਪ੍ਰਚਾਰ ਲਈ ਆਏ ਹੋਏ ਸਨ। ਇਕ ਰਾਤ ਡੇਢ ਪਹਿਰ ਰਹਿੰਦਿਆਂ ਭਾਈ ਗੁਰਦਾਸ ਜੀ ਉੱਠੇ ਤੇ ਗੁਰੂ ਜੀ ਪਾਸ ਬੇਨਤੀ ਕੀਤੀ, ਹੇ ਦੀਨ ਦਇਆਲ! ਮੇਰਾ ਅੰਤ ਸਮਾਂ ਆ ਗਿਆ ਹੈ। ਗੁਰੂ ਜੀ ਮੁਸਕਰਾਏ ਫੇਰ ਗੰਭੀਰ ਰੰਗ ਵਿਚ 'ਆਸਾ ਕੀ ਵਾਰ' ਦੇ ਦੀਵਾਨ ਵਿਚ ਜਾ ਬੈਠੇ। ਕੁਝ ਚਿਰ ਬਾਅਦ ਭਾਈ ਜੀ ਨੇ ਬਿਨੈ ਕੀਤੀ, ਹੇ ਨਾਥ! ਮੇਰੇ ਪਰਲੋਕ ਪਿਆਨੇ ਵਿਚ ਹੁਣ ਦੇਰ ਘੱਟ ਹੈ। ਹੁਣ ਭਾਈ ਗੁਰਦਾਸ ਜੀ ਨੇ ਹੌਲੇ-ਹੌਲੇ ਜਪੁਜੀ ਦਾ ਪਾਠ ਕਰ ਲਿਆ ਸੀ ਅਤੇ ਸੁਖਮਨੀ ਸਾਹਿਬ ਦਾ ਭੋਗ ਵੀ ਪਾ ਲਿਆ ਸੀ। ਆਪ ਜੀ ਨੇ ਗੁਰੂ ਚਰਨਾਂ ਵਿਚ ਮੱਥਾ ਟੇਕਿਆ, ਆਪਣੇ ਸਦਾ ਲਈ ਅਹਿੱਲ ਹੋ ਜਾਣ ਵਾਲੇ ਹੱਥਾਂ ਨਾਲ ਚਰਨਾਂ ਨੂੰ ਪ੍ਰੇਮ ਨਾਲ ਘੁੱਟ ਲਿਆ। ਸਦਾ ਸਮਾਧਿ ਸਥਿਤ ਹੋ ਜਾਣ ਵਾਲੇ ਮੱਥੇ ਨੂੰ ਚਰਨ ਕੰਵਲ ਛੁਹਾਏ ਤੇ ਸਦਾ ਲਈ ਬੰਦ ਹੋ ਜਾਣ ਵਾਲੀ ਸਰੀਰਕ ਰਸਨਾਂ ਨਾਲ ਆਖਰੀ ਵਾਕ ਕਹੇ; 'ਹੇ ਦਾਤਾ! ਮੇਰੇ ਲਈ ਸਮਾਧ ਨਹੀਂ ਬਨਾਉਣੀ, ਇਸ ਸਰੀਰ ਦੀ ਭਸਮ ਬਿਆਸਾ ਵਿਚ ਪ੍ਰਵਾਹ ਕਰ ਦੇਣੀ। ਆਪ ਦੇ ਨੈਣਾਂ ਹੇਠ ਰੋੜ੍ਹੀ ਗਈ ਇਹ ਸੁਆਹ ਬੀ ਪਾਵਨ ਹੁੰਦੀ ਸਫਲ ਹੋ ਜਾਏਗੀ।' ਸਤਿਗੁਰ ਜੀ ਸੁਣ ਦ੍ਰਵੇ ਤੇ ਭਾਈ ਗੁਰਦਾਸ ਜੀ ਸਦਾ ਲਈ ਬੰਦ ਹੋ ਚਲੇ ਸ੍ਰਵਣਾਂ ਨੇ ਹੁਣ ਅੰਤ ਦੀ ਵਾਰੀ ਇਹ ਗੁਰਵਾਕ ਸੁਣੇ[੧੫] :

*ਧੰਨ ਜਨਮ ਤੁਮਾਰੋ ਜਗ ਆਯੋ॥*
*ਮਹਿ ਮੰਡਲ ਮਹਿੰ ਜਸੁ ਵਿਸਥਾਰਾ॥*
*ਪਾਇ ਪਰਮਗਤਿ ਪੰਥਪਧਾਰਾ॥*
*ਚਿਰੰਕਾਲ ਤੇਰੋ ਰਹਿ ਨਾਮੂ॥*
*ਜਾਨਹਿ ਗੁਰੂ ਪੰਥ ਅਭਿਰਾਮੂ॥*

*(ਸ੍ਰੀ ਗੁ. ਪ੍ਰ. ਸੂ. ਗ੍ਰੰਥ, ਰਾਸ ੭, ਅੰਸੂ ੧੪, ਅੰਕ ੪੦)*

ਇਹ ਵਾਕ ਸੁਣ ਕੇ ਭਾਈ ਸਾਹਿਬ ਲੇਟ ਗਏ ਤੇ ਚਾਦਰਾ ਤਾਣ ਲਿਆ, ਇਉਂ ਸ੍ਰੀ ਗੁਰੂ ਜੀ ਦੀਆਂ ਤਾਰਨਹਾਰ ਨਜ਼ਰਾਂ ਦੇ ਹੇਠਾਂ ਆਪ ਦੀ ਦੇਹੀ ਨਗਰੀ ਤੋਂ ਵਿਦਾ ਹੋ ਗਈ।

ਭਾਈ ਵੀਰ ਸਿੰਘ ਜੀ ਅਨੁਸਾਰ ਭਾਈ ਗੁਰਦਾਸ ਜੀ ਦੇ ਅਕਾਲ ਚਲਾਣੇ ਦਾ ਸੰਮਤ ੧੬੯੪ ਬਿ. (ਈ. ਸੰਨ ਮੁਤਾਬਕ ੧੬੩੭ ਈ. ਸਹੀ ਮੰਨਿਆ ਗਿਆ ਹੈ[੧੬], ਜਿਸ ਬਾਰੇ ਜੀਵਨ ਬਾਬਾ ਬੁੱਢਾ ਜੀ ਵਿਚ ਦਿੱਤਾ ਗਿਆ ਹੈ ਪਰ ਡਾ. ਦਰਸ਼ਨ ਸਿੰਘ ਨੇ 'ਭਟ ਵਹੀ ਤਲੌਂਡਾ ਪਰਗਨਾ ਜੀਂਦ', ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੋਇੰਦਵਾਲ ਵਾਲਾ ਸਰੂਪ ਅਤੇ 'ਗੁਰਪ੍ਰਣਾਲੀਆਂ' ਨੂੰ ਆਧਾਰ ਬਣਾਉਦੇ ਹੋਏ ਕਿਹਾ ਹੈ ਕਿ ਵਾਰਾਂ ਵਿਚ ਵਰਣੇ ਵਾਕਿਆਤ ਦੇ ਆਧਾਰ ਪੁਰ ਤੇ ਜੰਤਰੀ ਅਨੁਸਾਰ, ਉੱਤੇ ਦਿੱਤੇ ਤਿਥੀਵਾਰ ਮੇਲੁ ਸੰਮਤੁ ੧੬੯੩ ਮਿਤੀ ੨੫ ਭਾਦਰੋਂ (੨੫ ਅਗਸਤ ੧੬੩੬ ਈ.) ਨੂੰ ਹੀ ਅੰਤਿਮ ਸਚਾਈ ਮੰਨ ਲਿਆ ਹੈ।[੧੭]

੨. ਸੰਪਾਦਨਾ

ਸੰਪਾਦਕ ਦੇ ਤੌਰ 'ਤੇ ਸ਼ਹੀਦ ਭਾਈ ਮਨੀ ਸਿਘ ਜੀ ਤੋਂ ਬਾਅਦ ਭਾਈ ਵੀਰ ਸਿੰਘ ਜੀ ਨੇ ਇਕ ਮੁੱਢਲੀ ਭੂਮਿਕਾ ਵਜੋਂ ਕੰਮ ਕੀਤਾ। ਉਨਾਂ ਦੇ ਪਰਵੇਸ਼ ਤੋਂ ਪਹਿਲਾਂ ਅਜੋਕੇ ਸੰਪਾਦਨ ਦੀ ਪਰੰਪਰਾ ਅਜੇ ਨਾ ਮਾਤਰ ਹੀ ਸੀ। ਭਾਈ ਵੀਰ ਸਿੰਘ ਜੀ ਦਾ ਸੰਪਾਦਨ ਦੇ ਖੇਤਰ ਵਿਚ ਪਹਿਲਾ ਕੰਮ ੧੮੯੧ ਈ. ਵਿਚ ਵਜ਼ੀਰ ਹਿੰਦ ਪ੍ਰੈੱਸ ਤੋਂ ਸ਼ੁਰੂ ਹੋਇਆ। ਇਸ ਦੇ ਥੋੜੇ ਸਮੇਂ ਬਾਅਦ ਹੀ ਉਨਾਂ ਨੇ ੧੮੯੪ ਈ. ਵਿਚ ਖਾਲਸਾ ਟ੍ਰੈਕਟ ਸੁਸਾਇਟੀ ਨੂੰ ਵੀ ਸਥਾਪਿਤ ਕਰ ਦਿਤਾ। ਇਸ ਸੁਸਾਇਟੀ ਨੇ ਛੇਤੀ ਹੀ ਗੁਰਬਾਣੀ ਪ੍ਰਚਾਰ, ਗੁਰਮਤਿ ਵਿਸਥਾਰ, ਆਤਮ ਸੁਧਾਰ, ਮਨਮਤ ਪਰਹਾਰ ਅਤੇ ਭਾਈਚਾਰਕ ਸੁਧਾਰ ਸੰਬੰਧੀ ਸਾਹਿਤ ਛਾਪਣ ਲਈ 'ਨਿਰਗੁਣੀਆਰਾ' ਨਾਂ ਦੇ ਦੋ ਹਫਤੀਏ ਪੱਤਰ ਹੇਠ ਇਕ ਟ੍ਰੈਕਟ ਲੜੀ ਜਾਰੀ ਕਰ ਲਈ, ਜਿਸ ਨੂੰ ਲਿਖਣ ਅਤੇ ਸੰਪਾਦਨ ਦੀ ਸਾਰੀ ਜ਼ਿੰਮੇਵਾਰੀ ਭਾਈ ਵੀਰ ਸਿੰਘ ਜੀ ਦੀ ਹੀ ਸੀ। ਇਸ ਤੋਂ ਬਾਅਦ ੧੮੯੯ ਈ. ਵਿਚ 'ਖਾਲਸਾ ਸਮਾਚਾਰ' ਪ੍ਰਕਾਸ਼ਿਤ ਹੋਣਾ ਸ਼ੁਰੂ ਹੋ ਗਿਆ।

ਧਰਮ ਸਿੰਘ ਅਨੁਸਾਰ ਸੰਪਾਦਨ ਨੂੰ ਵਧੇਰੇ ਵਿਗਿਆਨਕ ਬਣਾਉਣ ਅਤੇ ਠੀਕ ਅਰਥਾਂ ਵਿਚ ਤੋਰਨ ਦਾ ਸਿਹਰਾ ਭਾਈ ਵੀਰ ਸਿੰਘ ਦੇ ਸਿਰ ਹੀ ਜਾਂਦਾ ਹੈ। ਉਨ੍ਹਾਂ ਨੇ ਜਿਹੜੀਆਂ ਵੀ ਰਚਨਾਵਾਂ ਨੂੰ ਮਹੱਤਵਪੂਰਨ ਸਮਝਿਆ, ਉਨ੍ਹਾਂ ਨੂੰ ਚੁਣ ਕੇ ਯੋਗ ਭਾਂਤ ਸੰਪਾਦਿਤ ਕੀਤਾ।[੧੮]

ਭਾਈ ਗੁਰਦਾਸ ਅਧਿਐਨ ਵਿਚ ਭਾਈ ਵੀਰ ਸਿੰਘ ਜੀ ਦਾ ਸਭ ਤੋਂ ਪਹਿਲਾ ਕੰਮ ਗਿਆਨੀ ਹਜ਼ਾਰਾ ਸਿੰਘ ਜੀ ਪੰਡਿਤ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਅਰਥਾਤ ਵਾਰਾਂ ਭਾਈ ਗੁਰਦਾਸ ਜੀ ਦਾ ਭਾਵ ਪ੍ਰਕਾਸ਼ਨੀ ਟੀਕਾ ਸਮੇਤ ਜੋ ਕਿ ਗਿਆਨੀ ਜੀ ਨੇ ਆਪਣੀ ਉਮਰ ਦੇ ਅੰਤਲੇ ਦਿਨਾਂ ਵਿਚ ਕੀਤਾ ਸੀ, ਦਾ ਸੰਸ਼ੋਧਨ ਅਤੇ ਭਾਵਾਂ ਦਾ ਪ੍ਰਕਾਸ਼ਨ ਤੇ ਸੰਪਾਦਨ ਕੀਤਾ। ਭਾਈ ਸਾਹਿਬ ਦੁਆਰਾ ਇਸ ਦਾ ਪਹਿਲੀ ਵਾਰ ਸੰਪਾਦਨ ਅਗਸਤ ੧੯੧੧ ਈ. ਨੂੰ ਭਾਈ ਵੀਰ ਸਿੰਘ ਸਾਹਿਤ ਸਦਨ ਦੁਆਰਾ ਕੀਤਾ ਗਿਆ ਅਤੇ ੨੦੧੨ ਤਕ ਇਸ ਦੀ ੨੨ ਵਾਰ ਛਪਾਈ ਹੋ ਕੇ ਹਜ਼ਾਰਾਂ ਕਾਪੀਆਂ ਵਿਕ ਚੁਕੀਆਂ ਹਨ।

ਭਾਈ ਮਨੀ ਸਿੰਘ ਸ਼ਹੀਦ ਦੇ ਨਾਂ ਨਾਲ ਸੰਬੰਧਿਤ 'ਭਗਤ ਰਤਨਾਵਲੀ' ਜਾਂ 'ਸਿੱਖਾਂ ਦੀ ਭਗਤਮਾਲਾ' ਜੋ ਕਿ ਭਾਈ ਸਾਹਿਬ ਨੇ ੧੨੧ ਸਾਖੀਆਂ ਦੀ ਇਹ ਲਿਖਤੀ ਪੋਥੀ ਇਕ ਅਤਿ ਪੁਰਾਤਨ ਨੁਸਖੇ ਨਾਲ ਭਲੀ-ਪ੍ਰਕਾਰ ਸੋਧ ਕੇ ਪਹਿਲੀ ਵਾਰ ਅਗਸਤ ੧੯੧੨ ਵਿਚ ਪ੍ਰਕਾਸ਼ਿਤ ਕੀਤੀ ਸੀ। ਇਹ ਪੁਸਤਕ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤਕ ਦੇ ਸਿੱਖਾਂ ਦੀ ਨਾਮਾਵਲੀ ਨੂੰ ਦਰਸਾਉਂਦੀ ਹੈ।

੧੯੪੦ ਈ. ਵਿਚ ਆਪ ਨੇ 'ਕਬਿਤ ਭਾਈ ਗੁਰਦਾਸ-ਦੂਜਾ' ਸਕੰਧ

ਪ੍ਰਕਾਸ਼ਿਤ ਕੀਤਾ। ਇਸ ਵਿਚ ਤਦੋਂ ਤਕ ਲਾਪਤਾ ਤੇ ਅਣਛਪੇ ੧੧੯ ਕਬਿੱਤਾਂ ਨੂੰ ਲੱਭ ਕੇ ਭਾਵ ਪ੍ਰਕਾਸ਼ਨੀ ਟੀਕੇ ਸਮੇਤ ਪਹਿਲੀ ਵਾਰ ਸੰਪਾਦਿਤ ਕਰ ਕੇ ਪ੍ਰਕਾਸ਼ਿਤ ਕੀਤਾ ਗਿਆ। ਸ਼ੁਰੂ ਵਿਚ ਭਾਈ ਗੁਰਦਾਸ ਜੀ ਦੇ ਜੀਵਨ ਤੇ ਰਚਨਾ ਦੀ ਕਾਵਿ-ਕੁਸ਼ਲਤਾ ਬਾਰੇ ਇਕ ਸਵਿਸਥਾਰ ਤੇ ਵਾਕਫੀ-ਭਰਪੂਰ ਭੂਮਿਕਾ ਲਿਖੀ। ਇਸ ਪੁਸਤਕ ਦੇ ਦੋ ਨਵੇਂ ਤੇ ਖਾਸ ਸੰਪਾਦਕੀ ਲੱਛਣ ਅੱਖਰ-ਕ੍ਰਮ ਅਨੁਸਾਰ ਦਿੱਤੇ ਗਏ ਦੋ ਤਤਕਰੇ ਹਨ: ਪਹਿਲਾ ਭਾਵ ਤਤਕਰਾ ਅਰਥਾਤ ਕਬਿੱਤਾਂ ਦੇ ਭਾਵ ਦੀ ਸੂਚੀ ਅਤੇ ਦੂਜਾ ਪਾਲ ਤਤਕਰਾ ਅਰਥਾਤ ਕਬਿੱਤਾਂ ਦੀਆਂ ਪਹਿਲੀਆਂ ਸਤਰਾਂ ਦੀ ਸੂਚੀ ਹੈ।[੧੯]

ਉਪਰੋਕਤ ਤੋਂ ਬਿਨਾਂ ਭਾਈ ਵੀਰ ਸਿੰਘ ਜੀ ਨੇ ਗੁਰਬਾਣੀ ਟੀਕੇ, ਪ੍ਰਾਚੀਨ ਪੰਥ ਪ੍ਰਕਾਸ਼, ਪੁਰਾਤਨ ਜਨਮਸਾਖੀ, ਗੁਰ ਪ੍ਰਤਾਪ ਸੂਰਜ ਗ੍ਰੰਥ (ਕ੍ਰਿਤ ਭਾਈ ਸੰਤੋਖ ਸਿੰਘ) ੧੪ ਜਿਲਦਾਂ, ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਨੰਦ ਲਾਲ ਜੀ ਦੀ ਫ਼ਾਰਸੀ ਰਚਨਾ ਤੋਸੀਫੋ ਸਨਾ ਤੋਂ ਬਿਨਾਂ ਹੋਰ ਅਨੇਕਾਂ ਗ੍ਰੰਥਾਂ ਨੂੰ ਉਲਥਾ ਕਰ ਕੇ ਸੰਪਾਦਨ ਦੀ ਬੜੀ ਵਿਲੱਖਣ ਭੂਮਿਕਾ ਨਿਭਾਈ।

ਨਿਰਸੰਦੇਹ ਭਾਈ ਸਾਹਿਬ ਇਕ ਚੇਤੰਨ ਤੇ ਪਰਬੀਨ, ਹਿੰਮਤੀ ਤੇ ਮਿਹਨਤੀ, ਸੁੱਚੇ ਤੇ ਮਿਆਰੀ ਸੰਪਾਦਕ ਸਨ। ਉਨ੍ਹਾਂ ਦੀ ਸੰਪਾਦਨ ਕਲਾ ਵਿਗਿਆਨਕ ਸੂਝ ਤੇ ਤੁਲਨਾਤਮਕ ਰੁਚੀ ਵਾਲੀ ਸੀ। ਉਨ੍ਹਾਂ ਨੇ ਹਮੇਸ਼ਾ ਮੂਲ ਸ੍ਰੋਤਾਂ ਤਕ ਪਹੁੰਚ ਕਰ ਕੇ ਲਿਖਣ ਤੇ ਸੰਪਾਦਨ ਦੇ ਕਾਰਜਾਂ ਨੂੰ ਪ੍ਰਮਾਣਿਕ ਬਣਾਇਆ। ਆਪਣੇ ਹਰ ਵਿਸ਼ੇਸ਼ ਨੁਕਤੇ ਦੀ ਪੁਸ਼ਟੀ ਲਈ ਥਾਂ ਪੁਰ ਥਾਂ ਸੰਬੰਧਿਤ ਹਵਾਲੇ ਵੀ ਦਿੰਦੇ ਹਨ।

### ੩. ਇਤਿਹਾਸਿਕ ਖੋਜੀ

ਭਾਈ ਵੀਰ ਸਿੰਘ ਜੀ ਦੀਆਂ ਲਿਖਤ ਵਿੱਚੋਂ ਇਹ ਗੱਲ ਸਪੱਸ਼ਟ ਪ੍ਰਤੀਤ ਹੁੰਦੀ ਹੈ, ਸਿੱਖ ਇਤਿਹਾਸ ਦੀ ਖੋਜ ਕਰਕੇ ਪੁਰਾਤਨ ਪੁਸਤਕ ਹੱਥੀਂ-ਲਿਖੀਆਂ ਹੋਈਆਂ, ਉਨ੍ਹਾਂ ਨੇ ਅਨੇਕ ਇਕੱਤਰ ਕੀਤੀਆਂ। ਭਾਈ ਵੀਰ ਸਿੰਘ ਜੀ ਦੀਆਂ ਲਿਖਤਾਂ ਪੜ੍ਹਨ ਤੋਂ ਵੀ ਇਹ ਪਤਾ ਲੱਗਦਾ ਹੈ ਕਿ ਸਮਗਰੀ ਦੀ ਭਾਲ ਵਿਚ ਖੋਜ-ਪੜਤਾਲ ਲਈ ਉਹ ਕਿਸੇ ਤਰ੍ਹਾਂ ਵੀ ਵਿਗਿਆਨਕ ਇਤਿਹਾਸ-ਖੋਜਕਾਰ ਨਾਲੋਂ ਵੱਖਰੇ ਜਾਂ ਘੱਟ ਨਹੀਂ ਸਨ। ਉਹ ਵਿਗਿਆਨਕ ਇਤਿਹਾਸਕਾਰ ਵਾਂਗ ਸਮਗਰੀ ਦੀ ਭਾਲ ਕਰਦੇ ਹਨ, ਹਰ ਸੋਮੇ ਨੂੰ ਘੋਖਦੇ ਹਨ। ਕਈ ਵਾਰ ਉਹ ਐਸੇ ਇਤਿਹਾਸਿਕ ਸੋਮੇ ਲੱਭ ਲੈਂਦੇ ਹਨ, ਜਿਨ੍ਹਾਂ ਵੱਲ ਸ਼ਾਇਦ ਵਿਗਿਆਨਕ ਇਤਿਹਾਸਕਾਰ ਦਾ ਧਿਆਨ ਨਾ ਜਾਂਦਾ ਹੋਵੇ।

### ੩.੧ ਵਾਰਾਂ ਸੰਬੰਧੀ ਖੋਜ:

ਭਾਈ ਗੁਰਦਾਸ ਜੀ ਦੇ ਅਧਿਐਨ ਵਿਚ ਭਾਈ ਵੀਰ ਸਿੰਘ ਵੀ ਅਜਿਹੇ ਇਤਿਹਾਸਿਕ ਖੋਜੀ ਬਣ ਕੇ ਆਏ ਕਿ ਉਨ੍ਹਾਂ ਦੀ ਰਚਨਾ ਬਾਰੇ ਕਈ ਮਤਭੇਦ ਪਾਏ

ਜਾਂਦੇ ਹਨ। ਪਹਿਲਾ ਮਤਭੇਦ ਤਾਂ ਵਾਰਾਂ ਦੀ ਗਿਣਤੀ ਹੀ ਮੰਨ ਲਓ ਤਾਂ ਕੋਈ ੩੯, ਕੋਈ ੪੦ ਅਤੇ ਕੋਈ ੪੧ ਦੱਸਦਾ ਸੀ।

ਭਾਈ ਵੀਰ ਸਿੰਘ ਅਨੁਸਾਰ ਭੁਲੇਖੇ ਦਾ ਕਾਰਨ ਛਾਪੇ ਦੀਆਂ ਪੋਥੀਆਂ ਵਿਚ ਇਕ ਇਬਾਰਤ ਦਾ ਮਿਲਣਾ ਹੈ ਜਿਸ ਵਿਚ ਇਸ ਪ੍ਰਕਾਰ ਲਿਖਿਆ ਗਿਆ ਹੈ:

"ਪ੍ਰਥਮ ੩੯ ਵਾਰਾਂ ਭਾਈ ਗੁਰਦਾਸ ਭੱਲੇ ਜੀ ਦੀ ਕ੍ਰਿਤ ਹਨ॥ ਉਪਰੰਤ ੧ ਵਾਰ ਹੋਰ ਕਿਸੇ ਹੋਰ ਬੁਧੀਵਾਂਨ ਦੀ ਕ੍ਰਿਤ ਹੈ ਅਤੇ ਛੇਕੜਦੀ ੧ ਵਾਰ ਹੋਰ ਭਾਈ ਗੁਰਦਾਸ ਹੋਯਾ ਹੈ ਤਿਸਦੀ ਕ੍ਰਿਤ ਹੈ।"

ਭਾਈ ਵੀਰ ਸਿੰਘ ਅਨੁਸਾਰ ਮਗਰੋਂ ਇਹ ਯਤਨ ਵੀ ਹੋਏ ਕਿ ਇਸ ੪੧ਵੀਂ ਵਾਰ ਨੂੰ ਭਾਈ ਗੁਰਦਾਸ ਭਲੇ ਜੀ ਦੇ ਨਾਮ ਨਾਲ ਹੀ ਜੋੜਿਆ ਜਾਵੇ, ਜਿਵੇਂ: *ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ ੧੦॥ ਬੋਲਣਾ ਗੁਰਦਾਸ ਭੱਲੇ ਜੀ ਦਾ॥* ਫਿਰ ਉਨ੍ਹਾਂ ਹੀ ਨੁਸਖਿਆਂ ਵਿਚ ਇਸ ਵਾਰ ਦੇ ਅੰਤ ਵਿਚ ਇਕ ਦੋਹਰਾ ਮਿਲਦਾ ਹੈ। *ਗੁਰਦਾਸ ਸਿੰਘ ਪੂਰਨ ਕੀਓ ਸ੍ਰੀ ਮੁਖ ਗ੍ਰੰਥ ਪ੍ਰਮਾਨ॥*[20] ਪਰੰਤੂ ੪੦ਵੀਂ ਵਾਰ ਦੇ ਫੁੱਟ ਨੋਟ ਵਿਚ ਇਸ ਸੰਬੰਧੀ ਕੁਝ ਇਸ ਪ੍ਰਕਾਰ ਲਿਖਿਆ ਹੈ :

ਕਈ ਲੋਕ ਸ਼ੱਕ ਕਰਦੇ ਹਨ ਕਿ ਚਾਲੀਵੀਂ ਵਾਰ ਭਾਈ ਗੁਰਦਾਸ ਜੀ ਦੀ ਰਚਿਤ ਨਹੀਂ, ਕਿਸੇ ਹੋਰ ਸਿੱਖ ਦੀ ਰਚੀ ਹੋਈ ਹੈ, ਪਰੰਤੂ 'ਗੁਰਬਿਲਾਸ ਪਾ. ਛੇਵੀਂ' ਵਿਚ ੪੦ ਵਾਰਾਂ ਭਾਈ ਗੁਰਦਾਸ ਕ੍ਰਿਤ ਦੱਸੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਨੂੰ ਕਹਿੰਦੇ ਹਨ : ਵਾਰ ਚਾਲੀਸ ਰਚੋ ਤੁਮ ਪੂਰੀ॥ ਜਾਕੇ ਪੜੇ ਹੋਇ ਭ੍ਰਮ ਦੂਰੀ॥ (ਧਿਆਇ ੪ ਅੰਕ ੩੬੩) ਚਾਲੀਵੀਂ ਵਾਰ ਦੀ ਰਚਨਾ ਤੇ ਖਿਆਲ ਤੇ ਬੋਲੀ ਸਭ ਪਹਿਲੀਆਂ ੩੯ ਵਾਰਾਂ ਨਾਲ ਮਿਲਦੀਆਂ ਹਨ, ਇਸ ਕਰਕੇ ਵੀ ੪੦ ਵਾਰਾਂ ਹੀ ਭਾਈ ਗੁਰਦਾਸ ਭਲੇ ਜੀ ਦੀਆਂ ਸਮਝਣੀਆਂ ਠੀਕ ਹਨ।[21]

੩.੨ ਕਬਿੱਤਾਂ ਸੰਬੰਧੀ ਖੋਜ:

੧) ਭਾਈ ਗੁਰਦਾਸ ਜੀ ਦੇ ਛੇ ਸੰਸਕ੍ਰਿਤ ਸ਼ਲੋਕਾਂ ਦਾ ਮੂਲ ਸ੍ਰੋਤ ਮਹਾਂਕਵੀ ਸੰਤੋਖ ਸਿੰਘ ਜੀ ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਹੀ ਰਾਸਿ ੭ ਅੰਸੂ ੩ ਹੈ, ਜਿਸ ਵਿਚ ਇਹ ਸ਼ਲੋਕ ਅੰਕ ੪੫ ਤੋਂ ਪਿੱਛੋਂ ਦਰਜ ਹਨ।[22] ਭਾਈ ਗੁਰਦਾਸ ਜੀ ਦੇ ਕਈ ਸ਼ਲੋਕਾਂ ਦਾ ਮੂਲ ਪਾਠ ਅਜੇ ਤਕ ਨਹੀਂ ਮਿਲ ਸਕਿਆ। ਇਨ੍ਹਾਂ ਸ਼ਲੋਕਾਂ ਵਿਚ ਭਾਈ ਵੀਰ ਸਿੰਘ ਜੀ ਅਨੁਸਾਰ ਭਾਸ਼ਾਂ ਦੀਆਂ ਕੁਝ ਅਸ਼ੁੱਧੀਆਂ ਹਨ, ਜੋ ਕਿ ਭਾਸ਼ਾ ਤੋਂ ਅਣਜਾਣ ਉਤਾਰਾ ਕਰਨ ਵਾਲਿਆਂ ਦੀ ਭੁਲ ਕਰਕੇ ਜਾਪਦੀਆਂ ਹਨ ਅਤੇ ਜੇਕਰ ਸੰਤੋਖ ਸਿੰਘ ਦਾ ਮੂਲ ਖਰੜਾ ਪ੍ਰਾਪਤ ਹੋ ਜਾਵੇ ਤਾਂ ਇਹ ਅਸ਼ੁਧੀਆਂ ਦੂਰ ਹੋ ਸਕਦੀਆਂ ਹਨ।[23] ਇਨਾਂ ਸ਼ਲੋਕਾਂ ਦਾ ਟੀਕਾ ਭਾਈ ਵੀਰ ਸਿੰਘ ਜੀ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਪੰਨਾ ੩੦੫੭ ਤੋਂ ੩੦੬੦) ਅਤੇ ਕਬਿੱਤ ਭਾਈ ਗੁਰਦਾਸ ਦੂਸਰਾ ਸਕੰਧ (ਪੰਨਾ ੬੫ ਤੋਂ ੬੯) ਵਿਚ ਦਿੱਤਾ ਹੈ।

੨) ਭਾਈ ਗੁਰਦਾਸ ਜੀ ਦੇ ਪਹਿਲਾਂ ੫੫੬ ਕਬਿੱਤ ਸਵਈਏ ਹੀ ਮੰਨੇ ਜਾਂਦੇ ਸਨ। ਇਸ ਦਾ ਕਾਰਨ ਕਿਸੇ ਦਾ ਇਸ ਪਾਸੇ ਵੱਲ ਧਿਆਨ ਨਹੀਂ ਗਿਆ ਹੋਣਾ। ਇਸ ਪਾਸੇ ਪਹਿਲਾ ਉੱਦਮ ਭਾਈ ਵੀਰ ਸਿੰਘ ਜੀ ਨੇ ਹੀ ਪੁੱਟਿਆ। ਉਨ੍ਹਾਂ ਨੇ ਜਦੋਂ ਖੋਜ ਦਾ ਉੱਦਮ ਅਰੰਭ ਕੀਤਾ ਤਾਂ ਉਨ੍ਹਾਂ ਨੂੰ ਇਕ ਪੁਰਾਤਨ ਪੋਥੀ ਪ੍ਰਾਪਤ ਹੋਈ, ਜਿਸ ਵਿਚ ਇਹ ਕਬਿੱਤ ਮਿਲੇ ਜਿਹੜੇ ਹੁਣ ੫੫੬ ਤੋਂ ੬੭੩ ਤਕ ਅੰਤ ਹੁੰਦੇ ਹਨ। ਫਿਰ ਇਕ ਪੋਥੀ ਹੋਰ ਮਿਲੀ ਜਿਸ ਵਿਚ ੨੧ ਕਬਿੱਤ ਮਿਲੇ, ਜਿਨਾਂ ਵਿੱਚੋਂ ੧੫ ਤਾਂ ਪਹਿਲੇ ਪ੍ਰਚਲਿਤ ੫੫੬ ਕਬਿੱਤ ਸਵਯੇ ਵਿਚ ਹੀ ਸਨ ਅਤੇ ਚਾਰ ਬਾਅਦ ਵਿਚ ਮਿਲੇ ਕਬਿਤਾਂ ਵਿੱਚੋਂ ਸਨ ਬਾਕੀ ਦੇ ਰਹਿੰਦੇ ੨ ਉਨ੍ਹਾਂ ੬੭੩ ਤੋਂ ਅੱਗੇ ੭੪, ੭੫ ਨੰਬਰ 'ਤੇ ਰੱਖ ਕੇ ਨਵੇਂ ਪ੍ਰਾਪਤ ਕਬਿੱਤਾਂ ਨੂੰ ਪਹਿਲੇ ਪ੍ਰਚਲਿਤ ਕਬਿੱਤ ਸਵਯੇ ਨਾਲੋਂ ਵਖਰਿਆਣ ਲਈ ਦੂਸਰਾ ਸਕੰਧ ਦੇ ਨਾਮ ਹੇਠ ਅਕਤੂਬਰ ੧੯੪੦ ਵਿਚ ਪ੍ਰਕਾਸ਼ਿਤ ਕਰ ਦਿੱਤੇ।[੨੪] ਭਾਈ ਵੀਰ ਸਿੰਘ ਨੂੰ ਕਬਿੱਤ-ਸਵਯੇ ਦੀ ਗਿਣਤੀ ੫੫੬ ਤੋਂ ਵਧੇਰੇ ਹੋਣ ਦੀ ਸੰਭਾਵਨਾ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਹੋਈ, ਜਿਸ ਵਿਚ ਭਾਈ ਸੰਤੋਖ ਸਿੰਘ ਨੇ ਭਾਈ ਗੁਰਦਾਸ ਦੇ ਪ੍ਰਸੰਗ ਵਿਚ ਭਾਈ ਸਾਹਿਬ ਦੇ ਚਾਰ ਛੰਦਾਂ ਦਾ ਅਨੁਵਾਦ ਰਾਸ ੭, ਅੰਸੂ ੪ (ਅੰਕ ੬੧ ਤੇ ੬੨) ਅਤੇ ਅੰਸੂ ੫ (ਅੰਕ ੩੯ ਤੇ ੪੦) ਵਿਚ ਦਿੱਤਾ ਹੈ। ਇਨ੍ਹਾਂ ਵਿੱਚੋਂ ਪਹਿਲੇ, ਤੀਜੇ ਅਤੇ ਚੌਥੇ ਦਾ ਮੂਲ ਰੂਪ ਭਾਈ ਗੁਰਦਾਸ ਕ੍ਰਿਤ ਕਬਿੱਤ ਸਵਈਏ ਵਿੱਚੋਂ ਅੰਕ ੫੨੦, ੫੨੭ ਅਤੇ ੫੨੮ ਮਿਲ ਗਿਆ ਹੈ ਪਰ ਦੂਜੇ ਛੰਦ ਦਾ ਮੂਲ ਕਿਤੇ ਨਹੀਂ ਮਿਲਦਾ।[੨੫]

ਇਸ ਪ੍ਰਕਾਰ ਭਾਈ ਵੀਰ ਸਿੰਘ ਜੀ ਦੀਆਂ ਦਲੀਲਾਂ, ਜੋ ਉਨ੍ਹਾਂ ਕਬਿੱਤ ਸਵਯੇ ਦੂਸਰੇ ਸਕੰਧ ਵਿਚ ਦਿੱਤੀਆਂ ਹਨ, ਕਾਫੀ ਠੋਸ ਹਨ, ਜਿਸ ਬਾਬਤ ਉਨਾਂ ਨੇ ਫੁੱਟ ਨੋਟਾਂ ਵਿਚ ਹਰ ਥਾਂ ਸੰਕੇਤ ਦਿਤੇ ਹਨ। ਇਸ ਸੰਬੰਧੀ ਆਪ ਪੰਨਾ ੧੧ ਤੋਂ ੧੪ ਦੇਖ ਸਕਦੇ ਹੋ, ਜੋ ਕਿ ਕਬਿੱਤ ਸਵਯੇ ਦੇ ਲਿਖਾਰੀ ਬਾਰੇ ਸੰਸੇ ਨਿਰੁੱਤਰ ਕਰਨ ਲਈ ਕਾਫੀ ਹਨ।

ਕਬਿੱਤ ਸਵਯੇ ਦੀ ਭਾਸ਼ਾ, ਵਿਸ਼ੇਸ਼ ਸ਼ਬਦਾਂ ਦਾ ਦੁਹਰਾਓ, ਵਾਕ ਰਚਨਾ, ਦ੍ਰਿਸ਼ਟਾਂਤ, ਸ਼ੈਲੀ, ਵਿਸ਼ੇ ਆਦਿ ਦੀ ਪਹਿਲੇ ਸਕੰਧ ਦੇ ਕਬਿੱਤਾਂ ਨਾਲ ਤੁਲਨਾ ਕਰਕੇ ਭਾਈ ਵੀਰ ਸਿੰਘ ਨੇ ਇਨ੍ਹਾਂ ਨੂੰ ਭਾਈ ਗੁਰਦਾਸ ਦੀ ਰਚਨਾ ਸਿੱਧ ਕੀਤਾ ਹੈ।[੨੬]

੩) ਭਾਈ ਗੁਰਦਾਸ ਜੀ ਦੀ ਸਿੱਖੀ ਸਿਦਕ, ਘੋੜੇ ਖਰੀਦਣ ਅਤੇ ਵਾਪਸ ਸੱਦੇ ਜਾਣਾ ਦੋਵੇਂ ਪ੍ਰਸੰਗ ਛੇਵੇਂ ਸਤਿਗੁਰਾਂ ਸਮੇਂ ਲਿਖੇ ਹਨ ਪਰ 'ਮਹਿਮਾ ਪ੍ਰਕਾਸ਼' ਵਿਚ ਲਿਖਿਆ ਹੈ ਕਿ ਘੋੜਿਆਂ ਵਾਲਾ ਤੇ ਨੱਸ ਜਾਣ ਵਾਲਾ ਪ੍ਰਸੰਗ ਪੰਜਵੇਂ ਸਤਿਗੁਰਾਂ ਵੱਲੋਂ ਹੋਇਆ ਤੇ ਵਾਪਸ ਛੇਵੇਂ ਸਤਿਗੁਰਾਂ ਨੇ ਸੱਦਿਆ। ਇਹ ਗੱਲ ਠੀਕ ਨਹੀਂ ਹੁੰਦੀ ਕਿਉਂ ਕਿ ਇਤਿਹਾਸਕਾਰਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਛੇਵੇਂ ਸਤਿਗੁਰਾਂ ਦੀ ਗੁਰਿਆਈ ਵੇਲੇ ਭਾਈ ਗੁਰਦਾਸ ਜੀ ਸ੍ਰੀ ਅੰਮ੍ਰਿਤਸਰ ਦੱਸੇ ਹਨ ਅਤੇ ਇਹ ਸੰਭਵ

ਨਹੀਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹਿਰਦੇਵੇਦਕ ਸਾਕਾ ਵਰਤ ਜਾਏ ਤੇ ਪਰਮ ਪ੍ਰੇਮੀ ਭਾਈ ਗੁਰਦਾਸ ਜੀ ਲੁਕੇ ਬੈਠੇ ਰਹਿਣ ਤੇ ਸ੍ਰੀ ਅੰਮ੍ਰਿਤਸਰ ਆਪ ਨਾ ਜਾਣ, ਨਾਲ ਹੀ ਜਦ ਕਿ ਉਨ੍ਹਾਂ ਦੀ ਇੰਨੀ ਨੇੜੇ ਦੀ ਸਾਕਾਦਾਰੀ ਸੀ ਕਿ ਆਪ ਪੰਚਮ ਪਾਤਸ਼ਾਹ ਦੇ ਮਾਮਾ ਜੀ ਲਗਦੇ ਸਨ। ਫਿਰ ਉਨ੍ਹਾਂ ਦੀ ਰਚੀ ਪਉੜੀ— *ਗੁਰ ਅਰਜਨ ਵਿਟਹੁ ਕੁਰਬਾਣੀ* ਤੋਂ ਐਉਂ ਜਾਪਦਾ ਹੈ ਕਿ ਓਸ ਸਾਕੇ ਸਮੇਂ ਉਹ ਸ੍ਰੀ ਅੰਮ੍ਰਿਤਸਰ ਸਨ ਨਾ ਹੀ ਪੰਜਵੇਂ ਪਾਤਸ਼ਾਹ ਵੇਲੇ ਰਾਜਸੀ ਠਾਠ ਬੱਝਾ ਸੀ ਨਾ ਹੀ ਸਿੱਖ ਡੋਲੇ ਸਨ, ਗੁਰੂ ਦੇ ਸਾਂਗ ਵਰਤਾਉਣ ਵਾਲੀ ਗੱਲ ਹੀ ਨਹੀਂ ਹੋਈ ਤਾਂ ਕਸਵਟੀ ਕਿਸ ਗਲ ਦੀ ਲਾਉਣੀ ਸੀ।[੨੭]

੪) ਭਾਈ ਵੀਰ ਸਿੰਘ ਨੇ ਭਾਈ ਗੁਰਦਾਸ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਿਧਾਂ ਨਾਲ ਗੋਸ਼ਟ ਨੂੰ 'ਪੁਰਾਤਨ ਜਨਮਸਾਖੀ' ਵਿਚ ਦਿੱਤੇ ਵਰਣਨ ਨਾਲੋਂ ਵਧੇਰੇ ਚੰਗਾ ਮੰਨਿਆ ਹੈ।[੨੮]

ਇਸ ਪ੍ਰਕਾਰ ਭਾਈ ਵੀਰ ਸਿੰਘ ਇਕ ਉੱਚੇ ਦਰਜੇ ਦੇ ਇਤਿਹਾਸਿਕ-ਖੋਜੀ ਸਨ, ਉਨ੍ਹਾਂ ਨੇ ਕੋਈ ਵੀ ਗੱਲ ਬਿਨਾਂ ਪ੍ਰਮਾਣਾਂ ਤੋਂ ਨਹੀਂ ਆਖੀ; ਜਿੱਥੇ ਕਿਸੇ ਗੱਲ ਦਾ ਤੱਥ ਕੱਢਣਾ ਹੋਵੇ, ਉਨਾਂ ਵੱਲੋਂ ਉੱਚਿਤ ਪ੍ਰਮਾਣਾਂ ਦਾ ਪ੍ਰਯੋਗ ਕੀਤਾ ਗਿਆ ਹੈ ਅਤੇ ਹਰ ਗੱਲ ਨੂੰ ਵਾਜਬ ਅਤੇ ਠੋਸ ਕਦਮੀ ਪ੍ਰਮਾਣਾਂ ਸਮੇਤ ਪੇਸ਼ ਕੀਤਾ ਹੈ।

### ੩.੩ ਸਿੱਖਾਂ ਦੀ ਭਗਤਮਾਲਾ :

ਸਾਖੀ ਭਾਈ ਗੁਰਦਾਸ ਜੀ ਕੀ ਵਾਰ ਗਿਆਰ੍ਹਵੀਂ ਦਾ ਟੀਕਾ ਸਿੱਖਾਂ ਦੀ ਭਗਤਮਾਲਾ ਸਿਰਲੇਖ ਅਧੀਨ ਇਹ ਕਾਰਜ ਖਾਲਸਾ ਸਮਾਚਾਰ, ਅੰਮ੍ਰਿਤਸਰ ਤੋਂ ੧੯੧੨ ਈ. ਵਿਚ ਪਹਿਲੀ ਵਾਰ ਪ੍ਰਕਾਸ਼ਿਤ ਕੀਤਾ ਗਿਆ ਅਤੇ ੨੦੧੧ ਤਕ ਇਸ ਦੇ ੧੧ ਐਡੀਸ਼ਨ ਛਪ ਚੁਕੇ ਹਨ। ਇਸ ਕਾਰਜ ਉੱਤੇ ਕਈ ਵਿਦਵਾਨਾਂ ਦੁਆਰਾ ਕਾਰਜ ਹੋਏ ਪਰ ਭਾਈ ਵੀਰ ਸਿੰਘ ਦੁਆਰਾ ਕੀਤਾ ਕਾਰਜ ਪ੍ਰਥਮ ਕਾਰਜਾਂ ਵਿਚ ਆਉਂਦਾ ਹੈ, ਭਾਈ ਸਾਹਿਬ ਨੇ ਇਸ ਪੋਥੀ ਨੂੰ ਪ੍ਰਕਾਸ਼ਿਤ ਕਰਨ ਲਈ ੧੯੯੨ ਬਿ. (੧੯੩੫ ਈ.) ਵਾਲੇ ਖਰੜੇ ਨੂੰ ਆਧਾਰ ਬਣਾਇਆ ਹੈ। ਇਸ ਖਰੜੇ ਦੀ ਛਪਾਈ ਲਈ ਭਾਈ ਸਾਹਿਬ ਨੇ ਹੋਰ ਵੀ ਕਈ ਹੱਥ-ਲਿਖਤ ਪੋਥੀਆਂ ਦੇਖੀਆਂ ਹਨ ਤਾਂ ਕਿ ਗਿਆਰ੍ਹਵੀਂ ਵਾਰ ਦਾ ਟੀਕਾ ਸ਼ੁਧ ਤੇ ਦਰੁੱਸਤ ਕੀਤਾ ਜਾ ਸਕੇ।

ਸਿੱਖਾਂ ਦੀ ਭਗਤਮਾਲਾ ਉੱਤੇ ਹੋਰ ਵਿਦਵਾਨਾਂ ਦੁਆਰਾ ਹੋਏ ਕਾਰਜ ਇਸ ਪ੍ਰਕਾਰ ਹਨ: ਗੋਬਿੰਦ ਸਿੰਘ (ਲਾਂਬਾ) (ਸਿੱਖਾਂ ਦੀ ਭਗਤਮਾਲਾ, ਮਿਤੀ ਹੀਣ), ਡਾ. ਧਰਮ ਚੰਦ ਬਾਤਿਸ਼ ਸਿੱਖਾਂ ਦੀ ਭਗਤਮਾਲਾ: ਅਧਿਐਨ ਅਤੇ ਸੰਪਾਦਨ, ੧੯੭੯), ਤ੍ਰਿਲੋਚਨ ਸਿੰਘ (ਬੇਦੀ) (ਸਿੱਖਾਂ ਦੀ ਭਗਤਮਾਲਾ, ੧੯੯੪ ਦੂਜੀ ਵਾਰ), ਡਾ. ਮਲਕਿੰਦਰ ਕੌਰ (ਗੁਰਮਤਿ ਵਿਚਾਰਧਾਰਾ : ਸਿੱਖਾਂ ਦੀ ਭਗਤਮਾਲਾ ਦੇ ਸੰਦਰਭ ਵਿਚ, ੨੦੧੦), ਸ. ਸ. ਪਦਮ (ਸਿੱਖਾਂ ਦੀ ਭਗਤਮਾਲਾ, ੨੦੧੩) ਆਦਿ।

੪. ਵਿਆਖਿਆਕਾਰ

ਵਿਆਖਿਆ ਦਾ ਅਰਥ 'ਟੀਕਾ' ਜਾਂ ਸ਼ਾਬਦਿਕ ਅਰਥਾਂ ਵਿਚ 'ਪ੍ਰਗਟਾਵਾ' ਨਹੀਂ, ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਵਿਸਥਾਰ ਵਿਚ ਸਪੱਸ਼ਟਤਾ ਸਹਿਤ ਬਿਆਨ ਕਰਨ ਦਾ ਯਤਨ ਹੁੰਦਾ ਹੈ।

ਭਾਈ ਵੀਰ ਸਿੰਘ ਦੀ ਸਿੱਖ ਧਰਮ ਤੇ ਬਾਣੀ-ਵਿਆਖਿਆ ਆਪਣੇ ਸੰਪਰਦਾਇਕ ਪ੍ਰਸੰਗ ਤੋਂ ਪ੍ਰਭਾਵਿਤ ਵੀ ਹੈ, ਪਰ ਇਸ ਪ੍ਰਭਾਵ ਤੋਂ ਮੁਕਤ ਰਹਿਣ ਦੀ ਪ੍ਰਵਿਰਤੀ ਵੀ ਉਨ੍ਹਾਂ ਦੀ ਬਾਣੀ-ਵਿਆਖਿਆ ਵਿਚ ਸਪੱਸ਼ਟ ਵੇਖੀ ਜਾ ਸਕਦੀ ਹੈ।[੨੯] ਭਾਈ ਵੀਰ ਸਿੰਘ ਨੇ ਪੁਰਾਣੀ ਰੂੜ੍ਹੀਆਂ ਦੀ ਲੀਹ ਉੱਪਰ ਤੁਰ ਕੇ ਜਿੱਥੇ ਗਲਪ-ਰਚਨਾਵਾਂ ਰਾਹੀਂ ਬਾਣੀ-ਵਿਆਖਿਆ ਕੀਤੀ ਹੈ, ਉੱਥੇ ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਵਿਆਖਿਆ ਨੂੰ ਨਵਾਂ ਮੋੜ ਵੀ ਦਿੱਤਾ ਹੈ। ਇਹ ਵਿਆਖਿਆ-ਵਿਧੀ ਗੁਰਬਾਣੀ ਦੇ ਪੈਟਰਨ ਨੂੰ ਸ਼ਬਦ-ਅਰਥ, ਤੁਕ-ਅਰਥ ਆਦਿ ਤਕ ਹੀ ਸੀਮਿਤ ਨਹੀਂ ਰੱਖਦੀ। ਇਹ ਤਾਂ ਬਾਣੀ ਦੇ ਸਮੁੱਚੇ ਥੀਮਿਕ ਪੈਟਰਨ ਤੀਕ ਪੁੱਜ ਕੇ ਵਿਆਖਿਆ ਕਰਦੀ ਹੈ।[੩੦]

ਕੁਲਦੀਪ ਸਿੰਘ ਹਉਰਾ ਅਨੁਸਾਰ ਭਾਵੇਂ ਭਾਈ ਵੀਰ ਸਿੰਘ ਦੀ ਟੀਕਾਕਾਰੀ ਤੇ ਵਿਆਖਿਆਕਾਰੀ ਉਤੇ ਗਿਆਨੀ ਹਜ਼ਾਰਾ ਸਿਘ ਜੀ ਦਾ ਅਸਰ ਤਾਂ ਹੈ, ਪਰ ਭਾਈ ਵੀਰ ਸਿੰਘ ਨੇ ਵਿਆਖਿਆ ਤੇ ਟੀਕਾਕਾਰੀ ਦੇ ਖੇਤਰ ਵਿਚ ਇਕ ਨਵੀਂ ਪ੍ਰਣਾਲੀ ਦਾ ਮੁਢ ਬੰਨ੍ਹਿਆ।[੩੧]

ਵਿਆਖਿਆਕਾਰੀ ਲਈ ਭਾਈ ਵੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਛੁੱਟ ਆਪਣਾ ਭਾਵ ਸਪੱਸ਼ਟ ਕਰਨ ਲਈ ਥਾਂ-ਥਾਂ ਭਾਈ ਗੁਰਦਾਸ ਜੀ ਦੇ ਕਬਿੱਤ ਸਵਈਏ ਅਤੇ ਵਾਰਾਂ ਵਿੱਚੋਂ ਪ੍ਰਮਾਣ ਵਰਤੇ ਹਨ।

ਭਾਈ ਵੀਰ ਸਿੰਘ ਅਨੁਸਾਰ ਭਾਈ ਗੁਰਦਾਸ ਜੀ ਦੇ ਸਦਾ ਥਿਰ ਰਹਿਣ ਵਾਲੇ ਦੋ ਸੇਵਾ ਦੇ ਕੰਮ ਹਨ। ਇਕ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਬੈਠ ਕੇ ਗੁਰਬਾਣੀ ਦੇ ਇਕੱਤਰ ਤੇ ਸੰਕਲਿਤ ਕਰਨ ਵਿਚ ਸੇਵਾ ਕਰਨੀ ਅਤੇ ਸਾਰੀ ਬਾਣੀ ਆਪਣੀ ਹੱਥੀਂ ਲਿਖਣੀ। ਦੂਸਰਾ ਕੰਮ ਉਨ੍ਹਾਂ ਦੀ ਆਪਣੀ ਬਾਣੀ ਹੈ, ਜੋ ਗੁਰਸਿੱਖੀ ਤੇ ਗੁਰਬਾਣੀ ਦੇ ਭਾਵਾਂ ਨੂੰ ਸਮਝਣ ਲਈ ਸਚਮੁਚ ਕੁੰਜੀ ਦਾ ਕੰਮ ਦਿੰਦੀ ਹੈ।[੩੨]

*ਜੋ ਬਾਣੀ ਗੁਰਦਾਸ ਕੀ ਗੁਰ ਮਹਿਮਾ ਭਾਰੀ।*
*ਸਿੱਖੀ ਪ੍ਰਾਪਤਿ ਪਠੇ ਤੇ ਇਮ ਲੇਹੁ ਬਿਚਾਰੀ॥*

*(ਸ੍ਰੀ ਗੁ. ਪ੍ਰ. ਸੂ. ਗ੍ਰੰਥ, ਰਾਸ ੩, ਅੰਸੂ ੩੩, ਅੰਕ ੧੪)*

ਸ. ਦਲੀਪ ਸਿੰਘ ਦੀਪ ਅਨੁਸਾਰ ਧਾਰਮਿਕ ਭਾਵਾਂ ਦੀ ਜਾਂ ਸਦਾਚਾਰਕ ਤੱਤਾਂ ਦੀ ਕਵਿਤਾ ਵਿਚ ਵਿਆਖਿਆ ਕਰਨ ਲਈ ਭਾਈ ਗੁਰਦਾਸ ਤੋਂ ਬਾਅਦ ਭਾਈ ਵੀਰ ਸਿੰਘ ਨੂੰ ਹੀ ਮਾਣ ਪ੍ਰਾਪਤ ਹੈ।[੩੩]

ਭਾਈ ਗੁਰਦਾਸ ਅਧਿਐਨ ਵਿਚ ਭਾਈ ਵੀਰ ਸਿੰਘ ਦਾ ਪਹਿਲਾ ਯੋਗਦਾਨ ਉਨ੍ਹਾਂ ਦੁਆਰਾ ਸੰਪਾਦਿਤ ਕੀਤਾ ਗਿਆ ਵਾਰਾਂ ਦਾ ਸਟੀਕ ਹੈ। ਜੋ ਮੁੱਢਲੀ ਦੇਣ ਵਜੋਂ ਭਾਈ ਗੁਰਦਾਸ ਅਧਿਐਨ ਵਜੋਂ ਹਰ ਖੋਜਕਾਰ ਲਈ ਬੁਰਜ ਦਾ ਕੰਮ ਕਰਦਾ ਹੈ। ਭਾਈ ਸਾਹਿਬ ਇਕ ਚੋਟੀ ਦੇ ਵਿਆਖਿਆਕਾਰ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਵਿਆਖਿਆਕਾਰੀ ਵਿਚ ਇਕ ਅਜੀਬ ਚਮਤਕਾਰ ਹੈ, ਜੋ ਉਸ ਦੀ ਸ਼ੈਲੀ ਅਤੇ ਭਾਸ਼ਾ ਰਾਹੀਂ ਧੁਰ ਅੰਦਰ ਤਕ ਜਜ਼ਬ ਹੋ ਜਾਂਦਾ ਹੈ। ਭਾਵੇਂ 'ਗੁਰੂ ਨਾਨਕ ਚਮਤਕਾਰ' ਹੋਵੇ ਭਾਵੇਂ ਨਿੱਕੀ ਕਵਿਤਾ ਦਾ ਰਹੱਸਮਈ ਵਾਤਾਵਰਨ ਹੋਵੇ ਭਾਈ ਸਾਹਿਬ ਨੂੰ ਪੜ੍ਹ ਕੇ ਹਰ ਵਿਅਕਤੀ ਉਨ੍ਹਾਂ ਦੀ ਸ਼ੈਲੀ ਤੇ ਰਚਨਾ ਦਾ ਕਾਇਲ ਹੋ ਜਾਂਦਾ ਹੈ।

ਜਿਵੇਂ:

*ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।*
*ਰਕਤਿ ਬਿੰਦ ਕੀ ਦੇਹ ਰਚਿ ਪਾਂਚਿ ਤਤ ਕੀ ਜੜਿਤ ਜੜਾਈ।*

ਪਹਿਲੇ-ਪਹਿਲ (ਜਦੋਂ) ਸਾਸ ਅਤੇ ਮਾਸ (ਕੁਝ ਬੀ) ਨਹੀਂ ਸੀ, (ਤਦੋਂ) ਅੰਧ ਧੁੰਦ (ਹਨੇਰ ਘੁੰਮ ਘੇਰ ਸੀ) ਕੁਝ ਸੋਝੀ ਨਹੀਂ ਪੈਂਦੀ ਸੀ। (ਮਾਤਾ ਦੇ) ਲਹੂ ਤੇ (ਪਿਤਾ ਦੇ) ਬੀਰਜ ਦੀ ਦੇਹ ਬਣਾ ਕੇ (ਉਸ ਨੇ) ਤੱਤਾਂ ਦਾ ਜੜਾਊ ਜੜ ਦਿੱਤਾ।[੩੪]

(ਵਾਰ ੧: ੨)

*ਜੈਸੇ ਲਾਖ ਕੋਰਿ ਲਿਖਤ ਨ ਕਨ ਭਾਰ ਲਾਗੈ*
*ਜਾਨਤ ਸੁ ਸ੍ਰਮ ਹੋਇ ਜਾਂ ਕੈ ਗਨ ਰਾਖੀਐ॥*

ਜਿਵੇਂ ਲਖਾਂ ਕ੍ਰੋੜਾਂ (ਦੀ ਰਕਮ) ਲਿਖਕੇ (ਚੁਕੀਏ ਤਾਂ) ਕਿਨਕਾ ਮਾਤਰ ਬੀ ਭਾਰ ਨਹੀਂ ਲਗਦਾ, (ਪਰ) ਜਿਸਦੇ (ਸਿਰ ਵਡੀ ਰਕਮ) ਗਿਣਕੇ ਰੱਖ ਦੇਈਏ, ਉਸ ਨੂੰ ਪਤਾ ਲਗਦਾ ਹੈ ਕਿ (ਕਿੰਨੀ ਕੁ) ਖੇਚਲ ਹੁੰਦੀ ਹੈ। (ਜਿਵੇਂ) ਅੰਮ੍ਰਿਤ ਅੰਮ੍ਰਿਤ ਕਿਹਾਂ ਅਰਮ ਪਦ ਨਹੀਂ ਪਾਇਆ ਜਾਂਦਾ, ਜਦ ਤਕ ਜੀਭ ਨਾਲ ਅੰਮ੍ਰਿਤ ਦਾ ਸੁਹਣਾ ਰਸ ਨਾ ਚਖੀਏ।[੩੫] (ਕਬਿੱਤ ੫੯੫)

ਸਾਰੰਸ਼

ਸਾਰ ਰੂਪ ਵਿਚ ਅਸੀਂ ਇਹੀ ਕਹਾਂਗੇ ਕਿ ਭਾਈ ਗੁਰਦਾਸ ਜੀ ਉੱਪਰ ਹੋ ਰਹੇ ਹਰ ਕਾਰਜ ਭਾਵੇਂ ਉਹ ਸੰਪਾਦਨ ਦੇ ਖੇਤਰ ਦਾ ਹੋਵੇ, ਭਾਵੇਂ ਪੁਸਤਕ ਰੂਪ ਵਿਚ, ਭਾਵੇਂ ਉਪਾਧੀ-ਸਾਪੇਖ ਕਾਰਜ ਅਤੇ ਭਾਵੇਂ ਕਿਸੇ ਖੋਜ ਪੱਤਰ/ਲੇਖ ਰੂਪ ਵਿਚ ਹੋਵੇ, ਭਾਈ ਵੀਰ ਸਿੰਘ ਦੁਆਰਾ ਹੋਏ ਕਾਰਜ ਨੂੰ ਦ੍ਰਿਸ਼ਟਾਂਤ ਅਤੇ ਪ੍ਰਮਾਣਾਂ ਦੇ ਰੂਪ ਵਿਚ ਜਗ੍ਹਾ-ਜਗ੍ਹਾ ਵਰਤਿਆ ਜਾਂਦਾ ਹੈ।

ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਅਜਿਹੀ ਹੈ ਕਿ ਉਨ੍ਹਾਂ ਦੀ ਤੁਲਨਾ ਭਾਵੇਂ ਅਸੀਂ ਭਾਈ ਗੁਰਦਾਸ ਜੀ ਨਾਲ ਤਾਂ ਨਹੀਂ ਕਰ ਸਕਦੇ ਪਰ ਸੱਚਮੁਚ ਹੀ ਚੰਗੇ ਸੰਪਾਦਕ, ਇਤਿਹਾਸਿਕ ਖੋਜੀ ਅਤੇ ਸਿੱਖੀ ਦੇ ਇਕ ਵਿਆਖਿਆਕਾਰ ਦੇ ਤੌਰ 'ਤੇ

ਉਨ੍ਹਾਂ ਦੀ ਘਾਲਣਾ ਬੜੀ ਵਿਲੱਖਣ ਹੈ। ਭਾਈ ਸਾਹਿਬ ਦਾ ਨਾਮ ਅਜੋਕੇ ਪੰਜਾਬੀ ਅਤੇ ਧਰਮ ਦੇ ਖੇਤਰ ਵਿਚ ਆਉਣ ਵਾਲੇ ਹਰ ਖੋਜਾਰਥੀ ਦੇ ਖੋਜ ਕਾਰਜ ਦੀ ਪੁਸਤਕਾਵਲੀ ਵਿਚ ਸੁਭਾਇਮਾਨ ਹੁੰਦਾ ਹੈ, ਉਹ ਹਰ ਖੋਜਾਰਥੀ ਦੀ ਖੋਜ ਲਈ ਇਕ ਰੋਲ ਮਾਡਲ ਵਾਂਗ ਵਡਮੁੱਲੇ ਯੋਗਦਾਨ ਵਜੋਂ ਸਹਾਇਕ ਸਿੱਧ ਹੁੰਦੇ ਰਹਿਣਗੇ।

## ਹਵਾਲੇ ਅਤੇ ਟਿੱਪਣੀਆਂ :


੧. ਰੂਪ ਸਿੰਘ, *ਪ੍ਰਮੁੱਖ ਸਿੱਖ ਸ਼ਖਸੀਅਤਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ੨੦੧੦ (੫ਵੀਂ ਵਾਰ), ਪੰਨਾ ੨੧੮.

੨. ਉਹੀ, ਪੰਨੇ ੨੫-੨੬.

੩. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.) ਪਿਆਰਾ ਸਿੰਘ ਪਦਮ, ਭਾਈ ਚਤਰ ਸਿੰਘ ਐਂਡ. ਕੰਪ., ਦੂਜੀ ਵਾਰ ੨੦੦੫, ਚਰਣ ੫/੯੭, ਪੰਨਾ ੮੧.

੪. *ਭਾਈ ਗੁਰਦਾਸ : ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ ੨੦੦੦, ਪੰਨਾ ੨.

੫. ਦਰਸ਼ਨ ਸਿੰਘ, *ਭਾਈ ਗੁਰਦਾਸ ਸਿਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੭, ਪੰਨਾ ੩੮.

੬. *ਕਬਿਤ ਭਾਈ ਗੁਰਦਾਸ - ਦੂਸਰਾ ਸਕੰਧ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੭ਵੀਂ ਵਾਰ ੨੦੦੯, ਪੰਨਾ ੨੬.

੭. ਉਹੀ, ਪੰਨਾ ੨੬.

੮. ਉਹੀ, ਪੰਨਾ ੩੬.

੯. *ਭਾਈ ਗੁਰਦਾਸ : ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ ੨੦੦੦, ਪੰਨਾ ੨.

੧੦. 'ਭਾਈ ਗੁਰਦਾਸ ਭਲੇ ਦਾ ਜੀਵਨ', ਭਾਈ ਗੁਰਦਾਸ ਅੰਕ, *ਪੰਜਾਬੀ ਦੁਨੀਆ,* ਭਾਸ਼ਾ ਵਿਭਾਗ, ਪਟਿਆਲਾ, ੧੯੬੮, ਪੰਨਾ ੨.

੧੧. *ਭਾਈ ਗੁਰਦਾਸ,* ਭਾਸ਼ਾ ਵਿਭਾਗ, ਪਟਿਆਲਾ, ੧੯੬੦, ਪੰਨਾ ੪.

੧੨. *ਭਾਈ ਗੁਰਦਾਸ : ਇਕ ਅਧਿਐਨ,* ਲੁਧਿਆਣਾ, ਲਾਹੌਰ ਬੁਕ ਸ਼ਾਪ, ੧੯੭੫, ਪੰਨਾ ੯.

੧੩. *ਕਬਿਤ ਭਾਈ ਗੁਰਦਾਸ - ਦੂਸਰਾ ਸਕੰਧ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੭ਵੀਂ ਵਾਰ ੨੦੦੯, ਪੰਨਾ ੨੭.

੧੪. ਭਾਈ ਵੀਰ ਸਿੰਘ, *ਕਬਿਤ ਭਾਈ ਗੁਰਦਾਸ-ਦੂਸਰਾ ਸਕੰਧ,* ਭਾਈ ਵੀਰ ਸਿੰਘ ਸਾਹਿਤ ਸਦਨ,ਨਵੀਂ ਦਿੱਲੀ, ੭ਵੀਂ ਵਾਰ ੨੦੦੯,ਪੰਨਾ ੩੦.

੧੫. ਉਹੀ, ਪੰਨੇ ੭੯-੮੦.

੧੬. ਉਹੀ, ਪੰਨਾ ੮੦

੧੭. ਦਰਸ਼ਨ ਸਿੰਘ, *ਭਾਈ ਗੁਰਦਾਸ ਸਿਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੭, ਪੰਨਾ ੩੮.

੧੮. *ਪੰਜਾਬੀ ਖੋਜ ਦਾ ਇਤਿਹਾਸ* (ਜਿਲਦ ੧੪), ਪੰਜਾਬੀ ਅਕਾਦਮੀ, ਦਿੱਲੀ, ੨੦੦੪, ਪੰਨਾ ੨੨.

੧੯. ਹਰਨਾਮ ਸਿੰਘ ਸ਼ਾਨ, *ਭਾਈ ਵੀਰ ਸਿੰਘ ਜੀਵਨ, ਸਮਾਂ ਤੇ ਰਚਨਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,

੧੯੭੩, ਪੰਨਾ ੨੦੬.

੨੦. ਗਿਆਨੀ ਹਜ਼ਾਰਾ ਸਿੰਘ, *ਵਾਰਾਂ ਭਾਈ ਗੁਰਦਾਸ,* (ਸੰਪਾ.) ਭਾਈ ਵੀਰ ਸਿਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੧੯ਵੀਂ ਵਾਰ ੨੦੦੭, ਪੰਨਾ ੬੩੬.

੨੧. ਉਹੀ, ਪੰਨਾ ੬੩੫.

੨੨. ਦਰਸ਼ਨ ਸਿੰਘ, *ਭਾਈ ਗੁਰਦਾਸ ਸਿਖੀ ਦੇ ਪਹਿਲੇ ਵਿਆਖਿਆਕਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੭, ਪੰਨਾ ੩੮.

੨੩. *ਕਬਿਤ ਭਾਈ ਗੁਰਦਾਸ - ਦੂਸਰਾ ਸਕੰਧ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੭ਵੀਂ ਵਾਰ ੨੦੦੯, ਪੰਨਾ ੬੫.

੨੪. ਉਹੀ, ਪੰਨਾ ੮.

੨੫. ਉਹੀ, ਪੰਨਾ ੫.

੨੬. ਉਹੀ, ਪੰਨੇ ੭-੧੪ .

੨੭. ਉਹੀ, ਪੰਨਾ ੭੧.

੨੮. *ਪੁਰਾਤਨ ਜਨਮਸਾਖੀ,* (ਸੰਪਾ.) ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਜਨਵਰੀ ੨੦੦੬ (੧੫ਵੀਂ ਵਾਰ), ਪੰਨਾ ੧੮੪.

੨੯. *ਭਾਈ ਵੀਰ ਸਿੰਘ ਸਾਹਿਤ-ਅਧਿਅਨ,* (ਸੰਪਾ.) ਡਾ. ਗੁਰਬਖਸ਼ ਸਿੰਘ, ਨੈਸ਼ਨਲ ਬੁਕ ਸ਼ਾਪ, ਦਿੱਲੀ, ੧੯੮੩, ਪੰਨਾ ੧੯.

੩੦. ਉਹੀ, ੨੪.

੩੧. *ਗੁਰਦੁਆਰਾ ਗਜ਼ਟ,* ਦਸੰਬਰ ੧੯੯੩, ਪੰਨਾ ੫੩.

੩੨. *ਕਬਿਤ ਭਾਈ ਗੁਰਦਾਸ* - ਦੂਸਰਾ ਸਕੰਧ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੭ਵੀਂ ਵਾਰ ੨੦੦੯, ਪੰਨਾ ੪੨.

੩੩. ਭਾਈ ਵੀਰ ਸਿੰਘ ਦੀ ਕਾਵਿ ਕਲਾ, *ਆਲੋਚਨਾ,* ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਜਨਵਰੀ-ਜੂਨ ੧੯੭੪, ਪੰਨਾ ੪੦.

੩੪. ਗਿਆਨੀ ਹਜ਼ਾਰਾ ਸਿੰਘ, *ਵਾਰਾਂ ਭਾਈ ਗੁਰਦਾਸ,* (ਸੰਪਾ.) ਭਾਈ ਵੀਰ ਸਿਘ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੧੯ਵੀਂ ਵਾਰ ੨੦੦੭, ਪੰਨਾ ੨.

੩੫. *ਕਬਿਤ ਭਾਈ ਗੁਰਦਾਸ-ਦੂਸਰਾ ਸਕੰਧ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ੭ਵੀਂ ਵਾਰ ੨੦੦੯, ਪੰਨਾ ੧੧੩.

# ਪੁਸਤਕ ਰੀਵਿਊ

| | | |
|---|---|---|
| ਪੁਸਤਕ | : | ਪੰਦਰਾਂ ਭਗਤ ਸਾਹਿਬਾਨ |
| ਲੇਖਕ | : | ਸ. ਸੁਖਦੇਵ ਸਿੰਘ ਸ਼ਾਂਤ |
| ਪ੍ਰਕਾਸ਼ਕ ਵਰ੍ਹਾ | : | ੨੦੧੯ |
| ਸਫੇ/ਪੰਨੇ | : | ੩੫੧ |
| ਕੀਮਤ | : | ੪੯੦ (ਸਜਿਲਦ) |
| ਪ੍ਰਕਾਸ਼ਕ | : | ਸਿੰਘ ਬ੍ਰਦਰਜ਼, ਅੰਮ੍ਰਿਤਸਰ |

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਸਾਹਿਬ ਦੇ ਲਾਸਾਨੀ ਜੀਵਨ, ਵਿਅਕਤਿਤਵ ਅਤੇ ਦ੍ਰਿਸ਼ਟੀ ਦੇ ਕਈ ਪੱਖਾਂ ਪਾਸਾਰਾਂ 'ਚੋਂ ਇੱਕ ਆਪਣੇ ਸੱਚ-ਪ੍ਰਸਾਰ ਭ੍ਰਮਣ ਦੌਰਾਨ ਮੁੱਖ ਤੌਰ 'ਤੇ ਵਿਸ਼ਾਲ ਉੱਤਰ-ਪੱਛਮੀ ਖੇਤਰ 'ਚ ਭਗਤੀ ਲਹਿਰ ਦੇ ਆਪਣੇ ਪੂਰਵਕਾਲੀ ਭਗਤ ਸਾਹਿਬਾਨ ਦੁਆਰਾ ਰਚੇ ਮਹਾਨ ਅਧਿਆਤਮਿਕ ਅਤੇ ਸਮਾਜਿਕ ਸਾਹਿਤ ਦਾ ਉਤਾਰਾ ਕਰ ਕੇ ਲਿਆਉਣ ਦੇ ਮਹੱਤਵਪੂਰਨ ਕਾਰਜ ਨੂੰ ਨਿਭਾਉਣਾ ਵੀ ਸੀ। ਗੁਰੂ ਜੀ ਦੇ ਇਸ ਉੱਦਮ ਦਾ ਸਦਕਾ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਏਨਾ ਭਰਪੂਰ ਤੇ ਸਰਬਸਾਂਝਾ, ਸਾਰੀ ਮਾਨਵਤਾ ਨੂੰ ਸੇਧ ਦੇਣ ਵਾਲਾ ਸਰੂਪ ਦੇਣ 'ਚ ਸਮਰੱਥ ਹੋਏ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ੧੫ ਭਗਤ ਸਾਹਿਬਾਨ ਦੀ ਮਹਾਨ ਬਾਣੀ ਦਰਜ ਹੈ। ਇਹ ਬਾਣੀ ਇਸ ਲਾਸਾਨੀ ਗ੍ਰੰਥ ਦਾ ਅਨਿੱਖੜ ਤੇ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਸਾਡੇ ਵਰਤਮਾਨ ਖੋਜੀ ਲੇਖਕ ਸ. ਸੁਖਦੇਵ ਸਿੰਘ ਸ਼ਾਂਤ ਨੇ ਇਸ ਰਚਨਾ ਦੇ ਰਚਨਾਕਾਰ ਭਗਤ ਸਾਹਿਬਾਨ ਦਾ ਜੀਵਨ ਪੁਰਾਣੇ ਅਤੇ ਨਵੇਂ ਸਭ ਤਰ੍ਹਾਂ ਦੇ ਉਪਲਬਧ ਸਰੋਤਾਂ ਦੀ ਪਛਾਣ ਤੇ ਪੁਣਛਾਣ ਕਰਦਿਆਂ ਇਤਿਹਾਸਿਕ ਕਾਲਕ੍ਰਮ ਅਨੁਸਾਰ 'ਪੰਦਰਾਂ ਭਗਤ ਸਾਹਿਬਾਨ' ਪੁਸਤਕ ਦੁਆਰਾ ਉਨ੍ਹਾਂ ਦੀ ਰਚਨਾ ਦੀ ਪੂਰਨ ਸੁਹਿਰਦਤਾ ਸਹਿਤ ਸਹੀ ਕਦਰ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਵਿਦਵਾਨ ਲੇਖਕ ਸ਼ਾਂਤ ਨੇ ਭਗਤ ਸਾਹਿਬਾਨ ਦਾ ਜੀਵਨ ਤੇ ਉਨ੍ਹਾਂ ਦੀ ਰਚਨਾ ਸਬੰਧੀ ਬ੍ਰਿਤਾਂਤ ਤੇ ਵਿਚਾਰ ਕਲਮਬੱਧ ਕਰਨ ਤੋਂ ਪਹਿਲਾਂ ਵੱਡੀ ਗਿਣਤੀ 'ਚ ਉਪਲਬਧ ਗ੍ਰੰਥਾਂ ਤੇ ਹੋਰ ਸੋਮਿਆਂ ਦੀ ਵਿਸਤ੍ਰਿਤ ਤੇ ਡੂੰਘੇਰੀ ਪੁਣ-ਛਾਣ ਕੀਤੀ ਅਤੇ ਆਪਣੀ ਉਸਾਰੂ, ਪਾਰਖੂ ਤੇ ਵਿਸ਼ਲੇਸ਼ਣੀ ਦ੍ਰਿਸ਼ਟੀ ਦੁਆਰਾ ਅਸਲ ਸੱਚ ਤਕ ਪਹੁੰਚਣ ਲਈ ਕਾਫ਼ੀ ਲੰਮਾਂ ਪੈਂਡਾ ਤੈਅ ਕੀਤਾ ਹੈ।

ਪੰਦਰਾਂ ਭਗਤ ਸਾਹਿਬਾਨ ਦੇ ਜੀਵਨ ਅਤੇ ਬਾਣੀ ਸਬੰਧੀ ਇਤਿਹਾਸਿਕ ਕਾਲ-ਕ੍ਰਮ ਅਨੁਸਾਰ ਖੋਜ ਭਰਪੂਰ ਚਿੰਤਨ 'ਚ ਸਭ ਤੋਂ ਪਹਿਲੇ ਭਗਤ ਜੈਦੇਵ ਜੀ ਬਾਰੇ

ਲਿਖਿਆ ਗਿਆ ਹੈ ਜੋ ਕਿ ਬੰਗਾਲ ਦੇ ਇਕ ਪ੍ਰਸਿੱਧ ਭਗਤ ਹੋਏ ਹਨ ਜਿਨ੍ਹਾਂ ਦੀ ਸੰਸਕ੍ਰਿਤ ਭਾਸ਼ਾ 'ਚ ਰਚੀ 'ਗੀਤ ਗੋਵਿੰਦ' ਭਾਰਤੀ ਕਾਵਿ ਸਾਹਿਤ ਦੀ ਇਕ ਪ੍ਰਵਾਨਿਤ ਤੇ ਚਰਚਿਤ ਰਚਨਾ ਦੇ ਤੌਰ 'ਤੇ ਜਾਣੀ, ਪੜ੍ਹੀ ਤੇ ਗਾਈ ਜਾਂਦੀ ਹੈ। ਇਹ ਦੱਖਣੀ ਬੰਗਾਲ 'ਚ ਹੋਏ ਤੇ ਵਿਚਰੇ ਜੋ ਪਹਿਲਾਂ ਸਰਗੁਣਵਾਦੀ ਭਗਤੀ 'ਚ ਲੀਨ ਰਹੇ ਪਰੰਤੂ ਬਾਅਦ 'ਚ ਨਿਰਗੁਣਵਾਦੀ ਮੰਜ਼ਿਲ 'ਤੇ ਪੁੱਜੇ।

ਉਪਰੰਤ ਬਾਕੀ ੧੪ ਭਗਤ ਸਾਹਿਬਾਨ ਭਗਤ ਸ਼ੇਖ ਫ਼ਰੀਦ ਜੀ, ਭਗਤ ਤ੍ਰਿਲੋਚਨ ਜੀ, ਭਗਤ ਨਾਮਦੇਵ ਜੀ, ਭਗਤ ਸਧਨਾ ਜੀ, ਭਗਤ ਰਾਮਾਨੰਦ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਸੈਣ ਜੀ, ਭਗਤ ਧੰਨਾ ਜੀ, ਭਗਤ ਪੀਪਾ ਜੀ, ਭਗਤ ਬੇਣੀ ਜੀ, ਭਗਤ ਭੀਖਨ ਜੀ, ਭਗਤ ਸੂਰਦਾਸ ਜੀ ਅਤੇ ਭਗਤ ਪਰਮਾਨੰਦ ਜੀ ਦੇ ਜੀਵਨ ਦਾ ਬ੍ਰਿਤਾਂਤ ਅਤੇ ਉਨ੍ਹਾਂ ਦੀ ਬਾਣੀ ਨਾਲ ਕਾਫ਼ੀ ਭਰਪੂਰ ਤੇ ਮਹੱਤਵਪੂਰਨ ਜਾਣਕਾਰੀ ਸਰਲ-ਸਾਦੀ, ਸਪੱਸ਼ਟ ਭਾਸ਼ਾ-ਸ਼ੈਲੀ 'ਚ ਸਾਰੇ ਰਚਨਾਕਾਰਾਂ ਪ੍ਰਤੀ ਪਿਆਰ ਤੇ ਸਤਿਕਾਰ ਦੇ ਭਾਵ 'ਚ ਭਿੱਜ ਕੇ ਪਾਠਕਾਂ ਤਕ ਪੁੱਜਦੀ ਕਰਨ ਦਾ ਵੱਡਾ ਉੱਦਮ ਕੀਤਾ ਹੈ।

ਹਰੇਕ ਲੇਖ ਹੀ ਸੰਬੰਧਿਤ ਭਗਤ ਜੀ ਦੇ ਜੀਵਨ, ਉਨ੍ਹਾਂ ਦੇ ਪਰਵਾਰਿਕ ਅਤੇ ਸਮਾਜਿਕ ਹਾਲਾਤ, ਉਨ੍ਹਾਂ ਦੇ ਵਕਤ ਦੇ ਭਲੇ ਜਾਂ ਬੁਰੇ ਸ਼ਾਸਕਾਂ ਦੇ ਨਾਲ ਵਿਚਰਨ ਤੇ ਬੇਖ਼ੌਫ਼ ਸੱਚ ਆਧਾਰਿਤ ਸੰਬਾਦ ਦੀ ਸੂਚਨਾ ਜਾਂ ਜਾਣਕਾਰੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੋਇਆ ਸਾਰੇ ਭਗਤ ਸਾਹਿਬਾਨ ਨੂੰ ਸਿਰਫ਼ ਪਰਮਾਤਮਾ ਦੀ ਸਰਬਉੱਚ ਹਸਤੀ ਦੀ ਹੀ ਪਰਵਾਹ ਕਰਨ ਵਾਲੇ ਅਤੇ ਤਤਕਾਲੀ ਗ਼ਲਤ ਲੋਕਾਂ ਨੂੰ ਸੁਧਾਰ ਕੇ ਲੀਹ 'ਤੇ ਲਿਆਉਣ ਵਾਲੇ ਸਮਾਜ-ਸੁਧਾਰਕਾਂ ਦੇ ਤੌਰ 'ਤੇ ਉਭਾਰਦਾ ਹੈ, ਜੋ ਕਿ ਮੇਰੀ ਨਜ਼ਰ 'ਚ ਲਾਸਾਨੀ ਹੈ। ਵਿਭਿੰਨ ਭਗਤ ਸਾਹਿਬਾਨ ਦੇ ਪ੍ਰਸਪਰ ਪਿਆਰ ਸੰਬੰਧਾਂ ਅਤੇ ਉਨ੍ਹਾਂ ਦਰਮਿਆਨ ਚੱਲਦੀ ਰਹੀ ਗਿਆਨ-ਵੀਚਾਰ ਨੂੰ ਉਨ੍ਹਾਂ ਦੀ ਬਾਣੀ ਦੇ ਹਵਾਲਿਆਂ ਸਹਿਤ ਜੋੜ ਕੇ ਪ੍ਰਸਤੁਤ ਕਰਨਾ ਇਸ ਪੁਸਤਕ ਦਾ ਇਕ ਹੋਰ ਮੀਰੀ ਗੁਣ ਮੰਨਿਆ ਜਾ ਸਕਦਾ ਹੈ। ਉਦਾਹਰਨ ਦੇ ਤੌਰ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਸਬੰਧੀ ਇੱਕਾ-ਦੁੱਕਾ ਹਿੰਦੀ ਭਾਸ਼ੀ ਵਿਦਵਾਨਾਂ ਦੁਆਰਾ ਕਿਸੇ ਕਾਰਨ ਪ੍ਰਸਾਰ ਦਿੱਤੇ ਗਏ ਉਲਟ ਸੰਬੰਧਾਂ ਦਾ ਸਹੀ ਨੋਟਿਸ ਲੈਂਦਿਆਂ ਲੇਖਕ ਸ਼ਾਂਤ ਹੋਰਾਂ ਨੇ ਇਕ ਸੱਚੇ ਇਤਿਹਾਸਕਾਰ ਦੇ ਤੌਰ 'ਤੇ ਆਪਣੇ ਫ਼ਰਜ਼ ਨੂੰ ਨਿਭਾਇਆ। ਐਸੇ ਨਿਖੇੜ ਤੇ ਸਪੱਸ਼ਟੀਕਰਨ ਕਰਦਿਆਂ ਕਿਸੇ ਵਿਦਵਾਨ ਨਾਲ ਜਾਤੀ (ਵਿਅਕਤੀਗਤ) ਵਿਵਾਦ ਨਾ ਛੇੜਿਆ ਜਾਏ ਇਸ ਤੋਂ ਲੇਖਕ ਲੋੜੀਂਦੇ ਰੂਪ 'ਚ ਸੁਚੇਤਨਾ ਵਰਤਦਾ ਦੇਖਿਆ ਜਾ ਸਕਦਾ ਹੈ। ਲੇਖਕ ਦੀ ਮੂਲ ਰੂਪ 'ਚ ਸਨਿਮਰ ਤੇ ਸੁਝਾਊ ਸ਼ੈਲੀ ਐਸੇ ਪੱਖਾਂ ਨੂੰ ਪ੍ਰਸਤੁਤ ਕਰਦਿਆਂ ਹੋਰ ਨਿਮਰ ਹੋ ਜਾਂਦੀ ਹੈ।

ਵਿਭਿੰਨ ੧੫ ਭਗਤ ਸਾਹਿਬਾਨ ਸੰਬੰਧੀ ਕਈ ਸੰਭਵ ਸੰਭਾਵੀ ਸਰੋਤਾਂ ਤੋਂ ਏਨੀ

ਭਰਪੂਰ ਜਾਣਕਾਰੀ ਨੂੰ ਸਮੋਣ ਲਈ ਲੇਖਕ ਦੀ ਸ਼ੈਲੀ ਬਿਰਤਾਂਤਕ ਅਤੇ ਵਰਣਨਾਤਮਿਕ ਸ਼ੈਲੀਆਂ ਦਾ ਇਕ ਆਦਰਸ਼ ਸੁਮੇਲ ਬਣ ਕੇ ਰੂਪਮਾਨ ਹੁੰਦੀ ਹੈ। ਬ੍ਰਿਤਾਂਤ ਪਾਠਕਾਂ ਦੀ ਜਿਗਿਆਸਾ ਨੂੰ ਸੰਤੁਸ਼ਟ ਕਰਦਾ ਹੈ ਤਾਂ ਵਰਣਨ ਜਾਂ ਬਿਆਨ ਉਨ੍ਹਾਂ ਨੂੰ ਉੱਤਮ ਕਾਵਿ/ ਸਾਹਿਤ ਰਸ ਪ੍ਰਵਾਹ ਦਾ ਰਸੀਲਾ ਤੇ ਰਮਣੀਕ ਅਨੁਭਵ ਕਰਾਉਂਦਾ ਹੈ। ਇਸ ਤਰ੍ਹਾਂ ਇਹ ਪੁਸਤਕ ਇਕ ਖੋਜ ਪੁਸਤਕ ਹੁੰਦੀ ਹੋਈ ਵੀ ਪਾਠਕਾਂ ਨੂੰ ਭਰਪੂਰ ਤ੍ਰਿਪਤੀ ਵੀ ਪ੍ਰਦਾਨ ਕਰ ਸਕਦੀ ਹੈ। ਅਤਿ ਵਿਆਪਕ ਸਾਹਿਤ ਕਾਰਜ ਕਰਨ ਕਰਕੇ ਇਸ ਪੜਾਅ 'ਤੇ ਲੇਖਕ ਦੇ ਕੋਲ ਇੱਕ ਡੂੰਘਾ ਜੀਵਨ ਤਜਰਬਾ ਅਤੇ ਨਿਮਰਤਾ ਤੇ ਹਲੀਮੀ ਦੇ ਗੁਣਾਂ ਦਾ ਸੰਚਾਰ ਹੋਇਆ ਮਹਿਸੂਸ ਹੁੰਦਾ ਹੈ, ਜੋ ਕਿ ਇਸ ਪੁਸਤਕ ਨੂੰ ਇਸ ਅਤਿ ਰਸੀਲੀ ਸਾਹਿਤਕ ਤੇ ਕਾਵਿਮਈ ਪੁਸਤਕ ਦੇ ਰੂਪ 'ਚ ਸਕਾਰ ਕਰਨ 'ਚ ਸਹਾਈ ਹੋਇਆ ਹੈ।

ਲੇਖਕ ਸ਼ਾਂਤ ਹੋਰਾਂ ਨੇ ਹਰੇਕ ਭਗਤ ਸਾਹਿਬ ਬਾਰੇ ਵੱਧ ਤੋਂ ਵੱਧ ਸੰਭਵ ਖੋਜ ਤੇ ਅਧਿਐਨ ਕਰਨ ਮਗਰੋਂ ਪੁਸਤਕ ਦੀ ਰਚਨਾ-ਪ੍ਰਕ੍ਰਿਆ ਕਲਮ ਦੀ ਨੋਕ ਅਧੀਨ ਲਿਆਂਦੀ ਹੋਵੇਗੀ। ਆਕਾਰ ਪੱਖੋਂ ਅਤਿ ਵਿਸਤ੍ਰਿਤ ਖੋਜ ਕਾਰਜ ਭਗਤ ਸ਼ੇਖ ਫਰੀਦ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ ਉੱਪਰ ਹੈ, ਦਰਮਿਆਨੇ ਆਕਾਰ ਦਾ ਕਾਰਜ ਭਗਤ ਧੰਨਾ ਜੀ, ਭਗਤ ਬੇਣੀ ਜੀ, ਭਗਤ ਸਧਨਾ ਜੀ, ਭਗਤ ਸੈਣ ਜੀ, ਭਗਤ ਤ੍ਰਿਲੋਚਨ ਜੀ, ਭਗਤ ਪੀਪਾ ਜੀ, ਭਗਤ ਸੂਰਦਾਸ ਜੀ ਉੱਪਰ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ ਜਦਕਿ ਭਗਤ ਭੀਖਨ ਜੀ ਅਤੇ ਭਗਤ ਰਾਮਾਨੰਦ ਜੀ ਉੱਪਰ ਸੰਖੇਪ ਕਾਰਜ ਹੋ ਸਕਿਆ ਹੈ। ਲੇਖਕ ਨੇ ਉਂਝ ਹਰੇਕ ਭਗਤ ਰਚਨਾਕਾਰ ਬਾਰੇ ਵੱਧ ਤੋਂ ਵੱਧ ਸੰਭਵ ਜਾਣਕਾਰੀ ਪ੍ਰਸਤੁਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਮਿਆਰੀ ਪ੍ਰਕਾਸ਼ਨ ਅਦਾਰੇ 'ਸਿੰਘ ਬ੍ਰਦਰਜ਼' ਨੇ ਇਹ ਪੁਸਤਕ ਲੋੜੀਂਦੀ ਨੀਝ ਤੇ ਰੀਝ ਨਾਲ ਬਹੁਤ ਹੀ ਖ਼ੂਬਸੂਰਤ ਤੇ ਹਰ ਪੱਖੋਂ ਮਿਆਰੀ ਰੂਪਾਕਾਰ 'ਚ ਪ੍ਰਕਾਸ਼ਿਤ ਕੀਤੀ ਹੈ। ਅਜਿਹੀ ਵਿਆਪਕ ਆਧਾਰ ਵਾਲੀ ਅਤੇ ਸੁਹਿਰਦ ਖੋਜ ਕਾਰਜ ਵਾਲੀ ਪੁਸਤਕ ਦਾ ਸਹੀ ਮੁੱਲ ਸੂਝਵਾਨ ਗੁਰਮਤਿ ਅਤੇ ਪੰਜਾਬੀ ਦੇ ਪਾਠਕ ਜ਼ਰੂਰ ਪਾਉਣਗੇ।

*ਰੀਵਿਊਕਾਰ*
*ਗਿਆਨੀ ਸੁਰਿੰਦਰ ਸਿੰਘ ਨਿਮਾਣਾ*
*ਸ੍ਰੀ ਅੰਮ੍ਰਿਤਸਰ।*
*ਮੋ. +੯੧੯੮੭੨੨੩੫੧੧੧*

*ਪਤਿਤ ਹੋ ਰਹੇ ਸਿੱਖ ਨੌਜੁਆਨਾਂ ਲਈ ਹਲੂਣਾ :*

# ਕੌਣ ਆਖੇ ਸਰਦਾਰ ?

*-ਸ. ਜਸਵੰਤ ਸਿੰਘ 'ਖਡੂਰ ਸਾਹਿਬ'**

ਮੇਰੀ ਕੌਮ ਦੇ ਨੌਜੁਆਨਾਂ!
ਕੌਮ ਤੇਰੇ 'ਤੇ ਮਾਣ ਹੈ ਕਰਦੀ, ਕੌਮ ਦਾ ਤੂੰ ਸਰਮਾਇਆ।
ਰੱਬ ਦੀ ਬਖ਼ਸ਼ੀ ਸੂਰਤ ਭੰਨ ਕੇ, ਤੂੰ ਕੀ ਭੇਸ ਬਣਾਇਆ।
ਬਾਂਹ ਤੇਰੀ 'ਚ ਕੜਾ ਨਾ ਦਿੱਸਦਾ, ਨਾ ਤੇਰੇ ਦਸਤਾਰ।
ਕੇਸ ਕਟਾ ਕੇ ਮੋਨਾ ਬਣਿਆ, ਕੌਣ ਆਖੇ ਸਰਦਾਰ?

ਕਲਗੀ ਵਾਲੇ ਦਸਵੇਂ ਸਤਿਗੁਰ, ਐਸਾ ਖੇਲ ਰਚਾਇਆ।
ਖੰਡੇ ਵਾਲਾ ਅੰਮ੍ਰਿਤ ਦੇ ਕੇ, ਗਿੱਦੜੋਂ ਸ਼ੇਰ ਬਣਾਇਆ।
ਸਵਾ ਲੱਖ ਦੀ ਫੌਜ ਦੇ ਅੱਗੇ, ਇੱਕੋ ਸਿੰਘ ਲੜਾਇਆ।
ਦੇਸ਼ ਕੌਮ ਤੇ ਧਰਮ ਦੀ ਖਾਤਰ, ਸਾਰਾ ਬੰਸ ਲੁਟਾਇਆ।
ਤੇਜ ਖੰਡੇ ਦੀ ਧਾਰ ਦੇ ਵਿੱਚੋਂ, ਖਾਲਸਾ ਪੰਥ ਸਜਾਇਆ।
ਸ਼ਬਦ ਗੁਰੂ ਨੂੰ ਗੱਦੀ ਦੇ ਕੇ, ਲੜ ਓਸ ਦੇ ਲਾਇਆ।
ਗੁਰੂ ਦੀ ਸਿੱਖਿਆ ਭੁੱਲੀ ਤੈਨੂੰ, ਚੇਤੇ ਵਿਸ਼ੇ ਵਿਕਾਰ।
ਕੇਸ ਕਟਾ ਕੇ ਮੋਨਾ ਬਣਿਆ, ਕੌਣ ਆਖੇ ਸਰਦਾਰ?

ਲਾਹ ਦਿੱਤੀ ਦਸਤਾਰ ਤੂੰ ਆਪੇ, ਸਿਰ 'ਤੇ ਟੋਪੀ ਪਾ ਲਈ।
ਗੁਰੂਆਂ ਜੋ ਸਰਦਾਰੀ ਦਿੱਤੀ, ਹੱਥੀਂ ਆਪ ਗਵਾ ਲਈ।
ਮਿੱਠਾ ਮਿੱਠਾ ਅੰਮ੍ਰਿਤ ਛੱਡ ਕੇ, ਜ਼ਹਿਰ ਜਗ ਦੀ ਖਾ ਲਈ।
ਉੱਚੇ ਸੁੱਚੇ ਜੀਵਨ ਵਾਲੀ, ਜ਼ਿੰਦਗੀ ਨਰਕ ਬਣਾ ਲਈ।
ਬਿਖੜੇ ਪੈਂਡੇ ਆਪ ਸਹੇੜੇ, ਸਿਰ 'ਤੇ ਪੰਡ ਉਠਾ ਲਈ।
ਚੁੱਕਣਾ ਪੈ ਜੇ ਚੁੱਕ ਨਹੀਂ ਸਕਦਾ, ਦੇਸ਼ ਕੌਮ ਦਾ ਭਾਰ।
ਕੇਸ ਕਟਾ ਕੇ ਮੋਨਾ ਬਣਿਆ, ਕੌਣ ਆਖੇ ਸਰਦਾਰ?

ਸਿੱਖੀ ਉੱਤੋਂ ਜਾਨ ਵਾਰ ਕੇ, ਸਿੱਖਾਂ ਸਿੱਦਕ ਨਿਭਾਏ।
ਭਾਈ ਮਨੀ ਸਿੰਘ ਨੇ ਸਿੱਖੀ ਖਾਤਰ, ਬੰਦ-ਬੰਦ ਸੀ ਕਟਵਾਏ।
ਭਾਈ ਮਤੀ ਦਾਸ ਦੇ ਸਿਰ ਤੇ ਆਰਾ, ਜ਼ਾਲਮ ਜਦੋਂ ਚਲਾਏ।

**ਗੁਰਦੁਆਰਾ ਸਿੰਘ ਸਭਾ, ਮੁਹੱਲਾ ਆਰਫ਼ਵਾਲਾ, ਕਪੂਰਥਲਾ। ਮੋ. ੯੯੧੪੧-੧੫੪੭੦*

ਭਾਈ ਦਿਆਲਾ ਦੇਗ ਦੇ ਵਿੱਚੇ, ਗੁਰੂ ਦਾ ਸ਼ੁਕਰ ਮਨਾਏ।
ਬੱਚਿਆਂ ਦੇ ਸੀ ਟੋਟੇ ਕੀਤੇ, ਮਾਵਾਂ ਹਾਰ ਪਵਾਏ।
ਛੋਟੇ-ਛੋਟੇ ਗੁਰਾਂ ਨੇ ਬੱਚੇ, ਨੀਹਾਂ ਵਿਚ ਚਿਣਵਾਏ।
ਆਖਰੀ ਸਾਹ ਤਕ ਪਾਉਂਦੇ ਸੀ, ਸੂਬੇ ਨੂੰ ਫਿਟਕਾਰ।
ਕੇਸ ਕਟਾ ਕੇ ਮੋਨਾ ਬਣਿਆ, ਕੌਣ ਆਖੇ ਸਰਦਾਰ?

ਸਿੱਖੀ ਖਾਤਰ ਪੰਜਵੇਂ ਸਤਿਗੁਰੂ, ਤੱਤੀ ਲੋਹ 'ਤੇ ਬਹਿ ਗਏ।
ਜੇਠ ਮਹੀਨੇ ਅੱਗ ਸੀ ਵਰ੍ਹਦੀ, ਪਿੰਡੇ 'ਤੇ ਛਾਲੇ ਪੈ ਗਏ।
ਤੇਰਾ ਭਾਣਾ ਮਿੱਠਾ ਲੱਗੇ, ਜਾਂਦੀ ਵਾਰੀ ਕਹਿ ਗਏ।
ਸਿੱਖੀ ਨੂੰ ਪਰ ਦਾਗ ਨਾ ਲੱਗਾ, ਕਿੰਨੇ ਦੁਖੜੇ ਸਹਿ ਗਏ।
ਲਹੂ ਨਾਲ ਇਤਿਹਾਸ ਹੈ ਲਿਖਿਆ, ਵੇਖ ਜ਼ਰਾ ਤੂੰ ਪੜ੍ਹ ਕੇ।
ਲਛਮਣ ਸਿੰਘ ਸ਼ਹੀਦੀ ਪਾਈ, ਨਾਲ ਜੰਡ ਦੇ ਸੜ ਕੇ।
ਤਾਰੂ ਸਿੰਘ ਨਾ ਕੇਸ ਕਟਾਏ, ਖੋਪਰੀ ਲਈ ਉਤਾਰ।
ਕੇਸ ਕਟਾ ਕੇ ਮੋਨਾ ਬਣਿਆ, ਕੌਣ ਆਖੇ ਸਰਦਾਰ?

ਤੇਰਾ ਕੁਝ ਨਾ ਵਿਗੜਿਆ ਹਾਲੇ, ਏਹ ਬੇਰ ਜੋ ਡੁੱਲ੍ਹੇ।
ਸਵੇਰ ਦੇ ਭੁੱਲੇ ਰਾਤੀਂ ਆਉਂਦੇ, ਕਦੇ ਨਾ ਕਹਿੰਦੇ ਭੁੱਲੇ।
ਦਾੜ੍ਹੀ ਅਤੇ ਕੇਸ ਰੱਖ ਲੈ, ਸਿਰ ਦਸਤਾਰ ਸਜਾ ਲੈ।
ਹੱਥ ਜੋੜ ਕੇ ਗੁਰੂ ਦੇ ਅੱਗੇ, ਆਪਣੀ ਭੁੱਲ ਬਖਸ਼ਾ ਲੈ।
ਗਲ਼ ਤੇਰੇ ਕਿਰਪਾਨ ਹੋਵੇਗੀ, ਹੋਵੇ ਤੇੜ ਕਛਹਿਰਾ।
ਅੰਗ ਸੰਗ ਹੋ ਕੇ ਦਸਵੇਂ ਸਤਿਗੁਰ, ਦੇਣਗੇ ਤੇਰਾ ਪਹਿਰਾ।
'ਜਸਵੰਤ ਸਿੰਘ' ਸ਼ੋਭਾ ਦੇਣਗੇ, ਤੇਰੇ ਪੰਜ ਕਰਾਰ।
ਫੇਰ ਕੋਈ ਨਾ ਮੋਨਾ ਆਖੂ, ਕਹਿਣਗੇ ਸਭ ਸਰਦਾਰ।

■

# ਕਿਰਤ ਕਰੋ, ਨਾਮ ਜਪੋ, ਵੰਡ ਛਕੋ

ਖ਼ਬਰਨਾਮਾ

## ਇੰਗਲੈਂਡ ਦੇ ਡਰਬੀ ਵਿਖੇ ਗੁਰਦੁਆਰਾ ਸਾਹਿਬ ਦੀ ਹੋਈ ਭੰਨ-ਤੋੜ ਦੀ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਨਿੰਦਾ

ਸ੍ਰੀ ਅੰਮ੍ਰਿਤਸਰ, ੨੯ ਮਈ : ਇੰਗਲੈਂਡ ਦੇ ਸ਼ਹਿਰ ਡਰਬੀ ਵਿਖੇ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ 'ਚ ਦਾਖ਼ਲ ਹੋ ਕੇ ਇਕ ਵਿਅਕਤੀ ਵੱਲੋਂ ਕੀਤੀ ਭੰਨ-ਤੋੜ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਸਿਰਫਿਰੇ ਵਿਅਕਤੀ ਵੱਲੋਂ ਉਦੋਂ ਗੁਰੂ-ਘਰ ਦੀ ਭੰਨ-ਤੋੜ ਕੀਤੀ ਗਈ, ਜਦੋਂ ਸਮੁੱਚੇ ਸੰਸਾਰ ਭਰ 'ਚ ਵੱਸਦੇ ਗੁਰੂ ਨਾਨਕ ਨਾਮ ਲੇਵਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿਚ ਚਲਦੀ ਕੋਰੋਨਾ ਮਹਾਂਮਾਰੀ ਕਰਕੇ ਡਰਬੀ ਵਿਖੇ ਸਥਿਤ ਇਸ ਗੁਰੂ-ਘਰ ਵੱਲੋਂ ਹੋਰ ਗੁਰੂ-ਘਰਾਂ ਵਾਂਗ ਲੋੜਵੰਦਾਂ ਦੀ ਰੋਜ਼ਾਨਾ ਵੱਡੇ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ, ਤਾਂ ਉਸ ਸਮੇਂ ਸਿਰ ਫਿਰੇ ਵਿਅਕਤੀ ਨੇ ਗੁਰੂ-ਘਰ ਦਾ ਵੱਡੇ ਰੂਪ 'ਚ ਭੰਨ-ਤੋੜ ਕਰਕੇ ਨੁਕਸਾਨ ਕੀਤਾ ਹੈ। ਜੋ ਬਹੁਤ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਇਸ ਵਿਅਕਤੀ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ, ਪਰ ਇਸ ਘਿਨੌਣੀ ਕਾਰਵਾਈ ਪਿੱਛੇ ਅਸਲ ਕਾਰਨ ਦੀ ਤਹਿ ਤਕ ਜਾਣਾ ਬਹੁਤ ਜ਼ਰੂਰੀ ਹੈ ਤੇ ਇਸ ਸਾਜ਼ਿਸ਼ ਵਿਚ ਸ਼ਾਮਲ ਸਾਰੇ ਵਿਅਕਤੀ ਜ਼ੇਲ੍ਹ ਦੀਆਂ ਸਲਾਖਾਂ ਪਿੱਛੇ ਹੋਣੇ ਚਾਹੀਦੇ ਹਨ। ਉਨ੍ਹਾਂ ਇੰਗਲੈਂਡ ਸਰਕਾਰ ਨੂੰ ਅਪੀਲ ਕੀਤੀ ਕਿ ਘਟਨਾ ਦੀ ਸਚਾਈ ਬਾਰੇ ਜਲਦ ਤੋਂ ਜਲਦ ਪਤਾ ਲਾਇਆ ਜਾਵੇ, ਤੇ ਗੁਰੂ-ਘਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

## ਐਕਸਪ੍ਰੈੱਸ ਮਾਰਗ 'ਚ ਸ੍ਰੀ ਅੰਮ੍ਰਿਤਸਰ ਨੂੰ ਮੁੜ ਸ਼ਾਮਲ ਕਰਨ ਦਾ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸਵਾਗਤ

ਸ੍ਰੀ ਅੰਮ੍ਰਿਤਸਰ, ੨ ਜੂਨ : ਦਿੱਲੀ-ਕੱਟੜਾ ਐਕਸਪ੍ਰੈੱਸ ਮਾਰਗ ਵਿਚ ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਮੇਤ ਪੰਜਾਬ ਦੇ ਪੰਜ ਇਤਿਹਾਸਕ ਅਸਥਾਨਾਂ ਨੂੰ ਸ਼ਾਮਲ ਕਰਨ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ

ਕਿ ਇਸ ਮਾਰਗ ਵਿਚ ਸੁਲਤਾਨਪੁਰ ਲੋਧੀ, ਸ੍ਰੀ ਗੋਇੰਦਵਾਲ ਸਾਹਿਬ, ਸ੍ਰੀ ਤਰਨਤਾਰਨ, ਸ੍ਰੀ ਖਡੂਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਨੂੰ ਜੋੜਨ ਦੀ ਮਨਜ਼ੂਰੀ ਸਿੱਖ ਜਗਤ ਲਈ ਖੁਸ਼ੀ ਦੀ ਖ਼ਬਰ ਹੈ। ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਕੇਂਦਰੀ ਮਤਰੀ ਸ੍ਰੀ ਨਿਤਿਨ ਗਡਕਰੀ ਸਮੇਤ ਇਸ ਕਾਰਜ ਵਿਚ ਯੋਗਦਾਨ ਪਾਉਣ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਹੈ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਲੰਘੀ ਇਕੱਤਰਤਾ ਵਿਚ ਇਕ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਭੇਜਿਆ ਸੀ, ਜਿਸ ਵਿਚ ਮੰਗ ਕੀਤੀ ਗਈ ਸੀ ਕਿ ਐਕਸਪ੍ਰੈੱਸ ਮਾਰਗ ਵਿਚ ਸ੍ਰੀ ਅੰਮ੍ਰਿਤਸਰ ਨੂੰ ਸ਼ਾਮਲ ਕੀਤਾ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਮਤੇ ਰਾਹੀਂ ਕਿਹਾ ਸੀ ਕਿ ਸ੍ਰੀ ਅੰਮ੍ਰਿਤਸਰ ਦੀ ਵੱਡੀ ਇਤਿਹਾਸਿਕ ਮਹੱਤਤਾ ਹੈ ਅਤੇ ਇੱਥੇ ਸਥਿਤ ਅਧਿਆਤਮਿਕ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੇਸ਼ ਦੁਨੀਆਂ ਤੋਂ ਸੰਗਤਾਂ ਪੁੱਜਦੀਆਂ ਹਨ। ਇਸ ਲਈ ਐਕਸਪ੍ਰੈੱਸ ਮਾਰਗ ਵਿੱਚੋਂ ਸ੍ਰੀ ਅੰਮ੍ਰਿਤਸਰ ਨੂੰ ਮਨਫ਼ੀ ਕਰਨਾ ਜਾਇਜ਼ ਨਹੀਂ। ਹੁਣ ਕੇਂਦਰੀ ਮੰਤਰੀ ਵੱਲੋਂ ਇਸ ਨੂੰ ਮਨਜ਼ੂਰੀ ਦੇ ਦੇਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫ਼ੈਸਲੇ ਦਾ ਸਵਾਗਤ ਕੀਤਾ ਗਿਆ ਹੈ।

## ਭਾਈ ਵਰਿਆਮ ਸਿੰਘ ਨਮਿਤ ਹੋਇਆ ਅੰਤਿਮ ਅਰਦਾਸ ਸਮਾਗਮ
## -ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਪੰਜੋਲੀ ਨੇ ਕੀਤੀ ਸ਼ਮੂਲੀਅਤ
## -ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭੇਜੇ ਸ਼ੋਕ ਸੰਦੇਸ਼

ਸ੍ਰੀ ਅੰਮ੍ਰਿਤਸਰ, ੨ ਜੂਨ : ੨੬ ਸਾਲ ਜੇਲ੍ਹ ਵਿਚ ਬੰਦੀ ਰਹੇ ਸਿੱਖ ਕੈਦੀ ਭਾਈ ਵਰਿਆਮ ਸਿੰਘ ਸਬੰਧੀ ਉੱਤਰ ਪ੍ਰਦੇਸ਼ ਦੇ ਪਿੰਡ ਬਰੀਬਾਰਾ ਵਿਖੇ ਹੋਏ ਅੰਤਿਮ ਅਰਦਾਸ ਸਮਾਗਮ ਮੌਕੇ ਉਨ੍ਹਾਂ ਦੇ ਸਪੁੱਤਰ ਸ. ਜਗਦੀਸ ਸਿੰਘ ਅਤੇ ਸ. ਜਸਵਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁੱਜੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਦੱਸਣਯੋਗ ਹੈ ਕਿ ਭਾਈ ਵਰਿਆਮ ਸਿੰਘ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ

ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸ਼ੋਕ ਸੰਦੇਸ਼ ਵੀ ਭੇਜੇ ਗਏ। ਕੋਰੋਨਾ ਵਾਇਰਸ ਕਾਰਨ ਸੰਖੇਪ ਰੂਪ ਵਿਚ ਕੀਤੇ ਗਏ ਅੰਤਿਮ ਅਰਦਾਸ ਸਮਾਗਮ ਦੌਰਾਨ ਕੇਵਲ ਭਾਈ ਵਰਿਆਮ ਸਿੰਘ ਦੇ ਪਰਿਵਾਰਕ ਮੈਂਬਰ ਤੇ ਕੁਝ ਚੋਣਵੇਂ ਨਜ਼ਦੀਕੀ ਹੀ ਸ਼ਾਮਲ ਹੋਏ। ਆਪਣੇ ਸ਼ੋਕ ਸੰਦੇਸ਼ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਭਾਈ ਵਰਿਆਮ ਸਿੰਘ ਨੂੰ ਸਿੱਖ ਕੌਮ ਦਾ ਹੀਰਾ ਆਖਿਆ। ਉਨ੍ਹਾਂ ਕਿਹਾ ਕਿ ਸਿੱਖ ਸੰਘਰਸ਼ ਅੰਦਰ ਭਾਈ ਸਾਹਿਬ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਜ਼ਿੰਦਗੀ ਦਾ ਲੰਮਾ ਸਮਾਂ ਜੇਲ੍ਹ ਵਿਚ ਬਤੀਤ ਕਰਦਿਆਂ ਸਿੱਖ ਸਿਧਾਂਤਾਂ 'ਤੇ ਪਹਿਰਾ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਸ਼ੋਕ ਸੰਦੇਸ਼ ਵਿਚ ਭਾਈ ਵਰਿਆਮ ਸਿੰਘ ਨੂੰ ਕੌਮ-ਪ੍ਰਸਤ ਆਖਿਆ। ਉਨ੍ਹਾਂ ਕਿਹਾ ਕਿ ਭਾਈ ਵਰਿਆਮ ਸਿੰਘ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ ਅਤੇ ਉਨ੍ਹਾਂ ਨੂੰ ਕੌਮ ਵੱਲੋਂ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਭਾਈ ਵਰਿਆਮ ਸਿੰਘ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਕਿਹਾ ਕਿ ਭਾਈ ਵਰਿਆਮ ਸਿੰਘ ਵਰਗੇ ਲੱਖਾਂ ਨੌਜਵਾਨਾਂ ਨੇ ਖ਼ਾਲਸਾ ਪੰਥ ਦੀ ਨਿਆਰੀ ਹੋਂਦ ਹਸਤੀ ਨੂੰ ਬਰਕਰਾਰ ਰੱਖਣ ਲਈ ਕੁਰਬਾਨੀਆਂ ਦਿੱਤੀਆਂ। ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਹਮੇਸ਼ਾਂ ਇਕੱਠੇ ਰਹਿਣਾ ਚਾਹੀਦਾ ਹੈ। ਇਸ ਮੌਕੇ ਜਥੇਦਾਰ ਪੰਜੋਲੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਵਰਿਆਮ ਸਿੰਘ ਦੇ ਪਰਿਵਾਰ ਨੂੰ ੫੧੦੦੦-/ ਹਜ਼ਾਰ ਰੁਪਏ ਦੀ ਸਹਾਇਤਾ ਦਾ ਚੈੱਕ ਸੌਂਪਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਬਾਬਾ ਬਲਬੀਰ ਸਿੰਘ ਮੁਖੀ ਬੁੱਢਾ ਦਲ, ਮਾਤਾ ਗੁਜਰੀ ਸਹਾਰਾ ਟਰੱਸਟ ਕਲਰਭੈਣੀ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਜਥੇਬੰਦੀਆਂ ਵੱਲੋਂ ਵੀ ਆਪਣੇ ਸ਼ੋਕ ਸਨੇਹੇ ਭੇਜੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਸ. ਬ੍ਰਿਜਪਾਲ ਸਿੰਘ, ਸ. ਸੁਰਿੰਦਰ ਸਿੰਘ ਸਮਾਣਾ, ਸਿੱਖ ਸਕਾਲਰ ਸ. ਜਗਜੀਤ ਸਿੰਘ ਪੰਜੋਲੀ, ਸ. ਜਸਬੀਰ ਪਟਿਆਲਾ ਆਦਿ ਮੌਜੂਦ ਸਨ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੦੯ ਮਾਰਚ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਗੁਰਦੁਆਰਾ ਸ੍ਰੀ ਗੰਗਸਰ ਸਾਹਿਬ (ਪਾ.੧੦ਵੀਂ) ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ, ਜੈਤੋ, ਜ਼ਿਲ੍ਹਾ ਫਰੀਦਕੋਟ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੂੰ ਸਮਰਪਿਤ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਤਹਿਤ ੨੦ ਫਰਵਰੀ, ੨੦੨੦ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੨੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

## ਮੋਹਾਲੀ ਵਿਖੇ ਅੰਮ੍ਰਿਤ-ਸੰਚਾਰ

ਭਾਈ ਰਾਜਪਾਲ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਅੰਬ ਸਾਹਿਬ, ਮੋਹਾਲੀ ਵਿਖੇ ੧੪ ਮਾਰਚ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ੧੪ ਪ੍ਰਾਣੀਆਂ ਨੇ ਖੰਡੇ-ਬਾਟੇ ਦੀ ਪਾਹੁਲ ਹਾਸਲ ਕੀਤੀ। ਇਸ ਦੌਰਾਨ ਸ. ਰਜਿੰਦਰ ਸਿੰਘ ਟੌਹੜਾ, ਮੈਨੇਜਰ ਗੁਰਦੁਆਰਾ ਅੰਬ ਸਾਹਿਬ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੧੪ ਮਾਰਚ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ੪੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ■